ਸਮੀਠਾਂ ਵਾਲੇ



ਰਾਮ ਸਰੂਪ ਅਣਖੀ

Scanned by CamScanner

ਜ਼ਮੀਨਾਂ ਵਾਲੇ

(ਨਾਵਲ)

Scanned by CamScanner

ਇਹ ਆਮ ਨਾਵਲਾਂ ਵਰਗਾ ਨਾਵਲ ਨਹੀਂ ਹੈ। ਨਾ ਇਸ ਦਾ ਕੋਈ ਨਾਇਕ ਹੈ, ਨਾ ਨਾਇਕਾ ਅਤੇ ਨਾ ਹੀ ਕੋਈ ਖਲਨਾਇਕ। ਪ੍ਰੰਪਰਿਕ ਨਾਵਲਾਂ ਵਾਂਗ ਇਸ ਦਾ ਕੋਈ ਗੁੰਦਵਾਂ ਪਲਾਟ ਵੀ ਨਹੀਂ। ਇਹ ਰਚਨਾ ਪਿੰਡ ਦੀਆਂ ਅੱਡ-ਅੱਡ ਜਾਤਾਂ ਦੇ ਸੱਤ-ਅੱਠ ਟੱਬਰਾਂ ਦੀ ਕਹਾਣੀ ਹੈ। ਇਕ ਪਰਿਵਾਰ ਦਾ ਦੂਜੇ ਪਰਿਵਾਰ ਨਾਲ ਕੋਈ ਖਾਸ ਸੰਬੰਧ ਵੀ ਨਹੀਂ। ਕਦੇ ਕਦੇ ਕੋਈ ਪਾਤਰ ਇਕ ਪਰਿਵਾਰ ਤੋਂ ਦੂਜੇ ਪਰਿਵਾਰ ਵਿਚ ਦਾਖ਼ਲ ਹੁੰਦਾ ਹੈ-ਉਹ ਵੀ ਥੋੜਾ-ਮੋਟਾ। ਹਾਂ, ਇਸ ਰਚਨਾ ਦਾ ਕੇਂਦਰ-ਬਿੰਦੂ ਇਕ ਪਿੰਡ ਜ਼ਰੂਰ ਹੈ। ਪਿੰਡ ਜੋ ਬਾਹਰ ਨੂੰ ਨਿਕਲ ਰਿਹਾ ਹੈ, ਪਿੰਡ ਜੋ ਅੰਦਰ ਨੂੰ ਸੁੰਗੜ ਰਿਹਾ ਹੈ। ਪਿੰਡ ਜੋ ਜਾਗ ਰਿਹਾ ਹੈ, ਪਿੰਡ ਜੋ ਮਰ ਰਿਹਾ ਹੈ-ਆਪਣੇ ਸਭਿਆਚਾਰ ਨੂੰ ਨਾਲ ਲੈ ਕੇ। ਕੀ ਬਣੇਗਾ ਇਸ ਪਿੰਡ ਦਾ, ਕੋਈ ਪਤਾ ਨਹੀਂ।

-ਲੇਖਕ

Scanned by CamScanner

1

ਉਸ ਦਿਨ ਐਤਵਾਰ ਸੀ। ਗਰਮੀ ਦਾ ਸਿਖਰ ਦੁਪਹਿਰਾ। ਛੁੱਟੀ ਹੋਣ ਕਰਕੇ ਉਹ ਘਰ ਹੀ ਸੀ। ਸਵੇਰੇ ਚਾਹ ਨਾਲ ਇਕ-ਇਕ ਵੇਸਣੀ ਰੋਟੀ ਸਭ ਨੇ ਖਾਧੀ ਸੀ। ਤੇ ਹੁਣ ਭੁੱਖ ਨਾਲ ਉਹਦਾ ਬੁਰਾ ਹਾਲ ਸੀ। ਉਹ ਮਾਂ ਨੂੰ ਉਡੀਕ ਰਿਹਾ ਸੀ। ਕਦੋਂ ਉਹ ਆਵੇ ਤੇ ਕਦੋਂ ਉਹਨੂੰ ਰੋਟੀ ਮਿਲੇ।

ਉਹ ਘਰ ਵਿਚ ਸਿਰਫ ਤਿੰਨ ਜਣੇ ਸਨ। ਉਹਦੀ ਮਾਂ, ਉਹਦੀ ਘਰਵਾਲੀ। ਇੱਕ ਉਹ ਆਪ ਅਤੇ ਚੌਥਾ ਜੀਅ ਸੀ ਉਹਨਾਂ ਦਾ ਪੁੱਤਰ, ਜੋ ਕੇਵਲ ਛੇ-ਸੱਤ ਵਰ੍ਹਿਆਂ ਦਾ ਸੀ ਅਤੇ ਸਕੂਲ ਜਾਂਦਾ।

ਉਸਦੀ ਘਰਵਾਲੀ ਨੇ ਰੋਟੀ ਪਕਾਈ ਸੀ ਅਤੇ ਦੋਵਾਂ ਮਾਂ ਪੁੱਤ ਨੇ ਖਾ ਲਈ ਸੀ। ਮੁੰਡਾ ਕਦੋਂ ਦਾ ਵਿਲਕੀ ਜਾਂਦਾ ਸੀ-ਭੁੱਖਾ ਭਾਣਾ। ਸਿਆਣਾ ਬੰਦਾ ਤਾਂ ਕੱਟ ਲੈਂਦਾ ਹੈ, ਜੁਆਕ ਤੋਂ ਭੁੱਖ ਨਹੀਂ ਝੱਲੀ ਜਾਂਦੀ। ਮਾਂ ਜਾਂਦੀ ਹੋਈ ਆਖ ਗਈ ਸੀ ਕਿ ਉਹ ਵਿਆਹ ਵਾਲੇ ਘਰੋਂ ਰੋਟੀ ਲੈ ਕੇ ਆਵੇਗੀ। ਵਿਆਹ ਵਾਲੇ ਘਰ ਦੀ ਰੋਟੀ ਚੰਗੀ ਬਣੀ ਹੁੰਦੀ ਹੈ। ਉਹ ਓਹੀ ਰੋਟੀ ਖਾਵੇ। ਤਰਸੇਮ ਨੇ ਵੀ ਇਹੀ ਸੋਚਿਆ ਸੀ ਕਿ ਘਰ ਦੀ ਰੋਟੀ ਨਿੱਤ ਖਾਂਦੇ ਹਾਂ, ਅੱਜ ਵਿਆਹ ਦੀ ਖਾਵਾਂਗੇ। ਮੂੰਹ ਦਾ ਸੁਆਦ ਬਦਲ ਜਾਵੇਗਾ। ਆਲੂ-ਪਕੌੜਿਆਂ ਦੀ ਤਿੱਖੀ ਸਬਜੀ ਹੋਵੇਗੀ, ਰੋਟੀਆਂ ਲੁਗ ਲੁਗ ਕਰਦੀਆਂ ਅਤੇ ਲੱਡੂ-ਜਲੇਬੀਆਂ ਵੀ।

ਸਰਦਾਰਗੜ੍ਹ ਛੋਟਾ ਹੀ ਪਿੰਡ ਸੀ। ਛੋਟੀਆਂ-ਛੋਟੀਆਂ ਸਿਰਫ ਪੰਜ ਪੱਤੀਆਂ ਸਨ। ਦੁੱਲੇ ਕੀ ਪੱਤੀ, ਬਾਸੋ ਕੀ ਪੱਤੀ, ਰੂੜੇ ਕੀ ਪੱਤੀ, ਦਿਆਲੇ ਕੀ ਪੱਤੀ ਅਤੇ ਨਰੈਣਾ ਪੱਤੀ। ਉਹਨਾਂ ਦਾ ਘਰ ਦੁੱਲੇ ਕੀ ਪੱਤੀ ਵਿਚ ਸੀ। ਉਹ ਜਾਤ ਦੇ ਬ੍ਰਹਿਮਣ ਸਨ। ਦੁੱਲੇ ਦੀ ਪੱਤੀ ਵਿਚ ਬ੍ਰਹਿਮਣਾਂ ਦਾ ਘਰ ਸਿਰਫ ਇੱਕੋ ਸੀ। ਇਕ ਘਰ ਤਰਖਾਣਾਂ ਦਾ ਸੀ ਅਤੇ ਇਕ ਘਰ ਦਰਜੀਆਂ ਦਾ। ਬਾਕੀ ਸਭ ਜੱਟ ਸਨ। ਜੱਟਾਂ ਦੇ ਤਾਂ ਚਾਲੀ ਘਰ ਸਨ। ਇਹ ਸਾਰੇ ਜੱਟ ਘਰ ਤਰਸੇਮ ਕੇ ਜਜਮਾਨ ਸਨ। ਤਰਖਾਣ ਅਤੇ ਦਰਜੀ ਵੀ ਉਹਨਾਂ ਨੂੰ ਪ੍ਰੋਹਤ ਹੀ ਸਮਝਦੇ। ਪਿੰਡ ਵਿਚ ਇਕ ਪੂਰੀ ਪੱਤੀ ਰਮਦਾਸੀਆਂ ਦੀ ਸੀ। ਇਹਨੂੰ ਪੱਤੀ ਨਹੀਂ ਆਖਦੇ ਸਨ, 'ਰਾਮਦਾਸੀਆਂ ਵਿਹੜਾ' ਬੋਲਦੇ। ਤਰਖਾਣ ਅਤੇ ਦਰਜੀ ਜੱਟਾਂ ਦੇ ਲਾਗੀ ਸਨ। ਹਰ ਘਰ ਦਾ ਵਗਾਰੀ ਹੁੰਦਾ। ਰਮਦਾਸੀਆਂ ਨੂੰ 'ਲਾਗੀ' ਦੀ ਥਾਂ 'ਵਗਾਰੀ' ਆਖਦੇ। ਅੰਦਰਗਤੀ ਬ੍ਰਾਹਿਮਣ ਵੀ ਉਹਨਾਂ ਦੇ ਲਾਗੀ ਹੀ ਸਨ। ਬਾਹਰੋਂ ਚਾਹੇ ਉਨ੍ਹਾਂ ਲਈ ਉਹ

Scanned by CamScanner

'ਪੰਡਤ ਜੀ' 'ਦੇਵਤਾ ਜੀ' 'ਬਾਬਾ' ਜਾਂ 'ਦਾਦਾ' ਜੀ ਸਨ। ਵਿਆਹਾਂ ਵੇਲੇ ਲਾਗੀਆਂ ਨਾਲ ਜੱਟਾਂ ਦੇ ਰੌਲੇ ਪਏ ਰਹਿੰਦੇ। ਕਦੇ ਰੋਟੀ ਪਿੱਛੇ, ਕਦੇ ਪੈਸਿਆਂ ਕਰਕੇ। ਲਾਗੀ ਰੁੱਸ ਜਾਂਦੇ ਅਤੇ ਫੇਰ ਜੱਟ ਉਹਨਾਂ ਨੂੰ ਮਨਾ ਕੇ ਘਰੋਂ ਲਿਆਉਂਦੇ। ਅਖੀਰ ਇਕ ਦਿਨ ਜੱਟਾਂ ਦੀ ਪੰਚਾਇਤ ਨੇ ਜੁੜ ਕੇ ਫੈਸਲਾ ਕੀਤਾ ਕਿ ਵਿਆਹ ਤੋਂ ਇਕ ਦਿਨ ਪਹਿਲਾਂ ਅਤੇ ਵਿਆਹ ਤੋਂ ਇਕ ਦਿਨ ਬਾਅਦ ਅਤੇ ਵਿਆਹ ਵਾਲੇ ਦਿਨ ਦੋਵਾਂ ਵੇਲਿਆਂ ਦੀ ਰੋਟੀ ਲਾਗੀਆਂ ਨੂੰ ਦਿੱਤੀ ਜਾਵੇਗੀ। ਦਾਲ ਸਬਜੀ ਜੋ ਵੀ ਬਣੀ ਹੋਵੇ, ਚਾਰ ਰੋਟੀਆਂ ਅਤੇ ਮਠਿਆਈ ਜੋ ਵੀ ਉਸ ਦਿਨ ਪਰੋਸੀ ਜਾਂਦੀ ਹੋਵੇ, ਮਠਿਆਈ ਨਹੀਂ ਤਾਂ ਖੀਰ-ਕੜਾਹ ਹੁੰਦਾ। ਇਹ ਵੀ ਫੈਸਲਾ ਕੀਤਾ ਗਿਆ ਕਿ ਹਰ ਲਾਗੀ ਨੂੰ ਵਿਆਹ ਦੇ ਛੀ ਰੁਪਏ ਲਾਗ ਦਿੱਤਾ ਜਾਵੇਗਾ।

ਥਾਲੀ ਵਿਚ ਵਾਟੀ ਰੱਖ ਕੇ ਅਤੇ ਉੱਤੇ ਪੋਣਾ ਦੇ ਕੇ ਬੇਬੇ ਕਿਨ੍ਹਾਂ ਵੇਲਿਆਂ ਦੀ ਭਗਵਾਨ ਸੂੰ ਦੇ ਘਰ ਗਈ ਹੋਈ ਸੀ। ਤਰਸੇਮ ਉਹਨੂੰ ਉਡੀਕ ਉਡੀਕ ਅੱਕਲਕਾਣ ਹੋ ਗਿਆ। ਕੁੜੀ ਦਾ ਵਿਆਹ ਸੀ। ਕੁੜੀ ਕੱਲ ਤੁਰੀ ਸੀ। ਅੱਜ ਵਿਆਹ ਦਾ ਦੂਜਾ ਦਿਨ ਸੀ। ਸਾਰਾ ਮੇਲ-ਗੇਲ ਓਥੇ ਹੀ ਸੀ। ਆਥਣ ਤੱਕ ਕੁੜੀ ਨੇ ਸਹੁਰਿਆਂ ਤੋਂ ਮੁੜ ਆਉਣਾ ਸੀ। ਤਰਸੇਮ ਦੁਪਹਿਰ ਦੀ ਰੋਟੀ ਖਾ ਕੇ ਐਤਵਾਰ ਵਾਲੇ ਦਿਨ ਦੋ ਘੰਟਿਆਂ ਲਈ ਸੌਂ ਜਾਂਦਾ ਹੁੰਦਾ। ਉਹਨੂੰ ਤਾਂ ਨੀਂਦ ਵੀ ਆਉਣ ਲੱਗ ਪਈ ਸੀ। ਚਾਹੁੰਦਾ ਸੀ, ਬੇਬੇ ਆਵੇ, ਉਹ ਰੋਟੀ ਖਾਵੇ ਅਤੇ ਸੌਂ ਜਾਵੇ! ਦਰਵਾਜ਼ੇ ਵਿਚ ਮੰਜਾ ਡਾਹ ਕੇ ਪਿਆ ਉਹ ਕੰਧਾਂ ਵਲ ਝਾਕਦਾ। ਕਦੇ ਛੱਤ ਦੀਆਂ ਕੜੀਆਂ ਗਿਣਨ ਲੱਗਦਾ ਪਰ ਛੇਤੀ ਹੀ ਉਹਦੀ ਨਿਗਾਹ ਵੀਹੀ ਵਲ ਤੁਰ ਪੈਂਦੀ। ਗਲੀ ਦੇ ਮੋੜ ਉੱਤੇ ਉਹਦੀ ਬੇਬੇ ਦੇ ਭੁੱਚਕੇ ਪੈਂਦੇ। ਅੰਦਰ ਵਰਾਂਢੇ ਵਿਚ ਉਹਦੀ ਘਰਵਾਲੀ ਕੋਈ ਨਿੱਕਾ ਮੋਟਾ ਕੰਮ ਕਰ ਰਹੀ ਸੀ। ਮੁੰਡਾ ਨਰੇਸ਼ ਧਰਤੀ ਉੱਤੇ ਟਰੈਕਟਰ ਟਰਾਲੀ ਦੇ ਖਿਡੌਣੇ ਨਾਲ ਖੇਡ ਰਿਹਾ ਸੀ। ਉਹਦੇ ਮੂੰਹ ਤੋਂ ਧੁੱਕ ਧੁੱਕ ਦੀ ਪਤਲੀ ਤਿੱਖੀ ਆਵਾਜ਼ ਨਿੱਕਲ ਰਹੀ ਸੀ। ਤਰਸੇਮ ਨੇ ਪਏ -ਪਏ ਹੀ ਆਵਾਜ਼ ਮਾਰੀ,

''ਕੀ ਗੱਲ, ਬੇਬੇ ਮੁੜੀ ਨਾ?''

ਕੀ ਆਖਿਆ?''ਘਰਵਾਲੀ ਹਥਲਾ ਕੰਮ ਛੱਡ ਕੇ ਉਹਦੇ ਕੋਲ ਦਰਵਾਜ਼ੇ ਵਿਚ ਆ ਖੜ੍ਹੀ।

''ਬੇਬੇ? ਭੁੱਖ ਤਾਂ ਮਰੀ ਜਾਂਦੀ ਐ। ਫੇਰ ਹੁਣ ਕਿਹੜੇ ਵੇਲੇ ਖਾਵਾਂਗੇ ਰੋਟੀ?''

''ਬੱਸ ਆਉਂਦੀ ਹੋਣੀਐ।''

''ਕਿੰਨਾ ਚਿਰ ਤਾਂ ਹੋ ਗਿਆ। ਘੰਟੇ ਤੋਂ ਉੱਤੇ ਹੋ ਗਿਆ ਹੋਣੈ ਗਈ ਨੂੰ।'' ਤਰਸੇਮ ਨੇ ਆਪਣੀ ਘੜੀ ਵਲ ਦੇਖਿਆ।

Scanned by CamScanner

''ਮੈਂ ਕਿਹਾ ਤਾਂ ਸੀ, ਦੋ ਰੋਟੀਆਂ ਹੋਰ ਲਾਹ ਦਿੰਨੀ ਆਂ। ਖਾ ਲੈਂਦੇ। ਪਰ ਤੁਸੀਂ ਕਹਿੰਦੇ ਵਿਆਹ ਆਲੀ ਖਾਣੀ ਐ।'' ਸੀਤੋ ਹੱਸਣ ਲੱਗੀ।

''ਸਬਜੀ ਕਾਹਦੀ ਬਣੀ ਐ?''

''ਦਾਲ ਸਬਜੀ ਤਾਂ ਕੋਈ ਨ੍ਹੀ। ਅਸੀਂ ਤਾਂ ਹਰੇ ਗੰਢਿਆਂ ਦੀ ਚਟਨੀ ਰਗੜੀ ਸੀ। ਤੱਤੀਆਂ ਤੱਤੀਆਂ ਰੋਟੀਆਂ 'ਤੇ ਰੱਖ ਕੇ ਖਾ ਲੀ, ਦੋਵੇਂ ਮਾਂ-ਪੁੱਤ ਨੇ। ਮਖਣੀ ਪਈ ਸੀ। ਬਲਾਈਂ ਸੁਆਦ ਲਗੀ ਰੋਟੀ। ਉੱਤੋਂ ਦੀ ਖੱਟੀ ਲੱਸੀ ਦੇ ਗਲਾਸ ਠੋਕ ਲੇ। ਚੱਕ ਮੇਰੇ ਭਾਈ।'' ਸੀਤੋ ਫੇਰ ਹੱਸੀ।

ਤਰਸੇਮ ਦੇ ਮੂੰਹ ਵਿਚ ਪਾਣੀ ਆ ਗਿਆ। ਉਹ ਮੰਜੇ ਤੋਂ ਉਠਿਆ। ਜੋੜੇ ਪਾਏ। ਸਿਰ ਉੱਤੇ ਭਵੱਟਾ ਬੰਨ੍ਹਿਆ। ਦਰਵਾਜ਼ੇ ਵਿਚੋਂ ਬਾਹਰ ਹੋ ਗਿਆ। ਵੀਹੀ ਪਾਰ ਕਰਕੇ ਉਹ ਭਗਵਾਨ ਸੂੰ ਦੇ ਘਰ ਵਲ ਨੂੰ ਹੋ ਗਿਆ। ਨੇੜੇ ਹੀ ਸੀ। ਗਲੀ ਦੇ ਮੋੜ ਤੋਂ ਪੰਜ ਸੱਤ ਘਰ ਛੱਡ ਕੇ ਹੀ। ਵਿਆਹ ਵਾਲੇ ਘਰ ਸਾਹਮਣੇ ਜੂਠ ਖਾਂਦੇ ਕੁੱਤੇ ਆਪਸ ਵਿਚ ਲੜ ਰਹੇ ਸਨ। ਭੌਂਕਦੇ, ਦੰਦੀਆਂ ਵੱਢਦੇ ਅਤੇ ਇਕ ਦੂਜੇ ਉੱਤੇ ਝਪਟ ਝਪਟ ਪੈਂਦੇ। ਬਾਰ ਰੋਕੀਂ ਖੜ੍ਹੇ ਸਨ ਲਾਗੀ। ਘੁੱਕਰ ਰਾਮਦਾਸੀਏ ਦੀ ਘਰਵਾਲੀ ਖੜ੍ਹੀ ਸੀ। ਤਖਾਣਾਂ ਦੀ ਜੈਕੁਰ ਅਤੇ ਦਰਜ਼ੀਆਂ ਦਾ ਬੁੜ੍ਹਾ ਆਸਾ ਸੂੰ। ਓਥੇ ਹੀ ਸੀ ਤਰਸੇਮ ਦੀ ਮਾਂ ਪ੍ਰਸਿੰਨੀ। ਉਹਨੇ ਦੇਖਿਆ, ਉਹਦੀ ਮਾਂ ਭਗਵਾਨ ਸੂੰ ਦੇ ਵੱਡੇ ਮੁੰਡੇ ਜਰਨੈਲ ਦੀਆਂ ਲੇਲ੍ਹੜੀਆਂ ਜਿਹੀਆਂ ਕੱਢ ਰਹੀ ਸੀ। ''ਵੇ ਭਾਈ ਜੈਲਿਆ, ਸਾਡਾ ਮਾਸਟਰ ਤਾਂ ਤੜ੍ਹਕੇ ਦਾ ਭੁੱਖਾ ਬੈਠੈ। ਆਹ ਵੇਲਾ ਆ ਗਿਆ। ਰੋਟੀ ਲੈ ਕੇ ਜਾਊਂ ਤਾਂ ਕਿਤੇ ਜਾ ਕੇ ਖਾਊ ਉਹ। ਪਹਿਲਾਂ ਮੈਨੂੰ ਤੋਰ ਦੇ, ਫੇਰ ਜੋ ਮਰਜੀ ਕਰੀਂ ਜਾਇਓ।''

ਜਰਨੈਲ ਆਖ ਰਿਹਾ ਸੀ, '' ਅੰਮਾਂ, ਬਿੰਦ ਜਰਿਆਂਦ ਕਰ। ਪਹਿਲਾਂ ਮੇਲ-ਗੇਲ ਖਾ ਲਵੇ। ਥੋਨੂੰ ਸਭ ਨੂੰ ਫੇਰ ਦੇਵਾਂਗੇ ਰੋਟੀ।''

''ਵੇ ਭਾਈ, ਮੈਂ ਤਾਂ ਖੜ੍ਹੀ ਵੀ ਥੱਕ ਗੀ। ਮੇਰੀਆਂ ਤਾਂ ਟੰਗਾਂ ਝਰਨ ਝਰਨ ਕਰੀਂ ਜਾਂਦੀਆਂ ਨੇ। ਵਿੱਚੇ ਮੇਲ-ਗੇਲ ਖਾਈਂ ਜਾਊ। ਸਾਨੂੰ ਵੀ ਤੋਰੋ ਪਰ੍ਹਾਂ।''

''ਕਾਹਲ ਨਾ ਕਰ, ਅੰਮਾਂ। ਥੱਕ ਗੀ ਤਾਂ ਫੇਰ ਆ ਜੀਂ। ਜਾਹ, ਘਰ ਦਾ ਗੇੜਾ ਮਾਰ ਇਆ ਇਕ।'' ਕਹਿ ਕੇ ਉਹ ਵਿਹੜੇ ਵਲ ਤੁਰ ਗਿਆ।

ਐਨੇ ਨੂੰ ਪਰਲੇ ਅਗਵਾੜ ਤੋਂ ਮਿਰਾਸੀ ਮਤਹਿਰਾ ਲੈ ਕੇ ਆ ਖੜ੍ਹੇ। ਬੁੱਢਾ ਬੋਲ ਰਿਹਾ ਸੀ, ''ਅੱਲਾ ਖੈਰ, ਪਰਭਾ ਦੀ ਖੈਰ, ਪਰਮਾਤਮਾ ਵਧਾਵੇ, ਬਣੇ ਰਹੋ।'' ਉਹਦਾ ਛੋਟੀ ਉਮਰ ਦਾ ਮੁੰਡਾ ਮਗਰ ਮਗਰ ਬੋਲਣ ਲੱਗਿਆ, ''ਅੱਲਾ ਖੈਰ, ਪਰਭਾ ਦੀ ਖੈਰ, ਪਰਮਾਤਮਾ ਵਧਾਵੇ, ਬਣੇ ਰਹੋ।''

Scanned by CamScanner

ਆਸਾ ਸੂੰ ਦਰਜੀ ਹੱਸਣ ਲੱਗ ਪਿਆ, ''ਸਾਨੂੰ ਤਾਂ ਮਿਲੀ ਨ੍ਹੀ ਰੋਟੀ, ਅਸੀਂ ਤਾਂ ਖੜ੍ਹੇ ਆਂ ਕਦੋਂ ਦੇ, ਥੋਨੂੰ ਕਿਹੜਾ ਪਰੋਸੂ ਬਈ ਥਾਲੀਆਂ?''

ਮਿਰਾਸੀ ਨੇ ਜੁਆਬ ਦਿੱਤਾ, ''ਅੱਲਾ ਖੈਰ।'' ਇਸ ਵਾਰ ਦੀ ''ਅੱਲਾ ਖੈਰ'' ਉੱਤੇ ਸਾਰੇ ਲਾਗੀ ਮੁਸਕੜੀਏਂ ਹੱਸਣ ਲੱਗੇ।

ਬਿੰਦ ਦੀ ਬਿੰਦ ਜਿਵੇਂ ਸਾਰਿਆਂ ਦਾ ਥਕੇਵਾਂ ਉਤਰ ਗਿਆ ਹੋਵੇ। ਤਰਸੇਮ ਨੂੰ ਕਚਿਆਣ ਆਈ। ਭਗਵਾਨ ਸੂੰ ਦੇ ਬਾਰ ਅੱਗੇ ਖੜ੍ਹਾ ਜਿਵੇਂ ਉਹ ਆਪ ਵੀ ਕੋਈ ਲਾਗੀ ਤੱਥੀ ਹੋਵੇ।

ਉਹ ਐਮ. ਏ, ਬੀ. ਐੱਡ, ਮਾਸਟਰ ਸੀ। ਪਿੰਡ ਤੋਂ ਪੰਜ ਮੀਲ ਦੂਰ ਹਾਈ ਸਕੂਲ ਵਿਚ ਪੜ੍ਹਾਉਂਦਾ ਸੀ। ਸਾਈਕਲ ਉੱਤੇ ਨਿੱਤ ਆਉਣ ਜਾਣ ਸੀ। ਬਚਪਨ ਵਿਚ ਉਹਨੂੰ ਉਹਦੇ ਇਕ ਪ੍ਰਾਇਮਰੀ ਅਧਿਆਪਕ ਤੋਂ ਸਿੱਖਿਆ ਮਿਲੀ ਸੀ ਕਿ ਦੇਵਤੇ ਅਤੇ ਭੂਤ ਪ੍ਰੇਤ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਮਨੁੱਖ ਕਿਸੇ ਰੁੱਖ ਵਾਂਗ ਜੰਮਦਾ ਹੈ। ਜਿੰਨਾਂ ਚਿਰ ਉਹਨੂੰ ਸਹੀ ਖੁਰਾਕ ਮਿਲਦੀ ਰਹਿੰਦੀ ਹੈ। ਉਹ ਜਿਉਂਦਾ ਰਹਿੰਦਾ ਹੈ। ਜਿਵੇਂ ਜੜ੍ਹਾਂ ਸੁੱਕ ਜਾਣ ਉੱਤੇ ਰੁੱਖ ਡਿੱਗ ਪੈਂਦਾ ਹੈ ਜਾਂ ਖੜ੍ਹਾ ਖੜ੍ਹਾ ਹੀ ਸੁੱਕ ਜਾਂਦਾ ਹੈ। ਇਵੇਂ ਹੀ ਮਨੁੱਖੀ ਸਰੀਰ ਹੈ। ਮਨੁੱਖ ਨਾ ਕਿਧਰੋਂ ਆਉਂਦਾ ਹੈ ਨਾ ਮੌਤ ਬਾਅਦ ਕਿਧਰੇ ਜਾਂਦਾ ਹੈ। ਇਥੇ ਹੀ ਪੈਦਾ ਹੋ ਕੇ ਇਥੇ ਹੀ ਮਰ ਜਾਂਦਾ ਹੈ। ਤਰਸੇਮ ਜਦੋਂ ਵੱਡਾ ਹੋਇਆ ਅਤੇ ਬੀ.ਏ. ਕਰ ਗਿਆ ਤਾਂ ਉਹਨੂੰ ਹੋਰ ਦੀ ਸੋਝੀ ਆਈ। ਉਹਨੇ ਮਾਰਕਸਵਾਦ ਦਾ ਅਧਿਐਨ ਵੀ ਕੀਤਾ। ਮਨੁੱਖ ਦੇ ਸਭਿਆਚਾਰਕ ਇਤਿਹਾਸ ਬਾਰੇ ਜਾਣਿਆ। ਧਰਮਾਂ ਬਾਰੇ ਉਹਨੂੰ ਚਾਨਣ ਹੋਇਆ। ਭਗਤ ਸਿੰਘ ਦੀ ਕਿਤਾਬ ''ਮੈਂ ਨਾਸਤਕ ਕਿਉਂ ਹਾਂ?'' ਨੇ ਉਹਦੇ ਕਿਵਾੜ ਖੋਲ੍ਹ ਦਿੱਤੇ। ਫੇਰ ਤਾਂ ਉਹ ਰੱਬ ਦੀ ਹੋਂਦ ਤੋਂ ਵੀ ਮੁਨਕਰ ਹੋ ਗਿਆ। ਪੱਕਾ ਨਾਸਤਕ। ਇਹ ਜਜਮਾਨੀ ਪ੍ਰੋਹਤੀ ਉਹਨੂੰ ਨਿਰਮੂਲ ਲਗਦੀ। ਜੱਟਾਂ ਦੇ ਪਾਖੰਡ ਵੀ ਉਹਨੂੰ ਸਮਝ ਵਿਚ ਆਉਣ ਲੱਗੇ। ਜੱਟ ਉੱਤੋਂ ਤਾਂ ਉਹਨੂੰ 'ਮਾਰਾਜ' ਬਲਾਉਂਦੇ, ਵਿਚੋਂ ਲਾਗੀ ਸਮਝਦੇ। ਮੰਗ ਖਾਣੀ ਜਾਤ ਆਖਦੇ। ਬਾਮ੍ਹਣ ਤੇ ਝੋਟਾ ਤੜਕੇ ਤੜਕੇ ਮੱਥੇ ਲੱਗਿਆ ਮਾੜਾ ਗਿਣਦੇ। ਬਾਮ੍ਹਣਾਂ ਦੇ ਘਰ ਨੂੰ ਦਾਨ-ਪੁੰਨ ਦੀਆਂ ਚੀਜ਼ਾਂ ਦੇ ਕੇ ਆਪਣੇ ਪਾਪ ਬਖ਼ਸ਼ਾਉਂਦੇ, ਗ੍ਰਹਿ ਟਾਲਦੇ। ਤਰਸੇਮ ਇਹ ਸਭ ਸਮਝਦਾ ਸੀ ਅਤੇ ਇਸ ਸਭ ਕਾਸੇ ਨੂੰ ਨਫ਼ਰਤ ਕਰਦਾ।

ਸੀਤੋ ਅਨਪੜ੍ਹ ਸੀ। ਨੂੰਹ ਸੱਸ ਦੀ ਚੰਗੀ ਬਣਦੀ। ਉਹ ਜਜਮਾਨਾਂ ਦੇ ਘਰਾਂ ਨੂੰ ਆਪਣੀ ਜਾਇਦਾਦ ਸਮਝਦੀਆਂ। ਤਰਸੇਮ ਕਿੰਨੀ ਵਾਰ ਮਾਂ ਨੂੰ ਵਰਜ ਚੁੱਕਿਆ ਸੀ। ਸੀਤੋ ਨੂੰ ਕਿੰਨੀ ਵਾਰ ਝਿੜਕ ਚੁੱਕਿਆ ਸੀ, ਪਰ ਉਹ ਜੱਟਾਂ ਦੇ ਘਰਾਂ ਦਾ ਦਾਨ-ਪੁੰਨ ਲੈਣੋਂ

Scanned by CamScanner

ਹਟਦੀਆਂ ਨਹੀਂ ਸੀ। ਤਰਸੇਮ ਥੱਕ ਹਾਰ ਗਿਆ। ਉਹਦੀ ਕੋਈ ਨਹੀਂ ਮੰਨਦਾ ਸੀ। ਨੂੰਹ ਸੱਸ ਆਪਣੀ ਗੱਲ ਪੁਗਾਉਂਦੀਆਂ।

ਤਰਸੇਮ ਦਾ ਜਦੋਂ ਵਿਆਹ ਹੋਇਆ, ਉਹ ਸਿਰਫ਼ ਦਸਵੀਂ ਪਾਸ ਸੀ। ਵਿਆਹ ਤੋਂ ਬਾਅਦ ਹੀ ਉਹਨੇ ਜੇ. ਬੀ. ਟੀ. ਕੀਤੀ ਅਤੇ ਪ੍ਰਾਇਮਰੀ ਮਾਸਟਰ ਲੱਗ ਗਿਆ। ਫੇਰ ਐਫ. ਏ, ਬੀ. ਏ. ਪ੍ਰਾਈਵੇਟ ਕੀਤੀ। ਬੀ. ਐਡ ਵੀ ਕਰ ਲਈ ਅਤੇ ਫੇਰ ਐਮ. ਏ, ਪੁਲਿਟੀਕਲ ਸਾਇੰਸ ਵੀ ਕਰ ਗਿਆ। ਉਹਦੀ ਤਨਖਾਹ ਨਾਲ ਘਰ ਦਾ ਚੰਗਾ ਗੁਜ਼ਾਰਾ ਚਲਦਾ। ਤਿੰਨ ਤਾਂ ਜੀਅ ਸਨ, ਚੌਥਾ ਸੁਰੇਸ਼। ਨੂੰਹ-ਸੱਸ ਜੇ ਜੱਟਾਂ ਦੀ ਜਜਮਾਨੀ ਪ੍ਰਹੋਤੀ ਨਾ ਕਰਦੀਆਂ ਤਾਂ ਵੀ ਸਰ ਸਕਦਾ ਸੀ। ਪਰ ਉਹ ਬੇਬੱਸ ਸੀ। ਅਖੀਰ ਸਮਝੌਤਾ ਜਿਹਾ ਕਰਦਿਆਂ ਕਿ ਚਲੋ ਜਿਵੇਂ ਚਲਦਾ ਹੈ, ਚਲੀ ਜਾਣ ਦਿਓ, ਉਹਨੇ ਦ੍ਰਿੜ ਨਿਸ਼ਚਾ ਕੀਤਾ ਕਿ ਉਹ ਆਪਣੇ ਪੁੱਤਰ ਸੁਰੇਸ਼ ਨੂੰ ਕਾਫ਼ੀ ਸਾਰਾ ਪੜ੍ਹਾਵੇਗਾ। ਉਹਨੂੰ ਕੋਈ ਚੰਗੀ ਨੌਕਰੀ ਮਿਲੇਗੀ ਅਤੇ ਫਰੇ ਉਹ ਇਹਨਾਂ ਜਜਮਾਨਾਂ ਦੇ ਘਰਾਂ ਤੋਂ ਛੁਟਕਾਰਾ ਪਾ ਲਵੇਗਾ। ਪਿੰਡੋਂ ਹੀ ਨਿੱਕਲ ਜਾਵੇਗਾ। ਉਹਦੇ ਆਪਣੇ ਵਾਂਗ ਬ੍ਰਾਹਮਣੀ ਨਰਕ ਨਹੀਂ ਭੋਗੇਗਾ।

ਉਹਨਾਂ ਕੋਲ ਜ਼ਮੀਨ ਨਹੀਂ ਸੀ। ਜਦੋਂ ਕਿ ਪਿੰਡ ਵਿਚ ਹੋਰ ਬਾਮ੍ਹਣਾਂ ਦੇ ਘਰਾਂ ਕੋਲ ਜ਼ਮੀਨਾਂ ਸਨ। ਕਿਸੇ ਕੋਲ ਥੋੜ੍ਹੀ, ਕਿਸੇ ਕੋਲ ਬਹੁਤੀ। ਤਰਸੇਮ ਦਾ ਪਿਤਾ ਹਿੰਦੀ ਪੜ੍ਹਿਆ ਹੋਇਆ ਸੀ। ਹਿੰਦੀ ਦੀ ਪੜ੍ਹਾਈ ਉਹਨੇ ਆਲਾ ਸਿੰਘ ਵਾਲਾ ਦੇ ਰਿਸ਼ੀਕੁਲ ਸਕੂਲ ਵਿਚੋਂ ਕੀਤੀ। ਓਥੇ ਹੀ ਪੱਤਰਾ ਵਾਚਣ ਲੱਗ ਪਿਆ। ਫੇਰ ਤਾਂ ਪਿੰਡ ਵਿਚ ਉਹਦੀ ਵੱਡੀ ਕਮਾਈ ਸੀ। ਪਿੰਡ ਦੀਆਂ ਬੁੜ੍ਹੀਆਂ ਉਹਦੀਆਂ ਪੱਕੀਆਂ ਗਾਹਕ ਸਨ। ਘਰ ਵਿਚ ਪੱਤਰਾ ਵੇਖਦਾ, ਜੱਟਾਂ ਦੇ ਘਰ ਜਾ ਕੇ ਵੀ। ਦਾਣਿਆਂ ਦੇ ਢੇਰ ਲੱਗੇ ਰਹਿਣੇ। ਗੁੜ, ਘਿਓ, ਦੁੱਧ, ਖੱਦਰ ਦੇ ਟੋਟੇ, ਬਹੁਤ ਕਮਾਈ ਸੀ, ਤਰਸੇਮ ਦੇ ਪਿਤਾ ਪੰਡਤ ਬਾਲਕ ਰਾਮ ਨੂੰ।

ਪੰਡਤ ਬਾਲਕ ਰਾਮ ਨੇ ਆਪਣੇ ਪੁੱਤਰ ਤਰਸੇਮ ਉੱਤੇ ਬਹੁਤ ਵੱਡਾ ਅਹਿਸਾਨ ਕੀਤਾ ਕਿ ਉਹਨੂੰ ਵਿਰਾਸਤ ਵਿਚ ਜੰਤਰੀ ਨਹੀਂ ਦਿੱਤੀ ਪਰ ਦਸਵੀਂ ਜਮਾਤ ਤੱਕ ਪੜ੍ਹਾ ਦਿੱਤਾ।

ਉਹ ਕਾਹਲ ਨਾਲ ਭਗਵਾਨ ਸੂੰ ਦੇ ਘਰ ਅੱਗਿਓਂ ਵਾਪਸ ਮੁੜ ਆਇਆ। ਹੌਲੀ ਹੌਲੀ ਤੁਰਦਾ ਦਰਵਾਜ਼ੇ ਵਿਚ ਆ ਕੇ ਮੰਜੇ ਉੱਤੇ ਪੈ ਗਿਆ। ਹੁਣ ਉਹ ਚਾਹੁੰਦਾ ਸੀ ਕਿ ਸੀਤੋ ਉਹਦੇ ਲਈ ਘਰੇ ਹੀ ਰੋਟੀ ਪਕਾ ਦੇਵੇ ਤੇ ਉਹ ਖਾ ਲਵੇ। ਵਿਆਹ ਦੀ ਰੋਟੀ ਦਾ ਕੀ ਖਾਣਾ। ਉਹ ਤਾਂ ਮੰਗਤਿਆਂ ਵਾਲੀ ਰੋਟੀ ਹੈ। ਕੁੱਤੇ ਜਿਵੇਂ ਜੂਠ ਉੱਤੇ ਲੜ ਰਹੇ ਸਨ, ਲਾਗੀਆਂ ਲਈ ਵੀ ਉਹ ਜੂਠ ਹੀ ਹੈ। ਜੂਠ ਤਾਂ ਹੈ, ਹੋਰ ਕੀ ਹੈ। ਮੇਲ-ਗੇਲ ਦੇ ਖਾਣ

Scanned by CamScanner

ਪਿੱਛੋਂ ਬਚੀ ਹੋਈ ਰੋਟੀ ਦੇਣਗੇ ਲਾਗੀਆਂ ਨੂੰ। ਬਹੁਤ ਵੱਡਾ ਅਹਿਸਾਨ ਕਰਨਗੇ। ਲਾਗੀ ਭਰਮ ਪਾਲ ਰਹੇ ਨੇ ਕਿ ਇਹ ਰੋਟੀ ਉਹਨਾਂ ਦਾ ਹੱਕ ਹੈ। ਹੂੰ, ਮਾਂ ਜਾਇਦਾਦ ਵੰਡਾਉਣ ਗਈ ਹੈ। ਅਖੇ, ਜਜਮਾਨ ਆਪਣੀ ਜਾਇਦਾਦ ਨੇ ਭਾਈ।

''ਚਟਣੀ ਬਚੀ ਨ੍ਹੀ ਪਈ?'' ਤਰਸੇਮ ਨੇ ਉੱਚਾ ਬੋਲ ਕੱਢਕੇ ਸੀਤੋ ਨੂੰ ਪੁੱਛਿਆ।

''ਹੋਣੀ ਐ, ਦੇਖਦੀ ਆਂ।''

''ਦੋ ਰੋਟੀਆਂ ਲਾਹ ਦੇ ਮੈਨੂੰ। ਚਟਣੀ ਨਾਲ ਖਾ ਲੈਨਾਂ। ਬੇਬੇ ਦਾ ਕੀ ਪਤੈ।''

''ਚੰਗਾ ਜੀ, ਬੱਸ ਉਠਦੀ ਆਂ।''

ਸੀਤੋ ਨੇ ਚੁੱਲੇ ਅੱਗ ਬਾਲ ਲਈ ਸੀ, ਜਦੋਂ ਨੂੰ ਬੇਬੇ ਚੁੱਪ-ਚੁਪੀਤੀ ਜਿਹੀ ਦਰਵਾਜ਼ੇ ਵਿਚ ਆ ਖੜ੍ਹੀ। ਥਾਲੀ ਪੋਣੇ ਨਾਲ ਢਕੀ ਹੋਈ ਸੀ। ਉਹ ਤਰਸੇਮ ਵਲ ਝਾਕਣ ਲਗੀ। ਉਹ ਪਿੱਠ ਕਰੀਂ ਪਿਆ ਹੋਇਆ ਸੀ, ਪਰ ਉਹਨੂੰ ਬੇਬੇ ਆਈ ਦਾ ਪਤਾ ਲੱਗ ਗਿਆ।

''ਖਾਲੀ ਥਾਲੀ ਲਿਆ ਭਾਈ, ਪਾ ਦੇ ਤਰਸੇਮ ਨੂੰ।''

ਬੇਬੇ ਬੇਹਿਸ ਹੋਈ ਖੜ੍ਹੀ ਸੀ। ਬੁੜ ਬੁੜ ਵੀ ਕਰੀ ਜਾਂਦੀ ਸੀ, ''ਜੱਟ ਟੁੱਟ ਜਾਣੇ, ਤਰਸਾ ਤਰਸਾ ਰੋਟੀ ਦੇਣਗੇ।'' ਬੋਲੀ, ''ਚੁੱਲੇ 'ਚ ਅੱਗ ਮੱਚੀਂ ਜਾਂਦੀ ਐ, ਕੀ ਗੱਲ?''

''ਤੈਨੂੰ ਡੀਕ ਡੀਕ ਮੈਂ ਤਾਂ ਫੇਰ ਰੋਟੀ ਲਾਹੁਣ ਲੱਗੀ ਸੀ। ਤੇਰਾ ਪੁੱਤ ਕਹਿੰਦਾ, ਹੁਣ ਘਰੇ ਈ ਪਕਾ ਦੇ। ਚਟਣੀ ਨਾਲ ਈ ਖਾ ਲੈਨਾਂ।''

''ਹੋਰ ਭਾਈ ਮੁੰਡੇ ਦਾ ਵੀ ਕੀ ਦੋਸ ਐ। ਕਦੋਂ ਦਾ ਭੁੱਖਾ ਬੈਠੈ। ਪਰ ਚਲ, ਉਹ ਜਾਣੇ, ਹੁਣ ਤਾਂ ਆਗੀ ਮੈਂ।'' ਉਹ ਪੋਣੇ ਨਾਲ ਢਕੀ ਥਾਲੀ ਸੀਤੋ ਨੂੰ ਫੜਾ ਰਹੀ ਸੀ ਕਿ ਤਰਸੇਮ ਦਰਵਾਜ਼ੇ ਵਿਚੋਂ ਛਾਂ ਵਾਂਗ ਉੱਠਕੇ ਉਹਨਾਂ ਕੋਲ ਆ ਖੜਾ। ਉਹ ਚੁੱਪ ਸੀ। ਅੱਖਾਂ ਵਿਚ ਗਹਿਰ ਸੀ। ਤਰਸੇਮ ਨੇ ਮਾਂ ਦੇ ਹੱਥੋਂ ਥਾਲੀ ਫੜੀ ਨਹੀਂ ਜਿਵੇਂ ਖੋਹੀ ਹੋਵੇ। ਸਣੇ ਪੋਣਾ ਉਹਨੇ ਥਾਲੀ ਵਿਹੜੇ ਦੀ ਕੰਧ ਨਾਲ ਵਗਾਹ ਮਾਰੀ। ਪੋਣਾ ਤਾਂ ਥਾਂ ਦੀ ਥਾਂ ਡਿੱਗ ਪਿਆ। ਥਾਲੀ ਤੇ ਵਾਟੀ ਨੇ ਖੜਕਾ ਕੀਤਾ। ਰੋਟੀਆਂ, ਲੱਡੂ, ਸਬਜੀ ਕੰਧ ਨਾਲ ਵੱਜ ਕੇ ਧਰਤੀ ਉੱਤੇ ਪਏ ਅਦਭੁੱਤ ਦ੍ਰਿਸ਼ ਪੇਸ਼ ਕਰ ਰਹੇ ਸਨ। ਆਲੂ ਦੀਆਂ ਫਾੜੀਆਂ ਵੱਖ ਅਤੇ ਪਕੌੜਿਆਂ ਦੇ ਟੋਟੇ ਵੱਖ। ਲੱਡੂ ਜਿਵੇਂ ਹਾਲੇ ਵੀ ਰੁੜ੍ਹਦੇ ਜਾ ਰਹੇ ਹੋਣ। ਰੋਟੀਆਂ ਦੇ ਟੁਕੜੇ ਨਹੀਂ ਹੋਏ। ਸਾਰੇ ਭੂ-ਦ੍ਰਿਸ਼ ਦਾ ਚਿੱਤਰ ਜਿਵੇਂ ਪ੍ਰਸਿੰਨੀ ਦੀਆਂ ਅੱਖਾਂ ਵਿਚ ਉੱਤਰ ਆਇਆ ਹੋਵੇ। ਉਹ ਡੌਰ-ਭੌਰ ਹੋਈ ਖੜ੍ਹੀ ਸੀ। ਡਰ ਰਹੀ ਸੀ। ਪੂਰੀ ਖੌਫਜ਼ਦਾ,

Scanned by CamScanner

ਚਿੰਤਾਵਾਨ-ਤਰਸੇਮ ਵਿਚ ਅੱਜ ਇਹ ਪ੍ਰੇਤ-ਆਤਮਾ ਕਿੱਥੋਂ ਜਾਗ ਪਈ?

ਸੀਤੋ ਤਰਸੇਮ ਦੇ ਤੱਤ ਨੂੰ ਜਾਣਦੀ ਸੀ। ਪਹਿਲਾਂ ਤਾਂ ਉਹ ਵੀ ਡਰੀ ਖੜ੍ਹੀ ਰਹੀ, ਫੇਰ ਵਿਹੜੇ ਦੀ ਕੰਧ ਕੋਲੋਂ ਸਾਰਾ ਕੁਝ ਚੁਗ ਚੁਗ ਲੋਹੇ ਦੇ ਬੱਠਲ ਵਿਚ ਪਾਉਣ ਲੱਗੀ। ਲਿਬੜਿਆ ਚੌਤਰਾ ਸੂਹਣ ਲੈ ਕੇ ਸੁੰਭਰ ਦਿੱਤਾ। ਤਰਸੇਮ ਦਰਵਾਜ਼ੇ ਵਿਚ ਆ ਗਿਆ ਸੀ। ਪ੍ਰਸਿੰਨੀ ਵਰਾਂਡੇ ਵਿਚ ਹੀ ਪੀੜ੍ਹੀ ਉੱਤੇ ਗੁੰਮ–ਸੁੰਮ ਹੋ ਕੇ ਬੈਠ ਗਈ। ਸੁਰੇਸ਼ ਛੋਟੀ ਮੰਜੀ ਉੱਤੇ ਸੁੱਤਾ ਪਿਆ ਸੀ। ਸੀਤੋ ਨੇ ਦੱਬਾਸਟ ਆਟਾ ਗੁੰਨਿਆ ਅਤੇ ਚੁੱਲੇ ਉੱਤੇ ਤਵਾ ਰੱਖ ਕੇ ਰੋਟੀ ਪਕਾਉਣ ਲੱਗੀ। ਉਹ ਹਾਲੇ ਵੀ ਤਰਸੇਮ ਤੋਂ ਡਰ ਰਹੀ ਸੀ।

2

ਤਰਸੇਮ ਭਗਵਾਨ ਸ੍ਹੈ ਤੋਂ ਥੋੜਾ ਹੀ ਛੋਟਾ ਸੀ। ਪੰਜ-ਸੱਤ ਸਾਲ ਦਾ ਫਰਕ ਮਸਾਂ ਹੀ ਹੋਵੇਗਾ। ਸੀਤੋ ਨੇ ਪਹਿਲਾਂ ਦੋ ਕੁੜੀਆਂ ਜੰਮੀਆਂ। ਦੋਵੇਂ ਹੀ ਦੋ ਦੋ ਸਾਲ ਦੀਆਂ ਹੋ ਕੇ ਮਰਦੀਆਂ ਰਹੀਆਂ। ਫੇਰ ਉਹਨੂੰ ਕੋਈ ਬੁੜ੍ਹੀਆਂ ਵਾਲੀ ਬੀਮਾਰੀ ਚਿੰਬੜ ਗਈ। ਦੋ-ਤਿੰਨ ਸਾਲ ਇਸ ਬੀਮਾਰੀ ਦਾ ਇਲਾਜ ਹੁੰਦਾ ਰਿਹਾ। ਤਰਸੇਮ ਪੇਂਡੂ ਦਾਈਆਂ ਦੇ ਚੱਕਰ ਵਿਚ ਨਹੀਂ ਪਿਆ। ਜਦੋਂ ਕਿ ਉਹਦੀ ਮਾਂ ਤਾਂ ਇਹੋ ਕਰਕੇ ਰਾਜ਼ੀ ਸੀ। ਚੋਰੀ ਚੋਰੀ ਪ੍ਰਸਿੰਨੀ ਨੇ ਦਾਈ ਘਰ ਸੱਦੀ ਵੀ ਸੀ। ਚੋਰੀਓਂ ਇਲਾਜ ਵੀ ਕਰਾਇਆ। ਪਰ ਤਰਸੇਮ ਉਹਨੂੰ ਆਲਾ ਸਿੰਘ ਵਾਲੇ ਲੇਡੀ ਡਾਕਟਰ ਕੋਲ ਲੈ ਕੇ ਜਾਂਦਾ। ਮਹਿੰਗੇ ਤੋਂ ਮਹਿੰਗੇ ਟੀਕੇ ਲਗਵਾਏ। ਪੰਦਰ੍ਹਵੇਂ ਦਿਨ ਉਹਨੂੰ ਚੈੱਕ ਕਰਾਉਂਦਾ। ਫੇਰ ਕਿਤੇ ਜਾ ਕੇ ਸੀਤੋ ਨੂੰ ਉਮੀਦ ਹੋਈ। ਸੁਰੇਸ਼ ਜੰਮਿਆ ਤਾਂ ਉਹਦੀ ਵੀ ਉਹਨੇ ਪੂਰੀ ਚੈਕਿੰਗ ਕਰਵਾਈ। ਉਹਦਾ ਜਾਪਾ ਵੀ ਓਸੇ ਲੇਡੀ ਡਾਕਟਰ ਦੇ ਨਰਸਿੰਗ ਹੋਮ ਵਿਚ ਆਲਾ ਸਿੰਘ ਵਾਲੇ ਕਰਾਇਆ ਗਿਆ। ਤਰਸੇਮ ਨੂੰ ਡਰ ਸੀ ਕਿਤੇ ਮੁੰਡਾ ਵੀ ਕੁੜੀਆਂ ਵਾਂਗੂੰ ਦੋ ਸਾਲ ਦਾ ਹੋ ਕੇ ਗੁਆਇਆ ਨਾ ਜਾਵੇ। ਉਹ ਆਲਾ ਸਿੰਘ ਵਾਲੇ ਬੱਚੇ ਤੇ ਉਹਦੀ ਮਾਂ ਨੂੰ ਹਰ ਹਫਤੇ ਲੈ ਕੇ ਜਾਂਦਾ ਤੇ ਚੈੱਕ ਕਰਾਉਂਦਾ। ਬੱਚੇ ਨੂੰ ਮਾੜੀ ਜਿਹੀ ਕੋਈ ਕਸਰ ਹੁੰਦੀ ਤਾਂ ਝੱਟ ਡਾਕਟਰ ਦੀ ਦੱਸੀ ਦਵਾਈ ਖਰੀਦਦਾ। ਮਸਾਂ ਕਿਤੇ ਜਾ ਕੇ ਉਹ ਢਾਈ ਤਿੰਨ ਸਾਲ ਦਾ ਹੋਇਆ। ਦੋ ਸਾਲਾਂ ਵਾਲਾ ਸੰਸਾ ਮਿੱਟ ਗਿਆ। ਉਹਨਾਂ ਦਿਨਾਂ ਵਿਚ ਪੂਰੀ ਜਾਗਰਤ ਆ ਚੁੱਕੀ ਸੀ। ਤਰਸੇਮ ਨੇ ਮੁੜ ਕੇ ਕੋਈ ਬੱਚਾ ਪੈਦਾ ਨਹੀਂ ਹੋਣ ਦਿੱਤਾ। ਨੂੰਹ ਸੱਸ ਤਾਂ ਚਾਹੁੰਦੀਆਂ ਸਨ ਕਿ ਜੋੜੀ ਹੋ ਜਾਵੇ। ਪਰ ਤਰਸੇਮ ਸੀਤੋ ਦੀ ਗੱਲ ਸੁਣਦਾ ਤਾਂ ਖਿਝ ਉਠਦਾ, ਕੜਕਦਾ, ''ਏਥੇ ਸਾਲੀ ਕੋਈ ਜਾਇਦਾਦ ਬੁਸੀ ਜਾਂਦੀ ਐ, ਦੋ ਨੂੰ। ਬੱਸ ਇਕ ਬਹੁਤ ਐ। ਨਾਲੇ ਦੂਜਾ ਜੁਆਕ ਜੇ ਕੁੜੀ

Scanned by CamScanner

ਜੰਮ ਪੀ , ਫੇਰ? ਏਸੇ ਨੂੰ ਪੂਰਾ ਪੜ੍ਹਾਵਾਂ ਲਿਖਾਵਾਂਗੇ।''

ਭਗਵਾਨ ਸੂੰ ਆਪਣੇ ਪਿਓ ਦਾ ਇੱਕਲਾ ਪੁੱਤ ਸੀ, ਜ਼ਮੀਨ ਤੀਹ ਕਿੱਲੇ। ਉਹਦਾ ਛੋਟੀ ਉਮਰ ਵਿਚ ਹੀ ਵਿਆਹ ਕਰ ਦਿੱਤਾ ਗਿਆ। ਭਗਵਾਨ ਸੂੰ ਦੀ ਮਾਂ ਨੂੰ ਮੁੰਡਿਆਂ ਦੀ ਭੁੱਖ ਸੀ। ਬੱਸ ਓਹੀ ਗੱਲ, ਅਖੇ: ਚੁੱਲਾ ਨਾ ਰਜਦਾ ਅੱਗ ਨਾਲ, ਮਾਂ ਨਾ ਰਜਦੀ ਪੁੱਤਾਂ ਨਾਲ। ਭਗਵਾਨ ਸੂੰ ਦੀ ਬਹੂ ਨੇ ਪੰਜ ਜੁਆਕ ਜੰਮੇ, ਚਾਰ ਮੁੰਡੇ ਅਤੇ ਇਕ ਕੁੜੀ। ਕੁੜੀ ਸਭ ਤੋਂ ਵੱਡੀ ਸੀ, ਪਹਿਲ ਪਲੇਠੀ ਦੀ। ਨਾਂ ਰੱਖਿਆ ਗਿਆ, ਮੁਖਤਿਆਰੋ। ਪਹਿਲਾ ਮੁੰਡਾ ਜੰਮਿਆ ਜਰਨੈਲ ਸਿੰਘ। ਦੂਜੇ ਮੁੰਡੇ ਦਾ ਨਾਂ ਸੀ ਕਰਨੈਲ ਸਿੰਘ। ਜੈਲਾ ਤੇ ਕੈਲਾ ਜੁੜਵੇਂ ਜਿਹੇ ਨਾਂ ਬੜੇ ਪਿਆਰੇ ਲਗਦੇ। ਇਵੇਂ ਹੀ ਤੀਜਾ ਤੇ ਚੌਥਾ ਮੁੰਡਾ ਸਨ-ਮਹਿੰਦਰ ਅਤੇ ਸੁਰਿੰਦਰ ਯਾਨੀ ਮ੍ਰਿੰਦਰ ਤੇ ਸ਼ਿੰਦਰ। ਸ਼ਿੰਦਰਾ ਇਸ ਵੇਲੇ ਤਰਸੇਮ ਦੇ ਸੁਰੇਸ਼ ਦਾ ਹਾਣੀ ਸੀ।

ਭਗਵਾਨ ਸੂੰ ਕੋਲ ਦੋ ਬਲਦ ਸਨ ਅਤੇ ਇਕ ਊਠ। ਦੋ ਹਲਾਂ ਦੀ ਵਾਹੀ ਸੀ। ਗੱਡੇ ਨਾਲ ਰੂੜੀ ਦਾ ਰੇਹ ਪਾਉਣਾ ਹੁੰਦਾ ਤਾਂ ਊਠ ਨੂੰ ਬੀਂਡੀ ਜੋੜ ਲੈਂਦੇ। ਖੱਬੀਖਾਨ ਘਰ ਸੀ ਉਹ। ਵਾਹੀ-ਖੇਤੀ ਦਾ ਕੰਮ ਪੱਤੀ ਵਿਚ ਸਭ ਤੋਂ ਸਿਰੇ ਸੀ ਉਹਨਾਂ ਦਾ। ਇਕ ਸੀਰੀ ਰਖਦਾ ਸੀ ਭਗਵਾਨ ਸੂੰ। ਕਿੰਨੇ ਹੀ ਵਰ੍ਹਿਆਂ ਤੋਂ ਘੁੱਕਰ ਰਮਦਾਸੀਆ ਉਹਨਾਂ ਨਾਲ ਸੀਰੀ ਸੀ।

ਘੁੱਕਰ ਕੰਮ ਦਾ ਪੂਰਾ ਕਾਰਿੰਦਾ ਸੀ। ਜਾਨ ਤੋੜ ਕੇ ਕੰਮ ਕਰਦਾ। ਉਹਦੇ ਹੱਥਾਂ ਵਿਚ ਜਸ ਵੀ ਸੀ। ਭਗਵਾਨ ਸੂੰ ਘੁੱਕਰ ਸਹਾਰੇ ਕੰਮ ਛੱਡਕੇ ਚਾਹੇ ਕਿੰਨੇ ਦਿਨ ਗਰਾਂ ਘੋਹੀ ਲਾ ਆਉਂਦਾ, ਉਹਨੂੰ ਮਗਰਲਾ ਸੰਸਾ ਨਹੀਂ ਰਹਿੰਦਾ ਸੀ। ਘੁੱਕਰ ਈਮਾਨਦਾਰ ਵੀ ਬੜਾ ਸੀ। ਉਹਨੂੰ ਕੱਖਾਂ ਦੀ ਚੋਰੀ ਵਰਗੀ ਕੋਈ ਭੈੜੀ ਆਦਤ ਨਹੀਂ ਸੀ। ਨਾ ਹੀ ਇਹ ਕਿ ਖੇਤੋਂ ਛੱਲੀਆਂ ਤੋੜ ਕੇ ਆਪਣੇ ਘਰ ਲਿਜਾ ਸੁੱਟੇ। ਨਾ ਤਾਂ ਭਗਵਾਨ ਸੂੰ ਸੀਰੀ ਬਦਲਣਾ ਚਾਹੁੰਦਾ ਅਤੇ ਨਾ ਘੁੱਕਰ ਆਪ ਉਹਨਾਂ ਨਾਲੋਂ ਕਦੇ ਨਿਖੱੜਨ ਬਾਰੇ ਸੋਚਦਾ। ਘੁੱਕਰ ਨੂੰ ਦਾਣੇ ਚੰਗੇ ਆਉਂਦੇ। ਸਾਰੇ ਸੀਰੀਆਂ ਨਾਲੋਂ ਉਹਦੀ ਘਰੇਲੂ ਹਾਲਤ ਚੰਗੀ ਸੀ। ਭਗਵਾਨ ਸੂੰ ਦੀ ਮਾਂ ਚੰਗੀ ਸੀ। ਬੁੜ੍ਹੀ ਆਨੀ-ਬਹਾਨੀ ਘੁੱਕਰ ਦੀ ਬਹੂ ਨੂੰ ਕੁਝ ਨਾ ਕੁਝ ਹਮੇਸ਼ਾ ਦਿੰਦੀ ਰਹਿੰਦੀ। ਲੀੜਾ-ਕੱਪੜਾ ਵੀ ਦਿੰਦੀ। ਦੁੱਧ ਬਾਧ ਉਹ ਜਦੋਂ ਮਰਜੀ ਭਗਵਾਨ ਸੂੰ ਦੇ ਘਰੋਂ ਲਿਜਾ ਸਕਦੀ। ਅੜੇ-ਥੁੜੇ ਰੁਪਈਏ ਵੀ ਫੜ ਕੇ ਲੈ ਜਾਂਦੀ। ਦੋਵੇਂ ਘਰਾਂ ਦੀ ਜਿਵੇਂ ਪੁਸ਼ਤਾਂ ਦੀ ਸਾਂਝ ਹੋਵੇ।

ਪਰ ਜਦੋਂ ਤੋਂ ਜੈਲਾ ਅਤੇ ਕੈਲਾ ਉੱਠ ਖੜ੍ਹੇ ਸਨ, ਸੀਰੀ ਦੀ ਲੋੜ ਨਹੀਂ ਰਹੀ ਸੀ। ਦੋਵੇਂ ਮੁੰਡੇ ਹੀ ਹੱਡਾਂ-ਪੈਰਾਂ ਦੇ ਖੁੱਲੇ ਸਨ। ਜੁੱਸਾ ਤਕੜਾ ਸੀ ਉਹਨਾਂ ਦਾ। ਉਹ ਸੀਰੀ

Scanned by CamScanner

ਨਾਲੋਂ ਵੱਧ ਕੰਮ ਕਰਦੇ। ਉਹਨਾਂ ਦੇ ਉੱਠ ਖੜੇ ਹੋਣ ਨਾਲ ਭਗਵਾਨ ਸੂੰ ਖੁਦ ਵੀ ਕੰਮ ਵਿਚ ਰੈਲਾ ਹੋ ਗਿਆ। ਨਿੱਕੇ ਮੋਟੇ ਕੰਮਾਂ ਨੂੰ ਮਿੰਦਰ ਤੇ ਸ਼ਿੰਦਰ ਵੀ ਤਕੜੇ ਸਨ।

ਘੁੱਕਰ ਦੀ ਉਮਰ ਭਗਵਾਨ ਸੂੰ ਨਾਲੋਂ ਵੱਡੀ ਸੀ-ਖਾਸੀ ਵੱਡੀ। ਫੇਰ ਉਹਦੇ ਵਿਚ ਜ਼ੋਰ ਐਨਾ ਨਹੀਂ ਰਹਿ ਗਿਆ ਸੀ। ਪਰ ਉਹ ਹਿਸਾਬ-ਕਿਤਾਬ ਨਾਲ ਪਹਿਲਾਂ ਜਿੰਨਾ ਹੀ ਕੰਮ ਕਰਦਾ। ਉਹਦੇ ਤਿੰਨ ਮੁੰਡੇ ਸਨ। ਦੋ ਮੁੰਡੇ ਅਗਾਂਹ ਸੀਰੀ ਰਲਣ ਲੱਗੇ ਸਨ। ਤੀਜਾ ਪੜ੍ਹਦਾ ਸੀ। ਘੁੱਕਰ ਨੇ ਜਿਵੇਂ ਫੇਰ ਆਪ ਹੀ ਸੀਰੀ ਦਾ ਕੰਮ ਛੱਡ ਦਿੱਤਾ ਹੋਵੇ। ਜ਼ਮਾਨੇ ਦੀ ਹਵਾ ਦੇਖਕੇ ਉਹਨੇ ਆਪਣੇ ਛੋਟੇ ਮੁੰਡੇ ਨੂੰ ਪੜ੍ਹਨ ਲਾਇਆ ਸੀ। ਉਹਨੇ ਸੁਣਿਆ ਹੋਇਆ ਸੀ ਕਿ ਚਮਿਆਰਾਂ ਦੇ ਮੁੰਡਿਆਂ ਨੂੰ ਨੌਕਰੀ ਵੀ ਛੇਤੀ ਮਿਲਦੀ ਹੈ। ਕਿਰਪਾਲ ਪੜ੍ਹਨ ਵਿਚ ਸੀ ਵੀ ਹੁਸ਼ਿਆਰ।

ਭਗਵਾਨ ਸੂੰ ਨੇ ਚਾਰੇ ਮੁੰਡੇ ਪੜ੍ਹਨ ਨਹੀਂ ਲਾਏ। ਉਹਦੇ ਉਲਟ-ਵਿਚਾਰ ਸਨ ਕਿ ਨੰਗ ਘਰਾਂ ਦੇ ਮੁੰਡੇ ਸਕੂਲ ਪੜ੍ਹਨ ਲਗਦੇ ਹਨ। ਨਾਲੇ ਪੜ੍ਹਕੇ ਕਿਹੜਾ ਉਹ ਤਸੀਲਦਾਰ ਲੱਗ ਜਾਣਗੇ। ਓਹੀ ਰਹਿਣਗੇ ਨੰਗ ਦੇ ਨੰਗ। ਨਿਕੀਆਂ- ਮੋਟੀਆਂ ਨੌਕਰੀਆਂ ਕਰਨਗੇ। ਅਖੇ: 'ਅਸੀਂ ਤਾਂ ਜ਼ਮੀਨਾਂ ਵਾਲੇ ਆਂ। ਸਾਡੇ ਘਰ ਤਾਂ ਸਭ ਕੁੱਸ ਐ। ਐਨੀ ਜ਼ਮੀਨ-ਜੈਦਾਤ, ਸਾਡੇ ਮੁੰਡੇ ਤਾਂ ਘਰੇ ਈ ਅਫਸਰ ਨੇ।'

ਭਗਵਾਨ ਸੂੰ ਨੇ ਆਪਣੀ ਕੁੜੀ ਮੁਖਤਿਆਰੋ ਨੂੰ ਵਿਆਹ ਵਿਚ ਪੂਰਾ ਦੇਣ ਦਿੱਤਾ ਸੀ। ਘੋੜੀ-ਜੋੜੀ ਨਾਲ ਵਿਆਹ ਕੀਤਾ। ਪ੍ਰਾਹੁਣੇ ਨੂੰ ਕੈਂਠਾ ਪਾਇਆ। ਬਰਾਤ ਵਿਚ ਸੌ ਬੰਦੇ ਸੀ। ਖੁੱਲੀ ਸ਼ਰਾਬ ਵਰਤਾਈ ਗਈ। ਦੋ-ਤਿੰਨ ਬੱਕਰੇ ਵੱਢੇ ਗਏ ਸਨ। ਬਰਾਤ ਦੂਜੇ ਦਿਨ ਵਿਦਾਅ ਹੋਈ। ਐਨਾ ਫੰਨੇ ਵਿਆਹ ਪੱਤੀ ਵਿਚ ਪਹਿਲਾਂ ਕਦੇ ਨਹੀਂ ਹੋਇਆ ਸੀ। ਪਿਛਲੇ ਦੋ-ਤਿੰਨ ਸਾਲ ਫਸਲਾਂ ਵੀ ਚੰਗੀਆਂ ਹੋਈਆਂ ਸਨ। ਭਾਅ ਵੀ ਪੂਰੇ ਲੱਗੇ। ਚੰਗੀਆਂ ਫਸਲਾਂ ਦੇਖਕੇ ਅੜ੍ਹਤੀਏ ਵੀ ਹੱਥ ਖੁੱਲ੍ਹਾ ਛੱਡ ਦਿੰਦੇ ਹਨ।

3

ਕਣਕਾਂ ਜਦੋਂ ਗੋਡੇ-ਗੋਡੇ ਹੋ ਜਾਂਦੀਆਂ ਹਨ, ਉਹਨਾਂ ਵਿਚੋਂ ਕੱਖ-ਕੰਡਾ ਵੀ ਕੱਢ ਦਿੱਤਾ ਜਾਂਦਾ ਹੈ, ਫੇਰ ਤਾਂ ਬੱਸ ਇਕੋ ਕੰਮ ਰਹਿ ਜਾਂਦਾ ਹੈ, ਪਾਣੀ ਲਾਉਣਾ। ਕਿਸਾਨਾਂ ਨੂੰ ਕਣਕਾਂ ਦੇ ਸੁੱਕੇ-ਬੁੱਲ੍ਹਾਂ ਦੀ ਪਹਿਚਾਣ ਹੁੰਦੀ ਹੈ। ਨਹੀਂ ਤਾਂ ਇਸ ਰੁੱਤ ਵਿਚ ਜੱਟਾਂ ਨੂੰ ਵਿਹਲ ਹੀ ਵਿਹਲ ਹੁੰਦੀ ਹੈ। ਸੱਥ ਵਿਚ ਖੁੰਢਾਂ ਜਾਂ ਚੌਕੜੀਆਂ ਉੱਤੇ ਬੈਠਕੇ ਉਹ ਵਿਹਲੀਆਂ ਗੱਲਾਂ ਮਾਰਦੇ ਹਨ। ਧੂਣੀਆਂ ਸੇਕਦੇ ਹਨ। ਤਾਸ਼ ਖੇਡਦੇ ਹਨ ਜਾਂ ਫੇਰ ਦੂਜੇ

Scanned by CamScanner

ਘਰਾਂ ਦੀਆਂ ਚੁਗਲੀਆਂ ਕਰਦੇ ਹਨ। ਪੱਤੀ ਦੀ ਧਰਮਸ਼ਾਲਾ ਕਿਸੇ ਛੋਟੇ-ਮੋਟੇ ਮੇਲੇ ਵਾਂਗ ਭਰ ਉਠਦੀ ਹੈ। ਬੁੜ੍ਹੇ ਤਾਂ ਹੁੰਦੇ ਈ ਨੇ, ਨੌਜਵਾਨ ਵੀ ਆ ਬਹਿੰਦੇ ਹਨ। ਜੁਆਕ ਇਸ ਮੇਲੇ ਵਿਚ ਆਪਣਾ ਰੌਲਾ ਸ਼ਾਮਲ ਕਰ ਦਿੰਦੇ ਹਨ, ਉਹਨਾਂ ਦੀਆਂ ਆਪਣੀਆਂ ਖੇਡਾਂ ਹੁੰਦੀਆਂ ਹਨ।

ਉਸ ਦਿਨ ਚਾਰ ਬੰਦੇ ਤਾਸ਼ ਖੇਡ ਰਹੇ ਸਨ। ਬਾਕੀ ਕਈ ਚਾਰਾਂ ਦੇ ਨਾਲ ਘੁਸੜੇ ਬੈਠੇ ਸਨ। ਪੱਤਾ ਸੁੱਟਣ ਦੀ ਸਲਾਹ ਦਿੰਦੇ। ਸਰਾਂ-ਕੁੱਟ ਦੀ ਬਾਜ਼ੀ ਚਲ ਰਹੀ ਸੀ। ਇਕ ਜੋੜੀ ਸੀ ਘੁੱਕਰ ਰਮਦਾਸੀਏ ਦੇ ਵੱਡੇ ਮੁੰਡੇ ਗੇਬੂ ਤੇ ਚਾਨਣ ਦੇ ਮੁੰਡੇ ਹਾਕਮ ਦੀ। ਦੂਜੀ ਜੋੜੀ ਵਿਚ ਮਾਸਟਰ ਤਰਸੇਮ ਤੇ ਆਸਾ ਸੂੰ ਦਰਜੀ ਦਾ ਮੁੰਡਾ ਕਰਤਾਰ ਖੇਡ ਰਹੇ ਸਨ। ਉਸ ਦਿਨ ਕੋਈ ਛੁੱਟੀ ਸੀ। ਇਸੇ ਕਰਕੇ ਤਰਸੇਮ ਘਰ ਸੀ। ਕਰਤਾਰ ਨੂੰ ਵੀ ਉਸ ਦਿਨ ਕੱਪੜੇ ਸਿਉਣ ਦਾ ਐਨਾ ਕੋਈ ਖਾਸ ਕੰਮ ਨਹੀਂ ਸੀ। ਇਸੇ ਕਰਕੇ ਉਹ ਘਰੋਂ ਵਿਹਲਾ ਹੋ ਕੇ ਧਰਮਸ਼ਾਲਾ ਵਿਚ ਬਿੰਦ ਦੀ ਬਿੰਦ ਆ ਬੈਠਾ ਸੀ। ਓਥੇ ਆ ਕੇ ਬੈਠਾ ਤਾਂ ਤਾਸ਼ ਵਾਲਿਆਂ ਨੇ ਉਹਨੂੰ ਖਿੱਚ ਲਿਆ। ਖੇਤ ਵਿਚ ਕੋਈ ਖਾਸ ਤੱਦੀ ਦਾ ਕੰਮ ਨਾ ਹੋਣ ਕਰਕੇ ਘੁੱਕਰ ਦਾ ਸੀਰੀ ਮੁੰਡਾ ਗੇਬੂ ਵੀ ਚੋਰੀਓਂ ਜਿਹੇ ਆਇਆ ਸੀ ਅਤੇ ਫੇਰ ਤਾਸ਼ ਵਾਲਿਆਂ ਨਾਲ ਪਰਚ ਗਿਆ। ਚਾਨਣ ਦਾ ਮੁੰਡਾ ਹਾਕਮ ਤਾਂ ਰਹਿੰਦਾ ਹੀ ਵਿਹਲਾ ਸੀ । ਖੇਤ ਜਾਕੇ ਉਹ ਮਨ-ਮਰਜ਼ੀ ਦਾ ਕੰਮ ਕਰਦਾ। ਉਹਨਾਂ ਦਿਨਾਂ ਵਿਚ ਕੰਮ ਵੀ ਖੇਤਾਂ ਦੇ ਕਿਹੜੇ ਸਨ। ਕਣਕ ਨੂੰ ਪਾਣੀ ਉਹ ਬੋਰ ਦਾ ਲਾ ਚੁੱਕੇ ਸਨ। ਚਾਰੇ ਜਣੇ ਤਾਸ਼ ਦੀ ਬਾਜ਼ੀ ਵਿਚ ਐਨ ਮਸਤ ਸਨ। ਉਸ ਦਿਨ ਹਵਾ ਨਹੀਂ ਚੱਲ ਰਹੀ ਸੀ। ਨਿੱਘੀ ਧੁੱਪ ਸੀ। ਸੀਹੇ ਬੈਠੇ ਲੋਕ ਆਪਣਾ ਸਰੀਰ ਪੰਘਰਾ ਰਹੇ ਸਨ। ਧਰਮਸ਼ਾਲਾ ਦੇ ਪਿੱਪਲ ਉਤੋਂ ਕੋਈ ਕੋਈ ਪੱਤਾ ਟੁੱਟਦਾ ਅਤੇ ਲੜਖੜਾਉਂਦਾ ਤਾਸ਼ ਦੀ ਚੌਕੜੀ ਦੇ ਐਨ ਵਿਚਕਾਰ ਆ ਡਿਗਦਾ। ਕੋਈ ਜਣਾ ਝੱਟ ਉਸ ਪੱਤੇ ਨੂੰ ਚੁੱਕ ਕੇ ਪਰ੍ਹਾਂ ਵਗਾਹ ਮਾਰਦਾ ਜਿਵੇਂ ਕੋਈ ਤਾਸ਼ ਦੇ ਫਾਲਤੂ ਪੱਤੇ ਨੂੰ ਹੱਥਾਂ ਵਿਚੋਂ ਕੱਢ ਸੁੱਟਦਾ ਹੋਵੇ। ਪਤਝੜ ਦੀ ਰੁੱਤ ਸੀ। ਰੁੱਖਾਂ ਉੱਤੇ ਨਵੀਆਂ ਕੁੰਬਲਾਂ ਫੁੱਟ ਰਹੀਆਂ ਸਨ। ਪੁਰਾਣੇ ਝੜੀ ਜਾ ਰਹੇ ਸਨ। ਕਣਕਾਂ ਦੀ ਰੁੱਤ ਵਿਚ ਆਮ ਬਨਸਪਤੀ ਵੀ ਮੌਲਣ ਲਗਦੀ ਹੈ।

ਗੇਬੂ ਪਿੱਪਲ ਦੇ ਚੌਤਰੇ ਉੱਤੇ ਉੱਚੇ ਥਾਂ ਬੈਠਾ ਸੀ। ਚੌਤਰਾ ਬਹੁਤਾ ਉੱਚਾ ਨਹੀਂ ਸੀ, ਬੱਸ ਦੋ ਇੱਟਾਂ ਦੀ ਉੱਚਾਈ ਸੀ। ਬਾਕੀ ਤਿੰਨੇ ਥੱਲੇ ਸਨ। ਭਗਵਾਨ ਸੂੰ ਦਾ ਵੱਡਾ ਮੁੰਡਾ ਜੈਲਾ ਛਾਂ ਵਾਂਗ ਤਾਸ਼ ਖੇਡਣ ਵਾਲਿਆਂ ਦੇ ਉੱਤੇ ਆ ਖੜ੍ਹਾ। ਪਹਿਲਾਂ ਤਾਂ ਉਹ ਦੇਖਦਾ ਜਿਹਾ ਰਿਹਾ। ਫੇਰ ਜਦੋਂ ਨਵੇਂ ਪੱਤੇ ਵੰਡੇ ਜਾ ਰਹੇ ਸਨ, ਉਹਨੇ ਗੇਬੂ ਦੇ ਮੋਢੇ ਨੂੰ ਹੱਥ ਲਾਇਆ ਅਤੇ ਲਾਚੜਕੇ ਜਿਹੇ ਬੋਲਿਆ, ''ਪਰ੍ਹਾਂ ਹੋ ਓਏ ਚਮਿਆਰਾ, ਜਾਹ ਤੂੰ ਤਾਂ ਖੇਤ ਨੂੰ। ਤੇਰਾ ਕੀ ਕੰਮ ਐਥੇ ਤਾਸ਼ ਖੇਡਣ ਦਾ । ਤਾਸ਼ ਤਾਂ ਯਾਰ ਖੇਡਣਗੇ। ਸੀਰੀਆਂ ਦਾ

Scanned by CamScanner

ਕੰਮ ਨ੍ਹੀ ਇਹੇ।''

ਸਾਰੇ ਹੀਂ ਹੀਂ ਕਰਕੇ ਹੱਸਣ ਲੱਗੇ।

ਗੇਬੂ ਠਿੱਠ ਜਿਹਾ ਹੋ ਕੇ ਉੱਠ ਖੜ੍ਹਾ।

ਜੈਲਾ ਜਿਵੇਂ ਮੱਲੋ-ਮੱਲੀ ਉਹਦੀ ਥਾਂ ਮੱਲ ਬੈਠਾ ਹੋਵੇ। ਧੌਂਸ ਜਿਹੀ ਦਿਖਾਕੇ ਬੋਲਿਆ, '' ਵੰਡੋ ਬਈ ਪੱਤੇ, ਕੀਹਦੀ ਵਾਰੀ ਐ?''

ਹੋਰਾਂ ਦੇ ਮਨਾਂ ਦੀ ਤਾਂ ਉਹ ਕੀ ਜਾਣਦਾ ਸੀ, ਮਾਸਟਰ ਤਰਸੇਮ ਨੂੰ ਜੈਲੇ ਦੀ ਇਹ ਗੱਲ ਮਾੜੀ ਲੱਗੀ। ਚਮਿਆਰ ਕਰਕੇ ਉਹਨੂੰ ਉਠਾ ਦਿੱਤਾ ਨਾ ਇਹਨੇ। ਗੇਬੂ ਦੀ ਥਾਂ ਕੋਈ ਜੱਟ ਹੁੰਦਾ ਤਾਂ ਕਦੇ ਨਾ ਉੱਠਦਾ। ਜੈਲੇ ਦੀ ਇਹ ਧੌਂਸ ਸ਼ਰੀਕ ਉੱਤੇ ਚਲਦੀ ਵੀ ਨਹੀਂ ਸੀ।

ਹੁਣ ਜੱਟਾਂ-ਜੱਟਾਂ ਦੀ ਜੋੜੀ ਦੀ।

ਉਹਨਾਂ ਨੇ ਚੁੱਪ-ਚਾਪ ਦੋ ਬਾਜ਼ੀਆਂ ਲਾਈਆਂ। ਪਹਿਲਾਂ ਵਾਂਗ ਉੱਚਾ ਉੱਚਾ ਬੋਲੇ ਨਹੀਂ। ਲੜੇ-ਝਗੜੇ ਨਹੀਂ। ਨਾ ਹੀ ਕਿਸੇ ਨਾਲ ਕਿਸੇ ਦਾ ਕੋਈ ਰੌਲਾ ਪਿਆ ਸੀ। ਲਗਦਾ ਸੀ, ਸਾਰਿਆਂ ਉੱਤੇ ਜੈਲੇ ਦੀ ਧੌਂਸ ਦਾ ਮਾੜਾ ਅਸਰ ਸੀ।

ਕੁਦਰਤੀ ਗੱਲ ਸੀ, ਦੋਵੇਂ ਬਾਜ਼ੀਆਂ ਵੇਲੇ ਜੈਲੇ ਅਤੇ ਹਾਕਮ ਦੀਆਂ ਸਰਾਂ ਵੱਧ ਸਨ। ਤੀਜੀ ਬਾਜ਼ੀ ਨੂੰ ਉਹ ਫੇਰ ਵੱਧ ਸਰਾਂ ਕੁੱਟ ਰਹੇ ਸਨ। ਜੈਲੇ ਨੂੰ ਫੇਰ ਲਿੱਛ ਚੜ੍ਹੀ ਅਤੇ ਬੋਲ ਉੱਠਿਆ, ''ਲਾਗੀ ਨ੍ਹੀ ਜਿੱਤ ਸਕਦੇ ਸਾਥੋਂ। ਅਸੀਂ ਜਮੀਨਾਂ ਆਲੇ। ਫੇਰ ਵੀ ਜੱਟ ਹੁੰਨੇ ਆਂ ਭਾਈ।''

ਇਸ ਵਾਰ ਤਰਸੇਮ ਨੂੰ ਮੁੜ੍ਹਕਾ ਆ ਗਿਆ। ਉਹ ਅੱਖਾਂ ਲਾਲ ਕਰਕੇ ਜੈਲੇ ਵਲ ਕਣੱਖਾ ਝਾਕਿਆ। ਜਿਵੇਂ ਉਹਨੂੰ ਗਲੋਂ ਫੜ ਲੈਣਾ ਚਾਹੁੰਦਾ ਹੋਵੇ। ਉਹਨੇ ਇਹ ਬਾਜ਼ੀ ਮਸਾਂ ਪੂਰੀ ਕੀਤੀ। ਬੇਧਿਆਨਾ ਹੀ ਪੱਤਾ ਸੁੱਟਦਾ ਰਿਹਾ ਸੀ। ਉਹਨੂੰ ਕੋਈ ਗਰਜ਼ ਨਹੀਂ ਸੀ ਕਿ ਉਹ ਜਿੱਤਦੇ ਹਨ ਜਾਂ ਹਾਰਦੇ ਹਨ। ਉਹਦਾ ਤਾਂ ਸਮੁੱਚਾ ਵਜੂਦ ਹੀ ਹਾਰਿਆ-ਹਾਰਿਆ ਮਹਿਸੂਸ ਕਰ ਰਿਹਾ ਸੀ। ਕੱਲ ਦੇ ਛੋਕਰੇ ਨੇ ਉਹਦੀਆਂ ਸੋਲਾਂ ਜਮਾਤਾਂ ਖੂਹ 'ਚ ਪਾਤੀਆਂ। ਉਹ ਕਿਹੜੀ ਗੱਲੋਂ ਲਾਗੀ ਸੀ? ਐਨੀ ਤਨਖਾਹ ਐ ਉਹਦੀ। ਉਹ ਜੱਟਾਂ ਦੇ ਟੁਕੜਿਆਂ ਦਾ ਮਥਾਜ ਨੀ। ਕਮਾਈ ਕਰਕੇ ਖਾਂਦੈ। ਤਰਸੇਮ ਨੇ ਬਾਜ਼ੀ ਮੁਕਾਈ ਅਤੇ ਉਠ ਖੜ੍ਹਾ। ਕਹਿੰਦਾ, ''ਚੰਗਾ ਬਈ, ਬੱਸ ਹੁਣ। ਹੁਣ ਹੋਰ ਨ੍ਹੀ ਖੇਡਿਆ ਜਾਂਦਾ।'' ਉੱਠਣ ਲੱਗਿਆ, ਉਹ ਜੈਲੇ ਵੱਲ ਕਹਿਰ ਭਰੀਆਂ ਅੱਖਾਂ ਨਾਲ ਝਾਕ ਰਿਹਾ ਸੀ।

Scanned by CamScanner

''ਕੀ ਗੱਲ, ਮਾਸਟਰ? ਹੋਗੀ ਭਿਆਂ ਬੱਸ?'' ਕੋਲ ਬੈਠੇ ਬੰਦਿਆਂ ਵਿਚੋਂ ਕੋਈ ਉਹਨੂੰ ਆਖ ਰਿਹਾ ਸੀ। ਤਰਸੇਮ ਨੇ ਉਸ ਵੱਲ ਧਿਆਨ ਨਹੀਂ ਦਿੱਤਾ।

ਆਪਣੇ ਘਰ ਨੂੰ ਵੀਹੀ ਵਿਚ ਤੁਰਿਆ ਜਾ ਰਿਹਾ ਉਹ ਆਪਣੇ ਬਾਪ ਬਾਲਕ ਰਾਮ ਨੂੰ ਨਫਰਤ ਨਾਲ ਯਾਦ ਕਰਨ ਲੱਗਿਆ। ਆਪਣੀ ਮਾੜੀ ਕਿਸਮਤ ਨੂੰ ਲਾਹਣਤਾਂ ਪਾ ਰਿਹਾ ਸੀ। ਸ਼ਿੱਦਤ ਨਾਲ ਸੋਚਦਾ ਕਿ ਉਹ ਮੰਗ ਖਾਣੇ ਬਾਮ੍ਹਣ ਦੇ ਘਰ ਜੰਮਿਆ ਹੀ ਕਿਉਂ? ਫੇਰ ਆਪਣੇ ਆਪ ਨੂੰ ਤਸੱਲੀ ਦਿੱਤੀ ਕਿ ਉਹ ਆਪ ਮੰਗ-ਖਾਣਾ ਬਾਮ੍ਹਣ ਕਦੋਂ ਹੈ। ਉਹ ਐਮ.ਏ., ਬੀ.ਐਡ. ਹੈ। ਐਨੀ ਤਨਖਾਹ ਹੈ ਕਿ ਸਾਰੇ ਟੱਬਰ ਦਾ ਗੁਜ਼ਾਰਾ ਅਸਾਨੀ ਨਾਲ ਹੁੰਦਾ ਹੈ। ਘਰ ਵਿਚ ਮੱਝ ਹੈ। ਕੀ ਹੋਇਆ ਜੇ ਉਹਨਾਂ ਕੋਲ ਜ਼ਮੀਨ ਨਹੀਂ ਹੈ। ਉਹ ਪਿੰਡ ਵਿਚ ਸਭ ਤੋਂ ਵੱਧ ਪੜ੍ਹਿਆ-ਲਿਖਿਆ ਬੰਦਾ ਹੈ। ਆਪਣੇ ਮੁੰਡੇ ਸੁਰੇਸ਼ ਨੂੰ ਵੀ ਐਨਾ ਹੀ ਪੜ੍ਹਾਵੇਗਾ। ਸਗੋਂ ਆਪਣੇ ਨਾਲੋਂ ਉੱਤੋਂ ਦੀ ਕਰ ਲਵੇਗਾ।

ਉਹ ਦਰਵਾਜ਼ੇ ਵਿਚ ਜਾ ਕੇ ਖੜ੍ਹਾ। ਦੋਵੇਂ ਬਾਹਾਂ ਉਤਾਂਹ ਚੁੱਕ ਕੇ ਉਬਾਸੀ ਲਈ ਅਤੇ ਅੰਦਰੋਂ ਖਾਸੀ ਸਾਰੀ ਗੰਦੀ ਹਵਾ ਬਾਹਰ ਕੱਢ ਦਿੱਤੀ। ਸੀਤੋ ਵਿਹੜੇ ਵਿਚ ਸਿਲਾਈ-ਮਸ਼ੀਨ ਲਈ ਬੈਠੀ ਕੋਈ ਨਿੱਕਾ-ਮੋਟਾ ਕੱਪੜਾ ਸਿਉਂ ਰਹੀ ਸੀ। ਸੁਰੇਸ਼ ਇਕ ਪਾਸੇ ਛੋਟੀ ਮੰਜੀ ਉੱਤੇ ਬੈਠਾ ਮੂੰਹ ਵਾਲਾ ਵਾਜਾ ਵਜਾ ਰਿਹਾ ਸੀ। ਪਾਪਾ ਨੂੰ ਵਿਹੜੇ ਵਿਚ ਆਇਆ ਦੇਖਕੇ ਉਹਨੇ ਵਾਜਾ ਬੰਦ ਕਰ ਦਿੱਤਾ। ਛਾਲ ਮਾਰਕੇ ਮੰਜੀ ਉਤੋਂ ਉੱਠਿਆ ਅਤੇ ਪਾਪਾ ਨੂੰ ਜੱਫੀ ਜਾ ਪਾਈ। ਉਹ ਪਾਪਾ ਨੂੰ ਕੁਝ ਕਹਿਣਾ ਚਾਹੁੰਦਾ ਹੋਵੇਗਾ। ਕੁਝ ਮੰਗਣਾ ਚਾਹੁੰਦਾ ਹੋਵੇਗਾ। ਪਰ ਤਰਸੇਮ ਨੇ ਉਹਨੂੰ ਆਪਣੇ ਨਾਲੋਂ ਤੋੜਕੇ ਪਰ੍ਹਾਂ ਕਰ ਦਿੱਤਾ ਅਤੇ ਕੜਕ ਕੇ ਬੋਲਿਆ, ''ਗਹਾਂ ਨੂੰ ਇਹਨਾਂ ਸਾਲੇ ਜੱਟਾਂ ਦੇ ਘਰੋਂ ਕੋਈ ਚੀਜ ਲਿਆਈਆਂ ਤਾਂ ਲੱਤਾਂ ਤੋੜ ਦੂੰ ਮੈਂ।''

''ਕਿਉਂ, ਅੱਜ ਫੇਰ ਕੀ ਹੋ ਗਿਆ?'' ਸੀਤੋ ਨੇ ਫਿਕਰ ਕੀਤਾ ਅਤੇ ਉਹ ਮਿੰਨ੍ਹਾ-ਮਿੰਨ੍ਹਾ ਹੱਸ ਵੀ ਰਹੀ ਸੀ।

''ਬੇਬੇ ਕਿੱਥੇ ਐ?''

''ਉਹ ਗਈ ਐ, ਐਧਰ ਈ ਕਿਧਰੇ ਕਿਸੇ ਦੇ ਘਰ''

''ਬੇਬੇ ਨੂੰ ਕਹਿ ਦੇ, ਅੱਗੇ ਨੂੰ ਕਿਸੇ ਦੇ ਵਿਆਹ 'ਤੇ ਨਹੀਂ ਜਾਣਾ। ਅਸੀਂ ਕੋਈ ਮੰਗਤੇ ਆਂ।''

''ਚੰਗਾ, ਨਹੀਂ ਜਾਂਦੇ ਕਿਸੇ ਦੇ। ਬਹੁਤਾ ਦੁਖੀ ਨਾ ਹੋਵੋ ਐਵੇਂ।'' ਸੀਤੋ ਨੇ ਉਹਨੂੰ ਠੰਡਾ ਛਿੜਕਿਆ।

Scanned by CamScanner

''ਲੈ ਦੱਸ, ਉਹ ਭਗਵਾਨ ਸੂੰ ਦਾ ਮੁੰਡਾ, ਨਾਉਂ ਰਖਾ ਛੱਡਿਐ ਜਰਨੈਲ ਸਿੰਘ, ਸਾਲਾ ਰਾਜਾ ਸਮਝਦੈ ਆਪਣੇ ਆਪ ਨੂੰ। ਅਖੇ-ਅਸੀਂ ਜਮੀਨਾਂ ਆਲੇ ਆਂ।'' ਬੁੜ-ਬੁੜ ਕਰਦਾ ਤਰਸੇਮ ਵਰਾਂਡੇ ਵਿਚ ਕੁਰਸੀ ਉੱਤੇ ਜਾ ਬੈਠਾ। ਗੁੱਸੇ ਵਿਚ ਉਹਨੂੰ ਯਾਦ ਹੀ ਨਹੀਂ ਰਹਿ ਗਿਆ ਸੀ ਕਿ ਉਹ ਵਿਹੜੇ ਦੀ ਧੁੱਪ ਵਿਚ ਬੈਠੇ।

4

ਭਗਵਾਨ ਸੂੰ ਬੀਮਾਰ ਰਹਿੰਦਾ। ਉਹਨੂੰ ਸਾਹ ਦੀ ਕਸਰ ਸੀ। ਦਮ ਉੱਖੜਿਆ ਰਹਿੰਦਾ। ਆਥਣ ਵੇਲੇ ਉਹ ਠੇਕੇ ਦੀ ਦੇਸੀ ਦਾਰੂ ਇਕ ਪਊਆ ਪੀਂਦਾ ਅਤੇ ਰੋਟੀ ਖਾਕੇ ਸੌਂ ਜਾਂਦਾ। ਦਾਰੂ ਪੀਣ ਨਾਲ ਉਹਦਾ ਸਾਹ ਟਿਕਿਆ ਰਹਿੰਦਾ। ਰਾਤ ਨੂੰ ਨੀਂਦ ਵੀ ਚੰਗੀ ਆ ਜਾਂਦੀ ਸੀ। ਵੱਡੇ ਤੜਕੇ ਉਹਨੂੰ ਖੰਘ ਛਿੜਦੀ। ਬੁਰਾ ਹਾਲ ਹੋ ਜਾਂਦਾ। ਜਿਵੇਂ ਕਾਲਜਾ ਢੇਰੀ ਹੋ ਜਾਣਾ ਹੋਵੇ। ਦਾਤਣ ਮੂੰਹ ਵਿਚ ਲੈ ਕੇ ਉਹ ਹਿੱਕ ਦੀ ਬਲਗਮ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ। ਬਲਗਮ ਨਿੱਕਲਦੀ ਵੀ ਬਹੁਤ। ਪਰ ਖੰਘ ਛਿੜਨੋਂ ਨਹੀਂ ਹਟਦੀ ਸੀ। ਮਸਾਂ ਕਿਤੇ ਦਿਨ ਚੜ੍ਹੇ ਜਾਕੇ ਉਹ ਸੂਤ ਹੁੰਦਾ। ਉਹ ਫੀਮ ਵੀ ਖਾਂਦਾ ਸੀ। ਫੀਮ ਖਾਣ ਨਾਲ ਹੱਡ-ਪੈਰ ਤਕੜੇ ਰਹਿੰਦੇ। ਥਕੇਵਾਂ ਮਹਿਸੂਸ ਨਹੀਂ ਹੁੰਦਾ ਸੀ। ਪਰ ਉਹਨੂੰ ਝੋਰਾ ਇਹ ਸੀ ਕਿ ਪਿੰਡ ਵਿਚੋਂ ਫੀਮ ਚੰਗੀ ਨਹੀਂ ਮਿਲਦੀ ਸੀ। ਕਦੇ ਕਦੇ ਹੀ ਵਧੀਆ ਆਉਂਦੀ। ਅਜਿਹੀ ਤਾਂ ਉਹਦੇ ਦੁਖ ਤੋੜ ਦਿੰਦੀ। ਆਮ ਤੌਰ ਉੱਤੇ ਮਾੜੀ ਮਿਲਦੀ-ਮਿਲਾਵਟ ਵਾਲੀ। ਫੀਮ ਵਾਲਾ ਬੰਦਾ ਇਹੋ ਕਹਿ ਕੇ ਆਪਣੀ ਜਾਨ ਛੁਡਾ ਲੈਂਦਾ-ਅਖੇ, ''ਉਤੋਂ ਜਹੀ ਜੀ ਆਉਂਦੀ ਐ, ਓਹੀ ਦਿੰਨਾਂ ਮੈਂ ਤਾਇਆ। ਮੈਂ ਆਪਣੇ ਕੋਲੋਂ ਕੁਸ ਨ੍ਹੀ ਕਰਦਾ।''

''ਫੇਰ ਉਹਨਾਂ ਨੂੰ ਕਹਿ ਸਹੁਰੇ ਮੇਰਿਆਂ ਨੂੰ ਬਈ ਚੰਗੀ ਘੱਲਿਆ ਕਰਨ, ਕਿਉਂ ਅਮਲੀਆਂ ਦਾ ਸਰਾਫ ਲੈਂਦੇ ਐ ਧੀ ਚੋਦ।''

''ਮੈਂ ਤਾਂ ਹਰ ਵਾਰੀ ਕਹਿਨਾਂ, ਨਨਹੁਰਿਆਂ ਨੂੰ, ਐਤਕੀ ਹੁਣ ਸਮਾਰ ਕੇ ਕਹੂੰਗਾ। ਥਈ ਨਹੀਂ ਭਾਈ ਗਾਹਕ ਹੋਰ ਕਿੱਧਰੇ ਲੱਗ ਜਾਣਗੇ। ਚੀਜ਼ ਚੰਗੀ ਲਿਆਇਆ ਕਰੋ।''

''ਓਏ ਭਾਈ ਗਜਬ ਸਾਈਂ ਦਾ, ਕਦੇ ਕਦੇ ਤਾਂ ਨਿਰਾ ਕੀੜਿਆਂ ਦਾ ਗੂੰਹ ਹੁੰਦੈ। ਭਾਅ ਓਹੀ। ਪੈਸੇ ਜਦੋਂ ਨਗਦ ਫੜਾਉਂਨੇ ਆਂ। ਚੀਜ਼ ਖਰੀ ਦਿਓ।''

ਭਗਵਾਨ ਸੂੰ ਅੱਕ ਕੇ ਕਦੇ ਕਦੇ ਆਪ ਰਾਜਸਥਾਨ ਨੂੰ ਤੁਰ ਪੈਂਦਾ। ਓਧਰੋਂ ਤਾਂ

Scanned by CamScanner

ਕੱਚ ਵਰਗੀ ਮਿਲਦੀ। ਉਹ ਪਾਈਆ ਪਾਈਆ ਲੈ ਆਉਂਦਾ ਸੀ। ਪਰ ਧੁੜਕੂ ਲੱਗਿਆ ਰਹਿੰਦਾ ਕਿ ਰਾਹ ਵਿਚ ਕਿੱਧਰੇ ਫੜੇ ਨਾ ਜਾਈਏ। ਪਰ ਉਹਦਾ ਚਿਹਰਾ ਅਮਲੀਆਂ ਵਰਗਾ ਨਹੀਂ ਸੀ। ਜਾਭਾਂ ਸੁੱਕੀਆਂ ਹੋਈਆਂ ਨਹੀਂ ਸਨ। ਨੱਕ ਨਹੀਂ ਸੁੜ੍ਹਕਦਾ ਸੀ। ਅਮਲੀਆਂ ਵਾਂਗ ਉਹਦੀਆਂ ਅੱਖਾਂ ਵੀ ਖੜ੍ਹੀਆਂ ਨਹੀਂ ਰਹਿੰਦੀਆਂ। ਦੇਖਣ ਵਿਚ ਤਾਂ ਉਹ ਸਾਧਾਰਣ ਜਿਹਾ ਲਗਦਾ। ਚਿਹਰਾ ਭਰਿਆ ਭਰਿਆ। ਗੱਲਾਂ ਉੱਤੇ ਲਾਲੀ ਸੀ। ਜਿਵੇਂ ਉਹਨੂੰ ਕੋਈ ਬਿਮਾਰੀ ਹੋਵੇ ਹੀ ਨਾ। ਫੀਮ ਉਹ ਥੋੜੀ ਹੀ ਖਾਂਦਾ ਸੀ। ਖਾਂਦਾ ਦੋਵੇਂ ਵੇਲੇ।

ਆਪਣੀ ਜਵਾਨੀ ਵੇਲੇ ਉਹਨੇ ਬਥੇਰਾ ਕੰਮ ਕੀਤਾ ਸੀ। ਬਥੇਰੀ ਦੇਹ ਤੋੜੀ ਸੀ। ਦਿਨ ਰਾਤ ਕੰਮ ਕਰਦਾ। ਥੱਕਦਾ ਨਹੀਂ ਸੀ। ਇਕੱਲੇ ਕੋਲ ਤੀਹ ਕਿੱਲੇ ਸੀ। ਉਹਨੂੰ ਤਾਂ ਹੌਸਲਾ ਹੀ ਬੜਾ ਸੀ। ਦੋ ਬਲਦਾਂ ਅਤੇ ਊਠ ਦੀ ਵਾਹੀ, ਘੁੱਕਰ ਵੀ ਉਹਤੋਂ ਘੱਟ ਨਹੀਂ ਸੀ। ਉਹ ਸਾਰੇ ਅਗਵਾੜ ਕੋਲੋਂ ਵੱਧ ਦਾਣੇ ਘਰ ਲਿਆਉਂਦੇ। ਪਰ ਇਹ ਸਾਹ ਦੀ ਬਿਮਾਰੀ ਉਹਨੂੰ ਪਤਾ ਨਹੀਂ ਕਿੱਧਰੋਂ ਆ ਚਿੰਬੜੀ ਸੀ। ਉਹ ਘਰ ਦੀ ਕੱਢੀ ਦਾਰੂ ਪੀਂਦੇ ਹੁੰਦੇ। ਘੁੱਕਰ ਤੇ ਭਗਵਾਨ ਸੂੰ ਖੇਤ ਵਿਚ ਹੀ ਕਿਧਰੇ ਲੁਕਵਾਂ ਜਿਹਾ ਤੌੜਾ ਦੱਬ ਦਿੰਦੇ। ਖੇਤ ਹੀ ਰਾਤ-ਬਰਾਤੇ ਕੱਢ ਲੈਂਦੇ। ਵੇਚਦੇ ਨਹੀਂ ਸਨ। ਆਪਣੇ ਪੀਣ ਨੂੰ ਕੱਢਦੇ। ਇਕ ਵਾਰ ਦਾਰੂ ਕੱਚੀ ਜਿਹੀ ਨਿੱਕਲੀ ਸੀ। ਭਗਵਾਨ ਸੂੰ ਤੱਤੀ ਤੱਤੀ ਪੀ ਗਿਆ ਸੀ। ਤਲਬ ਲੱਗੀ ਹੋਈ ਸੀ। ਬੱਸ ਓਥੋਂ ਹੀ ਕਹਿੰਦੇ ਉਹਨੂੰ ਸਾਹ ਹੋਣ ਲੱਗਿਆ ਸੀ। ਕਈ ਦਿਨ ਖਊਂ ਖਊਂ ਕਰਦਾ ਰਿਹਾ। ਤੇ ਫੇਰ ਜਿਵੇਂ ਖਊਂ ਖਊਂ ਕਰਨਾ ਉਹਦਾ ਸੁਭਾਅ ਹੀ ਹੋ ਗਿਆ। ਇੱਥੋਂ ਹੀ ਬੱਸ ਬਣ ਗਿਆ ਸਾਹ। ਮੁੜਕੇ ਉਹ ਹੱਸਦਾ ਹੁੰਦਾ, ''ਭੈਣ-ਚੋਦ ਜਿਹੜੀ ਚੀਜ਼ ਤੋਂ ਬਮਾਰੀ ਲੱਗੀ, ਉਹੀ ਹੁਣ ਦੁਆਈ ਬਣਗੀ। ਇਹਦੇ ਪੀਤੇ ਬਗੈਰ ਸਾਹ ਨ੍ਹੀ ਟਿਕਦਾ।''

ਪੁੱਤੀਂ-ਪੁੱਤੀਂ ਭਾਅ-

ਕੋਈ ਲਿਆਵੇ ਲੁਕੜੀਆਂ, ਕੋਈ ਲਿਆਵੇ ਘਾਹ।

ਮੱਕੀ ਦੀਆਂ ਵੱਟਾਂ ਪਾਉਂਦੇ ਘੁੱਕਰ ਤੇ ਭਗਵਾਨ ਸੂੰ ਗੱਲਾਂ ਕਰ ਰਹੇ ਸਨ। ਘੁੱਕਰ ਆਖ ਰਿਹਾ ਸੀ, ''ਬੱਸ ਥੋੜੇ ਸਾਲ ਈ ਐ ਅਖਿਆਈ ਤੈਨੂੰ। ਜਰਨੈਲ ਗੱਭਰੂ ਹੋਇਆ ਲੈ। ਇਕ ਦਿਨ ਆਪਣੇ ਬਰਾਬਰ ਦਾ ਹੋ ਜਾਣੈ ਇਹਨੇ। ਫੇਰ ਤਾਂ ਕੰਮ ਨੂੰ ਵਾਹਣੀਂ ਕਿਹੜਾ ਨਾ ਪਾ ਦਿਆਂਗੇ ਆਪਾਂ।''

''ਇਕ ਨ੍ਹੀ। ਦੋ ਚਾਹੀਦੇ ਨੇ ਪੁੱਤ, ਹਰੜਾਂ ਅਰਗੇ। ਸੁਣਿਆ ਨ੍ਹੀ, 'ਕੱਲੀ ਹੋਵੇ ਨਾ ਵਣਾਂ ਵਿਚ ਲੱਕੜੀ, ਕੱਲਾ ਨਾ ਹੋਵੇ ਪੁੱਤ ਜੱਟ ਦਾ। ਮੈਂ 'ਕੱਲਾ ਸੀ ਤਾਂ ਈ ਔਖਾ ਹੁੰਦਾ

Scanned by CamScanner

ਫਿਰਦਾਂ।''

''ਓਏ, ਅਜੇ ਤਾਂ ਕਾਰਖਾਨਾ ਚਲੱਦੈ। ਹੋਰ ਬਣਾ ਲੈ ਇੱਕ। ਏਥੇ ਕੀ ਕੁਸ ਲੈਣ ਜਾਣੈ। ਪੰਜੀਰੀ ਖਾ ਕੇ ਓਹੀ ਜ੍ਹੀ ਫੇਰ ਹੋ ਜੂ ਨੰਦ ਕੁਰ।'' ਘੁੱਕਰ ਹੱਸਣ ਲੱਗਿਆ।

''ਖੇਤੀ ਬੰਦਿਆਂ ਨਾਲ ਹੁੰਦੀ ਐ, ਘੁੱਕਰਾ! ਹੱਸਣ ਦੀ ਗੱਲ ਨ੍ਹੀ, ਬੰਦੇ ਦੋ ਹੋਣ, ਇਕ ਸੀਰੀ। ਫੇਰ ਨ੍ਹੀ ਸਾਹ ਲੈਣ ਦਿੰਦੇ ਧਰਤੀ ਨੂੰ।'' ਥੋੜਾ ਚਿਰ ਰੁਕ ਕੇ ਫੇਰ ਦੱਸਣ ਲੱਗਿਆ, ''ਲੈ ਤੇਰੇ ਕੋਲ ਬੁੱਕਲ ਖੋਲ੍ਹ ਈ ਦਿੰਨਾਂ, ਚੌਥਾ ਮ੍ਹੀਨਾ ਐ।''

ਘੁੱਕਰ ਨੇ ਜਿੰਦਰਾ ਖਿੱਚਣਾ ਬੰਦਾ ਕਰ ਦਿੱਤਾ। ਪੁੱਠੀ ਛਲ ਮਾਰੀ। ''ਛੱਡ ਵੱਟਾਂ ਨੂੰ। ਦਿਨ ਵੀ ਛਿਪਣ ਆਲੈ'' ਕਹਿੰਦਾ, ''ਲਿਆਮਾਂ ਕਿਸੇ ਵੱਟ ਚੋਂ ਕੱਢਕੇ? ਅੱਜ ਤਾਂ ਪੀਮਾਂਗੇ। ਨਾਲੇ ਦੇਖ ਲੀਂ, ਮੁੰਡਾ ਹੋਊ। ਆਲ੍ਹਾ ਨ੍ਹੀ ਜਾਂਦਾ ਮੇਰਾ ਬੋਲ।''

ਉਹ ਖੇਤ ਬੈਠ ਕੇ ਹੀ ਪੀਣ ਲੱਗੇ ਸਨ।

''ਮੁੰਡਾ ਹੋ ਗਿਆ ਤਾਂ ਦੋਵੇਂ ਭਾਈ ਵਧੀਆ ਖੇਤੀ ਕਰਨਗੇ।'' ਘੁੱਕਰ ਭਗਵਾਨ ਸੂੰ ਦੇ ਸੁਪਨੇ ਜਗਾਉਣ ਲੱਗਿਆ।

''ਰੱਬ ਦੀ ਕੁਦਰਤ ਦਾ ਕੋਈ ਪਤਾ ਨ੍ਹੀ ਭਾਈ, ਕੁੜੀ ਵੀ ਹੋ ਸਕਦੀ ਐ।'' ਭਗਵਾਨ ਸੂੰ ਦਾ ਸੁਪਨਾ ਸਾਕਾਰ ਨਹੀਂ ਹੁੰਦਾ ਦਿਸਦਾ ਸੀ।

''ਕੁੜੀ ਇਕ ਹੋਗੀ ਪਹਿਲਾਂ, ਬਥੇਰੀ ਐ। ਹੁਣ ਹੋਰ ਕੁੜੀ ਨ੍ਹੀ ਹੁੰਦੀ। ਨੰਦ ਕੁਰ ਦੇ, ਨਾਲੇ ਜਾਰ ਰੱਬ ਉੱਤੋਂ ਦੇਖਦਾ ਵੀ ਐ। ਕੁੜੀਆਂ ਤਾਂ ਘਰ ਹੁੰਝ ਕੇ ਲੈ ਜਾਂਦੀਆਂ ਨੇ ਜੱਟਾਂ ਦਾ। ਤੂੰ ਸੰਸਾ ਨਾ ਕਰ। ਮੁੰਡਾ ਹੋਊ।'' ਘੁੱਕਰ ਉਹਦਾ ਦਿਲ ਧਰਾਉਣ ਲੱਗਿਆ।

''ਕਰਮਾਂ ਦੀ ਗੱਲ ਐ, ਘੁੱਕਰਾ, ਮੁੰਡਾ ਹੋਇਆ ਤਾਂ ਮੇਰੀ ਉਮਰ ਵੱਧ ਜੂ। ਜੁਆਨ ਹੋ ਕੇ ਆਪੇ ਸਭ ਸਮ੍ਹਾਲ ਲੈਣਗੇ। ਮੈਂ ਸੁਰਖਰੂ ਹੋ ਜੂੰ। ਕੱਲੇ ਬੰਦੇ ਦੀ ਕੋਈ ਜੂਨ ਨੀ ਭਰਾਵਾ।''

''ਜਦੋਂ ਉੱਠ ਖੜ੍ਹੇ ਦੋਮੇ ਪੁੱਤ, ਦੇਖੀਂ ਫੇਰ ਤੇਰੀ ਪਿੰਸਲ ਕਰ ਦਿਆਂਗੇ। ਮੈਂ ਹੈਗਾ। ਦੋਮਾਂ ਨੂੰ ਐਨ ਬਣਾ ਦੂੰ ਪੱਕੇ ਹਾਲੀ। ਖੇਤੀ ਨੂੰ ਤਾਂ ਮੂਹਰੇ ਲਾ ਲਾਂਗੇ। ਤਿੰਨੇ ਅਸੀਂ।'' ਘੁੱਕਰ ਨੂੰ ਦੂਜਾ ਪੈੱਗ ਖਾਸਾ ਤਰਾਰਾ ਦੇ ਗਿਆ।

ਭਗਵਾਨ ਸੂੰ ਹੱਸਣ ਲੱਗ ਪਿਆ।

''ਕਿਉਂ ਹੱਸੀਂ ਜਾਨੈਂ? ਕੀ ਗੱਲ?''

''ਜਦੋਂ ਨੂੰ ਮੁੰਡੇ ਜੁਆਨ ਹੋਣਗੇ, ਓਦੋਂ ਨੂੰ ਤੂੰ ਨ੍ਹੀ ਢਲਜੇਂਗਾ? ਮੇਰੀ ਪਿੰਸਲ

Scanned by CamScanner

ਕਰਨ ਨੂੰ ਫਿਰਦੇਂ। ਤੂੰ ਮੇਰੇ ਜਿੱਡਾ ਈ ਐਂ।''

''ਨਹੀਂ, ਮੈਂ ਨ੍ਹੀ ਹਾਰਦਾ। ਮੈਨੂੰ ਪਤੈ, ਮੇਰਾ ਹੱਡ ਤਕੜੈ। ਮੇਰੇ ਪਿਓ 'ਤੇ ਆਂ ਮੈਂ। ਔਹ ਬੈਠੈ ਓਹੋ ਜ੍ਹਾ। ਕੰਮ ਚਾਹੇ ਕਦੋਂ ਦਾ ਛੱਡ ਰੱਖਿਐ, ਪਰ ਘੋੜੇ ਅਰਗੈ ਅਜੇ ਵੀ।''

''ਨਹੀਂ ਘੁੱਕਰਾ, ਉਹ ਖੁਰਾਕਾਂ ਨਹੀਂ ਰਹੀਆਂ ਹੁਣ। ਜਦੋਂ ਦਾ ਦੁੱਧ ਵਿਕਣ ਲੱਗਿਐ, ਸਰੀਰ ਰਹੇ ਈ ਨ੍ਹੀ। ਘਰਾਂ ਦੀਆਂ ਲੋੜਾਂ ਦਾ ਅੰਤ ਨ੍ਹੀ ਭਾਈ। ਕਿਥੋਂ ਖਾਲੂ ਕੋਈ, ਕਿਥੋਂ ਖਵਾਦੂ।''

''ਮੈਂ ਦੱਸਾਂ, ਆਪਣੀ ਪੁਸ਼ਤਾਂ ਆਲੀ ਸਾਂਝ ਐ। ਪਹਿਲਾਂ ਬਾਪੂ ਵੀ ਸੀਰੀ ਰਹਿਐ ਥੋਡੇ ਬੁੜ੍ਹੇ ਨਾਲ। ਹੁਣ ਦੇਖ ਮੈਂ ਆਂ ਕਿੰਨੇ ਵਰ੍ਹਿਆਂ ਤੋਂ। ਮੈਂ ਥਿਵ ਗਿਆ ਤਾਂ ਗਾਹਾਂ ਗੇਬੂ ਤਿਆਰ ਐ। ਉਹ ਵੀ ਭਰੀ ਜਾਂਦੈ।''

''ਹਾਂ, ਇਉਂ ਆਖ। ਗੇਬੂ ਕਰੂ ਮੁੰਡਿਆਂ ਨਾਲ ਕੰਮ।''

ਸੂਰਜ ਕਦੋਂ ਦਾ ਧਰਤੀ ਤੋਂ ਥੱਲੇ ਕਿਧਰੇ ਲਹਿ ਗਿਆ ਸੀ। ਲਿਸ਼ਕੋਰਾਂ ਦਾ ਚਾਨਣ ਵੀ ਮੁਕਦਾ ਜਾ ਰਿਹਾ ਸੀ। ਘੁਸਮੁਸਾ ਜਿਹਾ ਹੋਣ ਲੱਗਿਆ। ਉਹਨਾਂ ਨੇ ਤੀਜਾ ਹਾੜਾ ਲਾਇਆ ਅਤੇ ਕੱਚ ਦੇ ਗਿਲਾਸ ਤੇ ਪਾਣੀ ਵਾਲਾ ਪਿੱਤਲ ਦਾ ਡੋਲੂ ਕੋਠੇ ਵਿਚ ਜਾ ਧਰੇ। ਬਚਦੀ ਸ਼ਰਾਬ ਦੀ ਬੋਤਲ ਭਗਵਾਨ ਸੂੰ ਨੇ ਚਾਦਰੇ ਦੇ ਡੱਬ ਵਿਚ ਦੇ ਲਈ। ਇਕ ਇਕ ਹਾੜਾ ਮਸਾਂ ਰਹਿੰਦਾ ਹੋਵੇਗਾ। ਉਹਨਾਂ ਦੀ ਸਲਾਹ ਸੀ ਕਿ ਉਹ ਜਾ ਕੇ ਰੋਟੀ ਖਾਣ ਤੋਂ ਪਹਿਲਾਂ ਇਹ ਪੀ ਲੈਣਗੇ। ਉਹ ਕਾਹਲ ਕਰਨ ਲੱਗੇ। ਪਿੰਡ ਜਾ ਕੇ ਅਜੇ ਕੱਖਾਂ ਦਾ ਕੁਤਰਾ ਕਰਨਾ ਸੀ। ਤੂੜੀ ਵਿਚ ਹਰਾ ਰਲਾ ਕੇ ਪਸ਼ੂਆਂ ਦੀਆਂ ਖੁਰਲੀਆਂ ਭਰਨੀਆਂ ਸਨ। ਭੁੱਖਣ-ਭਾਣੇ ਖੜ੍ਹੇ ਹੋਣਗੇ। ਨੰਦਕੁਰ ਤੇ ਜਰਨੈਲ ਐਨਾ ਵੀ ਕਰਨ ਜੋਗੇ ਨਹੀਂ ਸਨ। ਪਹਿਲਾਂ ਤਾਂ ਪਾਲੀ ਨੂੰ ਨਾਲ ਲਾ ਕੇ ਨੰਦ ਕੁਰ ਕਰ ਲੈਂਦੀ ਸੀ। ਪਰ ਹੁਣ ਨੰਦ ਕੁਰ ਤੋਂ ਅਜਿਹੇ ਕੰਮ ਹੁੰਦੇ ਨਹੀਂ ਸਨ। ਸਾਹ ਚੜ੍ਹ ਜਾਂਦਾ। ਉਂਜ ਵੀ ਉਹ ਬਚ ਬਚ ਕੇ ਰਹਿੰਦੀ। ਨਾ ਜਾਣੀਏ, ਕੋਈ ਸੱਟ ਫੇਟ ਲੱਗ ਜਾਵੇ। ਜਰਨੈਲ ਖਾਸਾ ਉਡਾਰ ਹੋ ਚੁੱਕਿਆ ਸੀ। ਹੁਣ ਮਸਾਂ ਕਿਤੇ ਨੰਦ ਕੁਰ ਦੇ ਪੈਰ ਭਾਰੀ ਹੋਏ ਸਨ। ਇੱਕਲੇ ਪਾਲੀ ਤੋਂ ਕੱਖ ਕੁਤਰੇ ਨਹੀਂ ਜਾਂਦੇ ਸਨ। ਉਹ ਮਸ਼ੀਨ ਫੇਰੇ ਕਿ ਰੁੱਗ ਲਾਵੇ।

ਘੁਸਮੁਸੇ ਚਾਨਣ ਵਿਚ ਭਗਵਾਨ ਸੂੰ ਵੱਟਾਂ ਵਲ ਗੇੜਾ ਮਾਰਨ ਚਲਾ ਗਿਆ। ਉਹਨੂੰ ਡਰ ਸੀ ਕਿ ਜਿੰਦਰੇ ਨੇ ਕਿਤੇ ਮੱਕੀ ਦੇ ਢੰਗੂਰ ਵੱਢ ਨਾ ਦਿੱਤੇ ਹੋਣ। ਪਰ ਢੰਗੂਰ ਉਹਨੂੰ ਕਿਧਰੇ ਕੋਈ ਦਿਸਿਆ ਨਹੀਂ ਸੀ। ਮੱਕੀ ਦਾ ਸਾਬਤ ਦਾਣਾ ਕਿਧਰੇ ਕਿਧਰੇ ਕੋਈ ਪਿਆ ਸੀ।

Scanned by CamScanner

5

ਜਰਨੈਲ ਚੌਦਾਂ ਪੰਦਰਾਂ ਸਾਲ ਦਾ ਹੋਇਆ ਤਾਂ ਰਿਹਾੜ ਕਰਨ ਲੱਗਿਆ ਕਿ ਟਰੈਕਟਰ ਲੈਣਾ ਹੈ। ਪੜ੍ਹਦਾ ਤਾਂ ਉਹ ਹੈਨ੍ਹੀ ਸੀ, ਖੇਤੀ ਦੇ ਕੰਮ ਵਿਚ ਹੀ ਪੈਣਾ ਸੀ। ਨਿੱਕੇ ਮੋਟੇ ਕੰਮ ਕਰਦਾ। ਪਾਲੀਆਂ ਵਾਲੇ। ਚਾਹੇ ਉਸ ਤੋਂ ਬਾਅਦ ਦੋ ਮੁੰਡੇ ਹੋਰ ਹੋ ਚੁੱਕੇ ਸਨ। ਪਰ ਉਹ ਹਾਲੇ ਵੀ ਮਾਂ ਦਾ ਸਭ ਤੋਂ ਵੱਧ ਲਾਡਲਾ ਸੀ। ਆਖਦਾ, ''ਖੇਤੀ ਤਾਂ ਕਰੂੰ ਜੇ ਟਰੈਕਟਰ ਲੈ ਕੇ ਦਿਉਂਗੇ। ਆਪਾਂ ਤੋਂ ਮਾੜੇ ਮਾੜੇ ਘਰਾਂ ਕੋਲ ਟਰੈਕਟਰ ਐ। ਆਪਾਂ ਵੀ ਲੈ ਲੋ।''

''ਓਏ ਕਿੱਥੋਂ ਲੈ ਲੀਏ? ਅਖੇ ਚਿੱਤੜਾਂ 'ਚ ਗੂੰਹ ਨੀ ਕਾਵਾਂ ਨਾਲ ਸਾਈਆਂ। ਕਬੀਲਦਾਰੀ ਮਸਾਂ ਤੁਰਦੀ ਐ। ਟਰੈਕਟਰ ਭਾਲਦੈ।'' ਭਗਵਾਨ ਸੂੰ ਜਵਾਬ ਦਿੰਦਾ। ਘੁੱਕਰ ਵੀ ਟਰੈਕਟਰ ਦੇ ਹੱਕ ਵਿਚ ਨਹੀਂ ਸੀ। ਉਹਨੂੰ ਤੌਖਲਾ ਸੀ ਕਿ ਜੇ ਟਰੈਕਟਰ ਘਰ ਆ ਗਿਆ ਤਾਂ ਉੱਠ ਬਲਦਾਂ ਦਾ ਕੰਮ ਮੁੱਕ ਜਾਣੈ। ਮੈਂ ਬੇਕਾਰ ਹੋ ਜੂੰ। ਉਹ ਹੱਸਣ ਲੱਗਦਾ, ''ਟਰੈਕਟਰ ਤਾਂ ਜੀਮੀਂ ਖਾਣ ਲੱਗ ਪੈਂਦੈ।''

''ਉਹ ਕਿਵੇਂ?'' ਜਰਨੈਲ ਅੱਖਾਂ ਚੌੜੀਆਂ ਕਰਦਾ, ''ਤੇਲ ਭਾਲਦੈ। ਤੇਲ ਮਹਿੰਗਾ ਬਹੁਤ ਐ। ਜਿਮੇਂ ਊਂਠ-ਬਲਦ ਕੱਖ ਖਾਂਦੇ ਐ, ਟਰੈਕਟਰ ਤੇਲ ਖਾਂਦੈ। ਤੇਲ ਨਾ ਹੋਵੇ ਤਾ ਖੜ੍ਹਾ ਰਹਿੰਦੈ, ਟੁੱਟਿਆ ਗੱਡਾ। ਟਰੈਕਟਰਾਂ ਨੇ ਤਾਂ ਭਾਈ ਤਬਾਹ ਕਰਤੀ ਦੁਨੀਆਂ।''

''ਕਿਉਂ, ਉਹ ਕਿਮੇਂ? ਟਰੈਕਟਰ ਆਲਿਆਂ ਦੇ ਦੁੱਗਣੇ ਦਾਣੇ ਹੁੰਦੇ ਐ। ਟਰੈਕਟਰ ਤਾਂ ਆਵਦਾ ਖਰਚ ਆਪ ਕੱਢੀਂ ਜਾਂਦੈ, ਮੈਨੂੰ ਕਿਤੇ ਪਤਾ ਨ੍ਹੀ।''

'ਤਾਂ ਲੈ ਲੋ ਫੇਰ। ਦੇਖ ਲੋ ਚੰਡੀ ਦਾ ਭੌਣ।'' ਘੁੱਕਰ ਗੰਭੀਰ ਹੋ ਕੇ ਆਖਦਾ। ਨੰਦ ਕੁਰ ਦਾ ਤਰਕ ਸੀ, ''ਊਂ ਤਾਂ ਜੇ ਟਰੈਕਟਰ ਵਿਹੜੇ 'ਚ ਖੜ੍ਹਾ ਹੋਵੇ ਤਾਂ ਮੁੰਡੇ ਕੁੜੀਆਂ ਨੂੰ ਸਾਕ ਚੰਗੇ ਹੋ ਜਾਂਦੇ ਨੇ। ਟਰੈਕਟਰ ਦਾ ਨਾਉਂ ਵੱਡਾ ਐ ਭਾਈ।''

ਘੁੱਕਰ ਫੇਰ ਨਹੀਂ ਬੋਲਿਆ।

ਭਗਵਾਨ ਸੂੰ ਕਹਿੰਦਾ, ''ਤੂੰ ਆਵਦਾ ਨਾਉਂ ਵੱਡਾ ਕਰ ਪਹਿਲਾਂ। ਅਖੇ ਅਸੀਂ ਢੁੱਕਣਾ ਜੈਕੁਰੇ ਤੇਰੇ, ਛੱਪਰੀ ਦਾ ਕੱਖ ਨਾ ਰਹੇ। ਠੀਕ ਐ, ਭਾਈ। ਲੈ ਲੈਨੇ ਆਂ ਫੇਰ।''

ਜਰਨੈਲ ਨੇ ਮਾਂ ਨੂੰ ਘੁੱਟ ਕੇ ਜੱਫੀ ਪਾ ਲਈ। ਮੁਖਤਿਆਰੇ ਤੇ ਕਰਨੈਲ ਦੇ ਬੁੱਲ੍ਹਾਂ

Scanned by CamScanner

ਉੱਤੇ ਵੀ ਮੁਸਕਾਣ ਸੀ। ਮ੍ਹਿੰਦਰ ਤਾਂ ਅਜੇ ਨਿਆਣਾ ਸੀ। ਉਹਨੂੰ ਕੀ ਸੁਰਤ ਸੀ ਇਨ੍ਹਾਂ ਗੱਲਾਂ ਦੀ।

ਭਗਵਾਨ ਸੂੰ ਨੇ ਪਟਵਾਰੀ ਨੂੰ ਪੈਸੇ ਦੇ ਕੇ ਦਸ ਕਿੱਲਿਆਂ ਦੇ ਨਬੰਰ ਲੁਹਾਏ ਅਤੇ ਬੈਂਕ ਦੇ ਫਾਰਮ ਭਰ ਦਿੱਤੇ। ਥੋੜੇ ਦਿਨਾਂ ਬਾਅਦ ਹੀ ਉਹਨਾਂ ਦੇ ਵਿਹੜੇ ਵਿਚ ਟਰੈਕਟਰ ਖੜ੍ਹਾ ਸੀ। ਟਰੈਕਟਰ ਦੇ ਸਟੇਅਰਿੰਗ ਨੂੰ ਲੋਗੜੀ ਦੇ ਫੁੱਲ ਬੰਨ੍ਹੇ ਗਏ। ਨਿੱਤ ਤੜਕੇ ਧੂਫ ਦਿੱਤੀ ਜਾਂਦੀ। ਅਗਲੇ ਦਿਨ ਸਾਰੇ ਅਗਵਾੜ ਵਿੱਚ ਲੱਡੂ ਵੰਡੇ ਸਨ। ਆਂਢੀ-ਗੁਆਂਢੀ ਟਰੈਕਟਰ ਦੇਖਣ ਉਨ੍ਹਾਂ ਦੇ ਘਰ ਆਏ। ਸ਼ਰੀਕ ਮੱਚ ਰਹੇ ਹੋਣਗੇ ਪਰ ਉੱਤੋਂ ਉੱਤੋਂ ਵਧਾਈਆਂ ਦਿੰਦੇ। ਜਿਵੇਂ ਘਰ ਵਿਚ ਨਵੀਂ ਬਹੂ ਨੇ ਪੈਰ ਧਰਿਆ ਹੋਵੇ।

ਜਰਨੈਲ ਲੋਕਾਂ ਦੇ ਟਰੈਕਟਰਾਂ ਉੱਤੇ ਬੈਠਣਾ ਸਿੱਖ ਗਿਆ ਸੀ। ਉਹਦੇ ਹਾਣੀ ਮੁੰਡਿਆਂ ਨੇ ਉਹਨੂੰ ਸਭ ਦੱਸ ਦਿੱਤਾ ਸੀ। ਉਹ ਪਹਿਲੇ ਦਿਨ ਹੀ ਆਪਣਾ ਟਰੈਕਟਰ ਲੈ ਕੇ ਖੇਤ ਗਿਆ। ਪਿੰਡ ਦੀ ਫਿਰਨੀ ਉੱਤੇ ਗੇੜੇ ਦਿੱਤੇ। ਸਟੇਅਰਿੰਗ ਘੁਮਾ ਫਿਰਾ ਰਿਹਾ ਉਹ ਦੂਰ ਖੜ੍ਹੇ ਲੋਕਾਂ ਵੱਲ ਝਾਕਦਾ ਨਹੀਂ ਸੀ। ਮਨ ਹੀ ਮਨ ਇਕ ਨਸ਼ਾ ਜਿਹਾ ਮਹਿਸੂਸ ਕਰਦਾ ਕਿ ਉਹ ਉਹਦੇ ਵਲ ਝਾਕਦੇ ਹੋਣਗੇ ਤਾਂ ਕਿੰਨਾ ਹਸਦ ਕਰਦੇ ਹੋਣਗੇ। ਆਖਦੇ ਹੋਣਗੇ, ''ਲੈ ਬਈ ਆ ਗਿਆ ਟਰੈਕਟਰ ਭਗਵਾਨ ਸੂੰ ਦੇ ਲਾਣੇ ਕੋਲ ਵੀ।'' ਟਰੈਕਟਰ ਉੱਤੇ ਬੈਠਾ ਉਹ ਬਿਨਾਂ ਮਤਲਬੋਂ ਹੀ ਹਾਰਨ ਵਜਾ ਰਿਹਾ ਹੁੰਦਾ ਅਤੇ ਉਹਨੂੰ ਲਗਦਾ ਜਿਵੇਂ ਕੋਈ ਰਾਜਾ ਹਾਥੀ ਉੱਤੇ ਬੈਠਾ ਝੂਲਦਾ ਜਾ ਰਿਹਾ ਹੋਵੇ। ਜਿਵੇਂ ਉਹਦੇ ਥੱਲੇ ਹਵਾਈ ਜਹਾਜ਼ ਹੋਵੇ।

ਮੁਖਤਿਆਰੋ ਅਠਾਰਾਂ-ਵੀਹ ਸਾਲ ਦੀ ਹੋ ਚੁੱਕੀ ਸੀ। ਉਹਦੇ ਲਈ ਮੁੰਡਾ ਤਾਂ ਕਦੋਂ ਦਾ ਉਹ ਭਾਲ ਵੇਖ ਰਹੇ ਹਨ। ਪਰ ਫੇਰ ਇਕ ਮੁੰਡਾ ਉਹਨਾਂ ਨੂੰ ਪਸੰਦ ਆ ਗਿਆ। ਇਕੱਲਾ ਮੁੰਡਾ, ਨਾ ਕੋਈ ਭੈਣ ਨਾ ਭਾਈ। ਮੁੰਡੇ ਨੂੰ ਪੰਦਰਾਂ ਕਿੱਲੇ ਜ਼ਮੀਨ ਆਉਂਦੀ ਸੀ। ਫੰਨੇ ਖਾਂ ਘਰ ਸੀ। ਉਹਨਾਂ ਕੋਲ ਟਰੈਕਟਰ ਵੀ ਸੀ। ਕੁੜੀ ਦੇ ਐਨ੍ਹ ਹਾਣ-ਪ੍ਰਵਾਨ। ਬੱਸ ਦੋ ਕੁ ਸਾਲ ਹੀ ਵੱਡਾ ਹੋਵੇਗਾ। ਅਗਲਿਆਂ ਨੇ ਤੀਹ ਕਿਲਿਆਂ ਦੇ ਮਾਲਕ, ਟਰੈਕਟਰ ਵਾਲਾ ਘਰ ਦੇਖ ਕੇ ਹੀ ਰਿਸ਼ਤਾ ਲਿਆ ਸੀ। ਫੇਰ ਕੁੜੀ ਦੇ ਤਿੰਨ ਭਰਾ ਸਨ। ਬੰਦਿਆਂ ਦੀ ਬਰਕਤ ਹੁੰਦੀ ਹੈ। ਕੁੜੀ ਭਰਾਵਾਂ ਨਾਲ ਖੁੱਲ੍ਹਾ ਡੁੱਲ੍ਹਾ ਵਰਤੇਗੀ।

ਫੇਰ ਜਰਨੈਲ ਨੂੰ ਰਿਸ਼ਤੇ ਆਉਣ ਲੱਗੇ। ਪਰ ਨੰਦ ਕੁਰ ਦੇ ਨੱਕ ਥੱਲੇ ਕੋਈ ਕੁੜੀ ਨਾ ਆਈ। ਪਹਿਲੀ ਸ਼ਰਤ ਤਾਂ ਇਹ ਹੁੰਦੀ ਕਿ ਘਰ ਟਰੈਕਟਰ ਵਾਲਾ ਹੋਵੇ। ਉਹ ਮੁੰਡੇ ਨੂੰ ਮੋਟਰ ਸਾਈਕਲ ਲਵੇਗੀ। ਕੁੜੀ ਦਾ ਕੱਦ ਵੱਡਾ ਹੋਵੇ। ਉਹ ਮੋਟੀ ਨਾ ਹੋਵੇ ਨਾ ਬਹੁਤੀ ਪਤਲੀ। ਰੰਗ ਗੋਰਾ ਹੋਵੇ। ਕੁੜੀ ਦੇ ਭਾਈ ਹੋਣ। ਭਾਈਆਂ ਬਗੈਰ ਉਹ ਵਰਤੂਗੀ ਕੀਹਦੇ

Scanned by CamScanner

ਨਾਲ। ਬਰਾਤ ਦਾ ਸੌ ਬੰਦਾ ਆਊਗਾ। ਬਰਾਤ ਇਕ ਰਾਤ ਵੀ ਰਹੂਗੀ। ਰੋਟੀ ਵਧੀਆ ਖਵਾਈ ਜਾਵੇ। ਬੱਕਰੇ ਵੱਢੇ ਜਾਣ ਅਤੇ ਸ਼ਰਾਬ ਖੁੱਲ੍ਹੀ ਵਰਤੇ। ਜਿਵੇਂ ਉਹਨਾਂ ਨੇ ਆਪਣੀ ਮੁਖਤਿਆਰੋ ਵੇਲੇ ਕੀਤਾ ਸੀ। ਵੀਹ ਤੋਲੇ ਸੋਨਾ ਪਵਾਊਗੀ ਉਹ। ਇੱਕੀ ਬਿਸਤਰੇ। ਐਦੂੰ ਇਕ ਡਾਲ ਘੱਟ ਨਹੀਂ।

ਜਿਉਂ ਜਿਉਂ ਜਰਨੈਲ ਵੱਡਾ ਹੁੰਦਾ ਜਾ ਰਿਹਾ ਸੀ, ਨੰਦ ਕੁਰ ਦੀਆਂ ਮੰਗਾਂ ਵਧਦੀਆਂ ਜਾ ਰਹੀਆਂ ਸਨ। ਜਦੋਂ ਕਿ ਮੁੰਡੇ ਨੂੰ ਰਿਸ਼ਤਾ ਨਹੀਂ ਹੋ ਰਿਹਾ ਸੀ। ਉਧਰ ਜ਼ਮੀਨ ਕੁਤਰੀ ਜਾਣ ਲੱਗੀ। ਭਗਵਾਨ ਸੂੰ ਨੇ ਨਿਆਈਂ ਵਾਲਾ ਚਾਰ ਕਿੱਲੇ ਖੇਤ ਚੋਰੀਓਂ ਆੜ੍ਹਤੀਏ ਨੂੰ ਰਹਿਣ ਕਰ ਦਿੱਤਾ ਸੀ। ਚੋਰੀਓਂ ਹੀ ਉਹ ਆੜ੍ਹਤੀਏ ਨੂੰ ਜ਼ਮੀਨ ਦਾ ਹਿੱਸਾ ਦਿੰਦਾ। ਸਰਦਾ ਨਹੀਂ ਸੀ। ਕੀ ਕਰਦਾ ਉਹ। ਇਕ ਤਾਂ ਕੁੜੀ ਦੇ ਵਿਆਹ ਨੇ ਉਹਨੂੰ ਖੁੰਘਲ ਕਰ ਦਿੱਤਾ ਸੀ। ਦੂਜੇ ਟਰੈਕਟਰ ਦੀ ਕਿਸ਼ਤ ਖੜ੍ਹੀ ਰਹਿੰਦੀ। ਛੇ ਮਹੀਨੇ ਜਿਵੇਂ ਇਕ ਮਹੀਨੇ ਵਿਚ ਹੀ ਲੰਘ ਜਾਂਦੇ ਹੋਣ। ਬਹੁਤੀ ਗੱਲ ਕੀ, ਦੁਰਗਾ ਮੱਲ ਆੜ੍ਹਤੀਏ ਤੋਂ ਪੈਸੇ ਲਿਆ ਕੇ ਕਿਸ਼ਤ ਭਰਨੀ ਪੈਂਦੀ। ਕਿੱਥੇ ਤਾਂ ਇਹ ਉਮੀਦ ਸੀ ਕਿ ਟਰੈਕਟਰ ਕਰਕੇ ਦੁੱਗਣੀ ਕਮਾਈ ਹੋਣ ਲੱਗੇਗੀ, ਪਰ ਹੁਣ ਹਾਲ ਇਹ ਸੀ ਕਿ ਟਰੈਕਟਰ ਜ਼ਮੀਨ ਨੂੰ ਖਾਣ ਲੱਗ ਗਿਆ। ਘੁੱਕਰ ਨੇ ਜਿਹੜੀ ਗੱਲ ਕਦੇ ਆਖੀ ਸੀ, ਉਹ ਹੁਣ ਸੱਚ ਸਾਬਤ ਹੋ ਰਹੀ ਸੀ।

ਭਗਵਾਨ ਸੂੰ ਥੱਕਿਆ-ਟੁੱਟਿਆ ਆਥਣ ਨੂੰ ਘਰ ਆਉਂਦਾ। ਸੰਸਿਆਂ- ਫਿਕਰਾਂ ਵਿਚ ਦਾਰੂ ਦੇ ਦੋ ਹਾੜੇ ਲਾ ਲੈਂਦਾ। ਰੋਟੀ ਖਾ ਕੇ ਪੈਂਦਾ, ਪਰ ਨੀਂਦ ਨਹੀਂ ਆਉਂਦੀ ਸੀ। ਕਬੀਲਦਾਰੀ ਖੱਖੜੀਆਂ ਕਰੇਲੇ ਹੁੰਦੀ ਜਾ ਰਹੀ ਸੀ। ਕੁੜੀ ਦਾ ਦੇਣ ਲੈਣ ਹੀ ਨਹੀਂ ਮੁਕਦਾ ਸੀ। ਕਦੇ ਉਹਦਾ ਕੋਈ ਤਿਹਾਰ, ਕਦੇ ਕੋਈ। ਸੋਚਿਆ ਸੀ, ਕੁੜੀ ਵਿਆਹੀ ਗਈ ਤਾਂ ਉਹਦਾ ਖਰਚ ਮੁੱਕ ਜਾਵੇਗਾ। ਪਰ ਕੁੜੀ ਤਾਂ ਡੂੰਘਾ ਧੋਰੀ ਖਾਲ ਸੀ, ਜਿਸ ਰਾਹੀਂ ਉਹਨਾਂ ਦੇ ਘਰ ਦੀ ਸਾਰੀ ਕਮਾਈ ਪਾਣੀ ਵਾਂਗ ਵਹਿੰਦੀ ਜਾ ਰਹੀ ਸੀ। ਸੱਸ ਦੀਆਂ ਫਰਮਾਇਸ਼ਾਂ ਨਹੀਂ ਮੁੱਕਦੀਆਂ ਸਨ। ਉਹ ਕਿਵੇਂ ਵੀ ਖੁਸ਼ ਨਾ ਹੁੰਦੀ। ਭਗਵਾਨ ਸੂੰ ਨੂੰ ਨੀਂਦ ਨਾ ਆਉਂਦੀ। ਕਬੀਲਦਾਰੀ ਦਾ ਗੁਬਾਰ ਉਹਦੇ ਸਿਰ ਨੂੰ ਚੜ੍ਹਿਆ ਹੁੰਦਾ। ਉਹ ਨੰਦ ਕੁਰ ਨਾਲ ਗੱਲਾਂ ਕਰਨ ਲੱਗਦਾ। ਬਾਕੀ ਸਾਰੇ ਜੁਆਕ ਇਧਰ ਉਧਰ ਸੌਂ ਚੁੱਕੇ ਹੁੰਦੇ। ਗੱਲਾਂ ਕਰਦੇ ਕਰਦੇ ਉਹ ਨੇੜੇ ਹੋਣ ਲਗਦੇ। ਨੀਂਦ ਲਿਆਉਣ ਦਾ ਇਕੋ ਇਕ ਖਾਨਦਾਨੀ ਨੁਸਖਾ ਕਿ ਉਹ ਇਕ ਮੰਜੇ ਉਤੇ ਹੋ ਜਾਂਦੇ। ਤੇ ਫੇਰ ਜਿਵੇਂ ਘੋੜੇ ਵੇਚ ਕੇ ਸੁੱਤੇ ਹੋਣ। ਨਤੀਜਾ ਇਹ ਕਿ ਸ਼ਿੰਦਰਾ ਘਰ ਵਿਚ ਆ ਗਿਆ। ਚੌਥਾ ਮੁੰਡਾ।

ਨੰਦ ਕੁਰ ਨੇ ਜਦੋਂ ਇਹ ਸ਼ਿੰਦਰਾ ਜੰਮਣਾ ਸੀ, ਉਹਨਾਂ ਦਿਨਾਂ ਵਿਚ ਹੀ ਮੁਖਤਿਆਰੋ

Scanned by CamScanner

ਨੂੰ ਜੁਆਕ ਹੋਣਾ ਸੀ। ਪਿੰਡਾਂ ਦੇ ਰਿਵਾਜ ਅਨੁਸਾਰ ਉਹ ਪਹਿਲਾ ਬੱਚਾ ਜੰਮਣ ਪੇਕੀਂ ਆਈ ਹੋਈ ਸੀ। ਗੁਆਂਢਣਾਂ ਚਰਚੋਲ੍ਹਰ ਪਾਉਂਦੀਆਂ। ਅਖੇ, ਮਾਵਾਂ ਧੀਆਂ ਦੋਹੇਂ ਗੱਭਣਾਂ, ਕੌਣ ਦਿਊਗਾ ਪੰਜੀਰੀ ਕਰਕੇ।

ਮੁਖਤਿਆਰੋ ਮਾਂ ਨਾਲ ਲੜਦੀ, ''ਕੰਜਰੀ ਨੂੰ ਹਿਆ ਦਾ ਈ ਘਾਟੈ, ਬਰਾਬਰ ਜੰਮਣ ਬਹਿਗੀ। ਕੀ ਕਹੂਗੀ ਦੁਨੀਆਂ।''

ਮਾਂ ਆਖਦੀ, ''ਮੈਂ ਕੀ ਕਰਾਂ ਭਾਈ, ਆਪਣੇ ਪਿਉ ਕੰਜਰ ਨੂੰ ਵਰਜ, ਜਿਹੜਾ ਨਿੱਤ ਹਿਣਕਦੈ।''

''ਪਹਿਲਾਂ ਚਾਰ ਅਸੀਂ ਥੋੜੇ ਆਂ। ਜਮਾਨਾ ਤਾਂ ਉਤੋਂ ਦੇਖ ਬੇਬੇ। ਧੀਆਂ ਤਾਂ ਚੱਲ ਆਵਦੇ ਘਰਾਂ ਨੂੰ ਤੁਰ ਜਾਂਦੀਆਂ ਨੇ, ਮੁੰਡੇ ਬਰਾਬਰ ਦੀ ਵੰਡਾਉਣਗੇ। ਐਨੀ ਕਿੰਨੀ ਕੁ ਜ਼ਮੀਨ ਐ ਬਾਪੂ ਕੋਲ! ਜੇ ਮੁੰਡਾ ਹੋ ਗਿਆ!'' ਮੁਖਤਿਆਰੋ ਸਿਆਣੀਆਂ ਬੁੱਤ੍ਹੀਆਂ ਵਾਂਗ ਮਠਾਰ-ਮਠਾਰ ਆਖ ਰਹੀ ਸੀ।

''ਚੱਲ ਭਾਈ ਆਵਦਾ ਨਸੀਬ ਖਾਣੈ। ਗਹਾਂ ਨੂੰ ਮੈਂ ਜੂੜ ਵੱਢ ਦੂੰ।''

''ਜੂੜ ਕਿਮੇਂ?''

''ਪਰੇਸ਼ਨ ਕਰਾਊ ਆਵਦਾ, ਜਾਂ ਤੇਰੇ ਪੀਉ ਨੂੰ ਆਖੂੰ। ਇਹ ਕਰਾਵੇ।''

ਉਹ ਠੰਡੀਆਂ ਸੀਲੀਆਂ ਹੋ ਕੇ ਗੱਲਾਂ ਕਰਨ ਲੱਗੀਆਂ।

ਉਹ ਦੋਵੇਂ ਚਾਲੀਆਂ ਤੋਂ ਉੱਤੇ ਹੋ ਚੁੱਕੇ ਸਨ। ਫੇਰ ਨੰਦ ਕੁਰ ਮਸਾਂ ਹੀ ਕਿਤੇ ਭਗਵਾਨ ਸੂੰ ਨੂੰ ਲਵੇ ਲੱਗਣ ਦਿੰਦੀ। ਏਦਾਂ ਹੀ ਚਾਰ-ਪੰਜ ਸਾਲ ਲੰਘ ਗਏ। ਫੇਰ ਤਾਂ ਉਮੀਦ ਵੀ ਕੋਈ ਨਹੀਂ ਸੀ। ਉਹ ਜੁਆਕ ਜੰਮਣੋਂ ਹਟ ਚੁੱਕੀ ਸੀ।

6

ਉਹ ਦੋਵੇਂ ਮਰ ਚੁੱਕੇ ਸਨ। ਭਗਵਾਨ ਸੂੰ ਪਹਿਲਾਂ ਗਿਆ ਅਤੇ ਨੰਦ ਕੁਰ ਉਹ ਤੋਂ ਦਸ ਕੁ ਸਾਲ ਪਿੱਛੋਂ ਤੁਰ ਗਈ। ਭਗਵਾਨ ਸੂੰ ਐਨਾ ਬੁੜ੍ਹਾ ਨਹੀਂ ਹੋਇਆ ਸੀ। ਪਰ ਉਹਦੇ ਹੱਡ ਫੀਮ ਤੇ ਸ਼ਰਾਬ ਨੇ ਚਰ ਲਏ ਸਨ। ਦਮੇ ਦੀ ਬਿਮਾਰੀ ਨੇ ਇਕ ਦਿਨ ਇਹੀ ਰੰਗ ਦਿਖਾਉਣਾ ਸੀ। ਰਾਤ ਨੂੰ ਕਿਤੇ ਬਲਗਮ ਦਾ ਗੁਲਫਾ ਸੰਘ ਵਿਚ ਫਸਿਆ ਹੀ ਰਹਿ ਗਿਆ। ਸਾਹ ਬੰਦ ਹੋ ਗਿਆ ਅਤੇ ਉਹਦੇ ਪ੍ਰਾਣ ਨਿੱਕਲ ਗਏ। ਨੰਦ ਕੁਰ ਤਾਂ ਤਕੜੀ ਪਈ ਸੀ ਅਜੇ। ਪਰ ਉਹਨੂੰ ਪੁੱਤ ਦੇ ਦਰੇਗ ਨੇ ਲੈ ਲਿਆ। ਜਰਨੈਲ ਪੈਂਤੀ ਦਾ ਹੋ ਗਿਆ

Scanned by CamScanner

ਸੀ, ਪਰ ਉਹਦਾ ਹਾਲੇ ਵਿਆਹ ਨਹੀਂ ਹੋਇਆ ਸੀ। ਕਾਰਨ, ਉਹ ਨਸ਼ੇ-ਪੱਤੇ ਕਰਨ ਲੱਗਿਆ ਸੀ। ਇਸੇ ਕਰਕੇ ਉਸ ਦੀ ਬੂਥੀ ਬਾਂਦਰ ਵਾਂਗੂੰ ਬਾਹਰ ਨਿੱਕਲ ਆਈ ਸੀ। ਗੱਲ੍ਹਾਂ ਸੁੱਕ ਚੁੱਕੀਆਂ ਸਨ, ਅੱਖਾਂ ਦੇ ਆਂਡੇ ਸ਼ੀਸ਼ੇ ਦੀਆਂ ਗੋਲੀਆਂ ਜਿਹੀਆਂ ਜਾਪਦੇ। ਨੰਦ ਕੁਰ ਦੇ ਪੇਟ ਵਿਚ ਰਸੌਲੀ ਤਾਂ ਐਵੇਂ ਇਕ ਬਹਾਨਾ ਸੀ। ਉਹਦਾ ਅਸਲ ਕਾਰਨ ਜਰਨੈਲ ਸੀ। ਉਹ ਖੇਤ ਦੇ ਕੰਮ ਵਿਚ ਵੀ ਦਿਲਚਸਪੀ ਨਹੀਂ ਲੈਂਦਾ ਸੀ। ਮੁੰਡੇ ਦਾ ਦੁਖ ਨੰਦ ਕੁਰ ਨੂੰ ਲੈਗਿਆ। ਉਹਦਾ ਦਿਲ ਟੁੱਟ ਚੁੱਕਿਆ ਸੀ। ਜਦੋਂ ਜਰਨੈਲ ਹਾਲੇ ਕੰਵਾਰਾ ਬੈਠੈ, ਕਰਨੈਲ ਨੂੰ ਕੌਣ ਪੁੱਛੇਗਾ। ਕਰਨੈਲ ਤਾਂ ਆਪ ਉਮਰ-ਉਤਾਰ ਹੁੰਦਾ ਜਾ ਰਿਹਾ ਸੀ। ਜੱਟ ਦੇ ਪੁੱਤ ਨੂੰ ਚੜ੍ਹਦੀ ਜਵਾਨੀ ਭਾਵ ਵੀਹ-ਬਾਈ ਸਾਲ ਦੀ ਉਮਰ ਵਿਚ ਰਿਸ਼ਤਾ ਹੋ ਗਿਆ ਤਾਂ ਹੋ ਗਿਆ, ਨਹੀਂ ਤਾਂ ਫੇਰ ਮੁਸ਼ਕਿਲ ਹੀ ਗੱਲ ਸਿਰੇ ਲਗਦੀ ਹੈ।

ਮਾਂ-ਪਿਓ ਮੁੱਕੇ ਤਾਂ ਜ਼ਮੀਨ ਹੋਰ ਘਟਣ ਲੱਗੀ। ਟਰੈਕਟਰ ਉਹਨਾਂ ਨੇ ਕਦੋਂ ਦਾ ਆਲਾ ਸਿੰਘ ਵਾਲੇ ਦੀ ਟਰੈਕਟਰ-ਮੰਡੀ ਜਾ ਕੇ ਵੇਚ ਦਿੱਤਾ ਸੀ। ਕਿਸ਼ਤਾਂ ਹਾਲੇ ਵੀ ਸਿਰ ਖੜ੍ਹੀਆਂ ਸਨ। ਨਿਆਈਂ ਵਾਲੀ ਚਾਰ ਕਿੱਲੇ ਦੁਰਗਾ ਮੱਲ ਆੜ੍ਹਤੀਏ ਨੂੰ ਹੀ ਬੈਅ ਕਰ ਦਿੱਤੀ। ਉਹਦਾ ਕਈ ਲੱਖ ਹੋ ਚੁੱਕਿਆ ਸੀ। ਚਾਰ ਕਿੱਲੇ ਬੈਅ ਕਰਕੇ ਵੀ ਹਾਲੇ ਦੁਰਗਾ ਮੱਲ ਦੀ ਬਹੀ ਵਿਚ ਉਹਨਾਂ ਦਾ ਨਾਂ ਖੜ੍ਹਾ ਸੀ। ਭਗਵਾਨ ਸੂੰ ਦੇ ਮਰਨ ਬਾਅਦ ਮੁੰਡਿਆਂ ਨੇ ਕੱਸੀ ਵਾਲੇ ਵਾਹਣ ਨੂੰ ਵੀ ਵਾਢਾ ਧਰ ਲਿਆ। ਕੱਸੀ ਵਾਲੀ ਗਹਿਣੇ ਧਰ ਕੇ ਹੀ ਤਾਂ ਉਹਨਾਂ ਨੇ ਬਲਦਾਂ ਦੀ ਜੋੜੀ ਲਿਆਂਦੀ ਸੀ। ਬਲਦ ਤਾਂ ਸਸਤੇ ਹੀ ਮਾੜਚੂ ਜਿਹੇ ਲਿਆਂਦੇ ਸਨ, ਬਲਦਾਂ ਦੇ ਬਹਾਨੇ ਜ਼ਮੀਨ ਗਹਿਣੇ ਧਰੀ ਸੀ। ਬਾਕੀ ਪੈਸਾ ਘਰ- ਕਬੀਲਦਾਰੀ ਵਿਚ ਵਰਤ ਲਿਆ।

ਨੰਦ ਕੌਰ ਵੀ ਨਾ ਰਹੀ ਤਾਂ ਰੋਟੀ ਟੁੱਕ ਦਾ ਮੁਸ਼ਕਿਲ ਹੋ ਗਿਆ। ਮ੍ਹਿੰਦਰ ਨੂੰ ਬਿਲਕੁਲ ਐਬ ਵੈਲ ਨਹੀਂ ਸੀ। ਉਹ ਤੀਵੀਆਂ ਵਾਲੇ ਸਾਰੇ ਕੰਮ ਜਾਣਦਾ। ਖੇਤ ਦਾ ਕੰਮ ਕਰਨੈਲ ਤੇ ਸ਼ਿੰਦਰਾ ਕਰਦੇ। ਮ੍ਹਿਦਰ ਘਰ ਦਾ ਸਭ ਕੰਮ ਕਰਦਾ। ਘਰ ਵਿਚ ਇਕ ਮੱਝ ਸੀ ਤੇ ਬੱਸ ਦੋ ਬਲਦ। ਗੋਹਾ-ਕੂੜਾ ਵੀ ਮ੍ਹਿੰਦਰ ਹੀ ਕਰਦਾ। ਧਾਰ ਕਢਦਾ ਅਤੇ ਦੁੱਧ ਰਿੜ੍ਹਕਦਾ। ਸੂਹਣ ਫੜ ਕੇ ਉਹ ਵਿਹੜਾ ਸੁੰਭਰ ਰਿਹਾ ਹੁੰਦਾ ਤਾਂ ਬਾਰ ਮੂਹਰਦੀ ਲੰਘੇ ਜਾਂਦੇ ਸਰੀਕ ਉੱਜੜੇ ਘਰ ਦਾ ਨਜ਼ਾਰਾ ਦੇਖਣ ਲਈ ਪੈਰ ਮਲ ਲੈਂਦੇ।

ਉਹਨਾਂ ਜ਼ਿੰਮੇ ਦੁਰਗਾ ਮੱਲ ਆੜ੍ਹਤੀਏ ਦਾ ਪੈਸਾ ਹੋਰ ਬਹੁਤ ਚੜ੍ਹ ਗਿਆ ਸੀ। ਉਹਨਾਂ ਤੋਂ ਹੋਰ ਕਿੱਲੇ ਲੈਣ ਲਈ ਉਹ ਖੁੱਲ੍ਹੇ ਹੱਥ ਨਾਲ ਉਹਨਾਂ ਨੂੰ ਪੈਸੇ ਦਿੰਦਾ ਰਹਿੰਦਾ। ਵਿਆਜ ਪਤਾ ਹੀ ਨਹੀਂ ਸੀ, ਕਿੰਨੇ ਫੀਸਦੀ ਲਾਉਂਦਾ। ਉਹਨਾਂ ਨੇ ਵਿਆਜ ਦੀ ਦਰ ਕਦੇ ਨਹੀਂ ਪੁੱਛੀ ਸੀ। ਉਹ ਤਾਂ ਬੱਸ ਉਹਦੀ ਬਹੀ ਉੱਤੇ ਗੂਠਾ ਲਾਉਂਦੇ ਅਤੇ ਨੋਟਾਂ ਦੀ ਜੇਬ ਭਰ ਕੇ ਤੁਰ ਆਉਂਦੇ। ਪੈਸੇ ਲੈਣ ਵੀ ਉਹਨਾਂ ਤਿੰਨਾਂ ਭਰਾਵਾਂ ਨੇ ਮ੍ਹਿੰਦਰ ਨੂੰ ਹੀ ਮੋਹਰੀ

Scanned by CamScanner

ਕੀਤਾ ਹੋਇਆ ਸੀ। ਅਣਪੜ੍ਹ ਹੁੰਦਿਆਂ ਵੀ ਉਹ ਪੂਰਾ ਹਿਸਾਬੀ-ਕਿਤਾਬੀ ਸੀ।

ਟਰੈਕਟਰ ਦੀਆਂ ਕਿਸ਼ਤਾਂ ਵੀ ਬਾਕੀ ਸਨ, ਫੇਰ ਉਹਨਾਂ ਨੇ ਮੱਝਾਂ ਦਾ ਕਰਜਾ ਵੀ ਲਿਆ ਸੀ। ਮਕਾਨ ਪਾਉਣ ਲਈ ਅੱਡ ਲਿਆ। ਨਾ ਮਕਾਨ ਬਣਾਇਆ, ਨਾ ਕੋਈ ਮੱਝਾਂ ਖਰੀਦੀਆਂ ਸਨ। ਬੰਦਿਆਂ ਨੇ ਵਾਢੀ ਲੈ ਕੇ ਮੱਝਾਂ ਮਰੀਆਂ ਦਿਖਾ ਦਿੱਤੀਆਂ ਸਨ। ਮਕਾਨ ਕਾਗਜ਼ਾਂ ਵਿਚ ਹੀ ਬਣ ਗਿਆ ਸੀ। ਉਹ ਸਭ ਉਹਨਾਂ ਨੇ ਘਰ ਕਬੀਲਦਾਰੀ ਵਿਚ ਖਰਚ ਕਰ ਲਿਆ ਸੀ। ਹੁਣ ਉਹਨਾਂ ਕੋਲ ਸਿਰਫ਼ ਦਸ ਕਿੱਲੇ ਜ਼ਮੀਨ ਬਾਕੀ ਸੀ। ਬਾਕੀ ਸਭ ਗਹਿਣੇ ਟਿਕ ਚੁੱਕੀ ਸੀ। ਗਹਿਣਾ ਵੀ ਹੁਣ ਛੁੱਟਣਾ ਨਹੀਂ ਸੀ, ਬੈਅ ਵਿਚ ਹੀ ਬਦਲ ਜਾਣਾ ਸੀ। ਇਹ ਉਹਨਾਂ ਨੂੰ ਵੀ ਪਤਾ ਸੀ ਅਤੇ ਗਹਿਣੇ ਜ਼ਮੀਨ ਲੈਣ ਵਾਲੇ ਧਨੀ ਜੱਟਾਂ ਅਤੇ ਆੜ੍ਹਤੀਏ ਨੂੰ ਵੀ।

7

ਜਰਨੈਲ ਦਾ ਬੁਰਾ ਹਾਲ ਸੀ। ਉਹ ਨਸ਼ੇ ਦੇ ਕੈਪਸੂਲ ਖਾਂਦਾ ਸੀ। ਤੜਕੇ ਆਥਣੇ ਤਾਂ ਖਾਂਦਾ ਹੀ ਸੀ, ਦਿਨ ਵੇਲੇ ਕਦੇ ਵੀ ਹੋਰ ਕੈਪਸੂਲ ਅੰਦਰ ਲੰਘਾ ਲੈਂਦਾ। ਕਦੇ ਕਦੇ ਤਾਂ ਐਨਾ ਵੱਧ ਨਸ਼ਾ ਕਰ ਜਾਂਦਾ ਕਿ ਰਾਹ ਵਿਚ ਹੀ ਕਿਧਰੇ ਡਿਗਿਆ ਪਿਆ ਹੁੰਦਾ। ਲਗਦਾ ਜਿਵੇਂ ਘੂਕ ਸੁੱਤਾ ਪਿਆ ਹੈ। ਪਰ ਉਹਨੂੰ ਕੋਈ ਸੁਰਤ ਨਹੀਂ ਹੁੰਦੀ ਸੀ। ਉਹਦਾ ਵਿਚੇ ਪਿਸ਼ਾਬ ਨਿਕਲ ਜਾਂਦਾ। ਬਹੁਤੇ ਨਸ਼ੇ ਵਿਚ ਉਹ ਤੋਂ ਬੋਲਿਆ ਨਹੀਂ ਜਾਂਦਾ ਸੀ। ਸਾਊ ਜਿਹਾ ਲਗਦਾ। ਪਰ ਜਦੋਂ ਨਸ਼ਾ ਸੂਤ ਸਿਰ ਹੁੰਦਾ, ਉਹ ਭੜਕਿਆ ਭੜਕਿਆ ਰਹਿੰਦਾ। ਗਾਲ੍ਹਾਂ ਕਢਦਾ। ਅਬਾ-ਤਬਾ ਬੋਲਦਾ। ਆਪ ਗੱਲ ਕਰਕੇ ਆਪ ਹੀ ਹੱਸਣ ਲੱਗਦਾ। ਗਲੀ ਦੇ ਜੁਆਕ ਉਹਦੀ ਇਹ ਹਾਲਤ ਦੇਖ ਕੇ ਉਹਦੇ ਉੱਤੇ ਹਸਦੇ ਨਹੀਂ ਸਨ। ਸੁਰਤ ਜਿਹੀ ਵਿਚ ਬੋਲਦਾ ''ਓਏ ਅਸੀਂ ਜ਼ਮੀਨਾਂ ਆਲੇ ਆਂ। ਕੋਈ ਫੁੱਦੂ ਫੱਕ ਨੀ। ਹੈਗਾ ਬਥੇਰਾ ਕੁਸ, ਨਸ਼ਾ ਕਰਦੇ ਆਂ, ਫੇਰ ਕੀਹ ਐ।'' ਅਜਿਹੇ ਬੋਲ-ਕਬੋਲ ਉਹ ਉਦੋਂ ਕਰਦਾ, ਜਦੋਂ ਉਹਦੇ ਕੋਲ ਦੀ ਕੋਈ ਰਮਦਾਸੀਆ, ਦਰਜੀ, ਬਾਮ੍ਹਣ ਜਾਂ ਤਖਾਣ ਲੰਘਿਆ ਜਾਂਦਾ ਹੁੰਦਾ। ਇਕ ਦਿਨ ਘੁੱਕਰ ਦਾ ਮੁੰਡਾ ਗੋਬੂ ਸੱਥ ਵਿਚ ਦੀ ਲੰਘਿਆ ਜਾ ਰਿਹਾ ਸੀ। ਉਹਨੇ ਬਲਦ ਦਾ ਰੱਸਾ ਫੜਿਆ ਹੋਇਆ ਸੀ। ਬਲਦ ਕੁਝ ਢਿੱਲਾ ਸੀ। ਉਹ ਉਹਨੂੰ ਡੰਗਰ-ਡਾਕਟਰ ਦੇ ਦਿਖਾ ਕੇ ਆਇਆ ਸੀ। ਹਥਾਈ ਸਾਹਮਣੇ ਭੁੰਜੇ ਹੀ ਜਰਨੈਲ ਚਿੱਤੜਾਂ ਭਾਰ ਬੈਠਾ ਨੱਕ ਵਿਚੋਂ ਚੂਹੇ ਕੱਢ ਰਿਹਾ ਸੀ। ਉਹਦੀ ਪੱਗ ਢਹਿ ਕੇ ਗਲ ਵਿਚ ਪਈ ਹੋਈ ਸੀ। ਆਥਣ ਜਿਹੇ ਦਾ ਵੇਲਾ ਸੀ। ਹਥਾਈ ਦੀ ਚੌਕੜੀ ਉੱਤੇ ਪੰਜ ਸੱਤ ਬੰਦੇ ਬੈਠੇ ਗੱਲਾਂ ਕਰ ਰਹੇ ਸਨ। ਬਿੰਦੇ ਬਿੰਦੇ ਜਰਨੈਲ ਵਲ ਝਾਕਦੇ ਵੀ ਸਨ। ਕੋਲ ਦੀ ਲੰਘਣ

Scanned by CamScanner

ਲਗਿਆ ਗੇਬੂ ਜਰਨੈਲ ਨੂੰ ਕਹਿੰਦਾ, ''ਦੇਖਿਓ ਸਰਦਾਰ ਸਾਅਬ, ਥੋੜਾ ਜਾ ਪਰ੍ਹਾ ਹੋ ਜੋ। ਬਲਦ ਛੜ ਨਾ ਮਾਰੇ। ਆਹ, ਐਧਰ ਹੋ ਜੋ।'' ਗੇਬੂ ਦੀ ਗੱਲ ਸੁਣ ਕੇ ਚੌਕੜੀ ਉੱਤੇ ਬੈਠੇ ਉੱਚਾ ਉੱਚਾ ਹੱਸਣ ਲੱਗੇ। ਇਕ ਬਿੰਦ ਤਾਂ ਜਰਨੈਲ ਭੰਵਤਰਿਆ ਜਿਹਾ ਬੰਦਿਆਂ ਵਲ ਗਰਦਨ ਮੋੜ ਕੇ ਝਾਕਣ ਲਗਿਆ! ਪਰ ਫੇਰ ਬੋਲਿਆ, ''ਓਏ, ਅਸੀਂ ਜ਼ਮੀਨਾਂ ਆਲੇ ਆਂ। ਇਹ ਚਮਿਆਰ ਸਾਲਾ ਕੀ ਆਖ ਗਿਆ ਮੈਨੂੰ?''

ਬੰਦੇ ਇਕ ਵਾਰ ਫੇਰ ਹੱਸੇ।

ਬਿਸ਼ਰਮ ਹੋਇਆ ਜਰਨੈਲ ਸਿਰ ਉੱਤੇ ਪੱਗ ਦੇ ਵਿੰਗੇ-ਟੇਢੇ ਲੜ ਵਲ੍ਹੇਟਣ ਲੱਗਿਆ।

8

ਇਕ ਦਿਨ ਆਲਾ ਸਿੰਘ ਵਾਲੇ ਤੋਂ ਦੁਰਗਾ ਮੱਲ ਆੜ੍ਹਤੀਆ ਸਰਦਾਰਗੜ੍ਹ ਆਇਆ। ਬੱਸਾਂ ਆਮ ਚਲਦੀਆਂ ਸਨ। ਉਹ ਸਵੇਰੇ ਸਵੇਰੇ ਆਇਆ ਸੀ। ਦਿਨ ਚੜ੍ਹਦੇ ਨਾਲ ਹੀ। ਹੱਥ ਵਿਚ ਮੋਢੇ ਜਿੰਨੀ ਬੈਂਤ ਦੀ ਸੋਟੀ ਫੜੀ ਹੋਈ। ਜਿਹਦਾ ਮੁੱਠਾ ਬੜਾ ਮਜ਼ਬੂਤ ਸੀ, ਦੂਜੇ ਪਾਸੇ ਲੋਹੇ ਦੀ ਘੋਪ ਚੜ੍ਹੀ ਹੋਈ ਸੀ। ਦੁਰਗਾ ਮੱਲ ਨੇ ਚਿੱਟਾ ਕੁੜਤਾ ਪਜਾਮਾ ਪਹਿਨਿਆ ਹੋਇਆ ਸੀ। ਸਿਰ ਉੱਤੇ ਸੰਤਰੀ ਪੱਗ ਬੰਨ੍ਹੀ ਹੋਈ। ਦੋਵੇਂ ਹੱਥਾਂ ਵਿਚ ਸੋਨੇ ਦੀਆਂ ਛਾਪਾਂ। ਕੁੜਤੇ ਦੀ ਜੇਬ ਵਿਚ ਐਨਕ ਦਾ ਕੇਸ। ਖੀਸੇ ਵਿਚ ਮੁੱਠੀ ਕੁ ਸੌਂਫ ਦੇ ਦਾਣੇ। ਉਹ ਮੂੰਹ ਵਿਚ ਇਕ ਦਾਣਾ ਪਾਉਂਦਾ, ਉਸੇ ਨੂੰ ਖਾਸਾ ਖਾਸਾ ਚਿਰ ਚਪੋਲੀ ਜਾਂਦਾ। ਪਿੰਡ ਵਿਚ ਉਹਦੀਆਂ ਬਹੁਤ ਸਾਮੀਆਂ ਸਨ। ਵਿਆਜੂ ਪੈਸੇ ਦੇ ਕੇ ਇਕ ਤਰ੍ਹਾਂ ਨਾਲ ਸਾਰਾ ਪਿੰਡ ਪਰੋਇਆ ਪਿਆ ਸੀ। ਉਹ ਏਦਾਂ ਹੀ ਮਹੀਨੇ ਦੋ ਮਹੀਨੀਆਂ ਬਾਅਦ ਪਿੰਡ ਦਾ ਗੇੜਾ ਮਾਰਦਾ। ਸਭ ਦੀ ਸੁੱਖ-ਸਾਂਦ ਪੁੱਛ ਜਾਂਦਾ, ਮਿੱਠਾ ਬੋਲਦਾ, ਉਹਦੇ ਮਿੱਠੇ ਬੋਲਾਂ ਵਿਚ ਕਾਟਵੀਆਂ ਤੇ ਗੁੱਝੀਆਂ ਰਮਜ਼ਾਂ ਹੁੰਦੀਆਂ। ਸੰਦੇਹਾਂ ਆਉਂਦਾ ਤਾਂਕਿ ਲੋਕਾਂ ਦੇ ਖੇਤੀ ਜਾਣ ਤੋਂ ਪਹਿਲਾਂ ਪਹਿਲਾਂ ਉਹ ਸਭ ਨੂੰ ਮਿਲ ਸਕੇ। ਕਿਸੇ ਦੇ ਘਰ ਬਹਿੰਦਾ ਨਹੀਂ ਸੀ। ਚਾਹ-ਪਾਣੀ ਵੀ ਨਾ ਪੀਂਦਾ, ਬੱਸ ਗੱਲਾਂ ਕਰਦਾ ਵਿਹੜੇ ਵਿਚ ਖੜ੍ਹਾ ਖੜ੍ਹਾ ਅਤੇ ਖੜ੍ਹਾ ਖੜ੍ਹਾ ਹੀ ਮੁੜ ਜਾਂਦਾ। ਉਹਨੇ ਤਾਂ ਕਿੰਨੇ ਹੀ ਘਰ ਕੱਢਣੇ ਹੁੰਦੇ।

"ਉਸ ਦਿਨ ਭਗਵਾਨ ਸੂੰ ਦੇ ਘਰ ਬੈਠਣ ਆਇਆ ਸੀ। ਹਰ ਘਰ ਜਾ ਕੇ ਇਹੀ ਗੱਲ ਆਖਦਾ, ''ਮੈਂ ਤਾਂ ਓਧਰ ਆਇਆ ਸੀ, ਭਗਵਾਨ ਸੂੰ ਦੇ। ਜਰਨੈਲ ਕਰਕੇ।''

ਜਰਨੈਲ ਬੋਹੜ ਵਾਲੇ ਖੂਹ ਵਲ ਪਤਾ ਨਹੀਂ ਕੀ ਕਰਨ ਗਿਆ ਸੀ। ਰਾਤ ਨੂੰ

Scanned by CamScanner

ਉੱਠਦੇ ਹੀ ਕਿਸੇ ਵੇਲੇ ਗਿਆ ਹੋਵੇਗਾ। ਤੜਕੇ ਹੀ ਲੋਕਾਂ ਨੇ ਵੇਖਿਆ। ਉਹਦੀ ਲਾਸ਼ ਖੂਹ ਦੇ ਪਾਣੀ ਉੱਤੇ ਫੁੱਲਕੇ ਕੁੱਪਾ ਬਣੀ ਹੋਈ ਸੀ। ਲੋਕ ਆਖ ਰਹੇ ਸਨ, ''ਇਹ ਤਾਂ ਕਈ ਦਿਨਾਂ ਦਾ ਭਾਣਾ ਲਗਦੈ। ਇਕ ਰਾਤ 'ਚ ਤਾਂ ਬੰਦਾ ਉੱਤੇ ਨੀ ਆਉਂਦਾ। ਸੜੇਹਾਣ ਵੀ ਦੇਖੋ ਕਿੰਨੀ ਮਾਰੀ ਜਾਂਦੀ ਐ।'' ਖੈਰ, ਲਾਸਾਂ ਵਗਾ ਕੇ ਉਹਨਾਂ ਨੇ ਦੋ ਬੰਦੇ ਥੱਲੇ ਖੂਹ ਵਿਚ ਉਤਾਰੇ ਸਨ ਅਤੇ ਉਹਦੀ ਲਾਸ਼ ਬਾਹਰ ਕੱਢੀ ਸੀ, ਵੱਡੇ ਟੋਕਰੇ ਵਿਚ ਪਾ ਕੇ।

ਸਾਰੇ ਪਿੰਡ ਵਿਚ ਫਿਰ-ਤੁਰਕੇ ਉਹ ਦੇਬੇ ਦੀ ਦੁਕਾਨ ਵਿਚ ਆ ਬੈਠਾ। ਦੇਬੇ ਦੀ ਬਹੂ ਨੇ ਚਾਹ ਬਣਾਈ ਸੀ, ਕਰਾਰੀ ਜਿਹੀ। ਵਿਚ ਲੌਂਗ ਲੈਚੀਆਂ ਪਾ ਕੇ, ਬਹੁਤੇ ਦੁੱਧ ਵਾਲੀ। ਇਹ ਦੁਕਾਨ ਦੇਬੇ ਦੇ ਘਰ ਵਿਚ ਹੀ ਸੀ। ਮਕਾਨ ਦੇ ਚਾਰ ਕਮਰੇ ਸਨ। ਤਿੰਨ ਕਮਰਿਆਂ ਵਿਚ ਉਹਨਾਂ ਦਾ ਘਰ। ਇਕ ਵਿਚ ਦੁਕਾਨ ਸੀ। ਇਹਦਾ ਇਕ ਬਾਰ ਘਰ ਵਿਚ ਖੁੱਲ੍ਹਦਾ ਅਤੇ ਇਕ ਗਲੀ ਵਿਚ। ਦੇਬਾ ਉਰਫ ਬਲਦੇਵ ਰਾਜ ਆਪ ਅੱਠਵੀਂ ਫੇਲ੍ਹ ਸੀ। ਹੁਣ ਉਹਦੇ ਦੋਵੇਂ ਜੁਆਕ ਮੁੰਡਾ ਤੇ ਕੁੜੀ ਸਕੂਲ ਜਾਂਦੇ ਅਤੇ ਛੇਵੀਂ-ਸੱਤਵੀਂ ਵਿਚ ਪੜ੍ਹਦੇ ਸਨ। ਦੁਕਾਨ ਵਾਹਵਾ ਚਲਦੀ ਸੀ। ਬੱਸ ਗੁਜ਼ਾਰਾ ਹੋ ਰਿਹਾ ਸੀ। ਆਪ ਦੇਬਾ ਜੇ ਕਦੇ ਦੁਕਾਨ ਉੱਤੇ ਨਾ ਹੁੰਦਾ ਤਾਂ ਉਹਦੀ ਤੀਵੀਂ ਸੌਦਾ ਦਿੰਦੀ। ਉਹਨੂੰ ਸਾਰਾ ਹਿਸਾਬ-ਕਿਤਾਬ ਆਉਂਦਾ ਸੀ। ਫੇਰ ਵੀ ਬਾਣੀਆਂ ਦੀ ਧੀ ਸੀ। ਉਹ ਸਗੋਂ ਦੇਬੇ ਨਾਲੋਂ ਤਿੱਖੀ ਸੀ।

ਘਰਾਂ ਵਿਚੋਂ ਦੇਬਾ ਦੁਰਗਾ ਮੱਲ ਦਾ ਭਤੀਜਾ ਲਗਦਾ ਸੀ। ਉਹ ਚਾਹ ਪੀ ਰਹੇ ਘਰਾਂ ਦੀਆ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਹੇ ਸਨ ਕਿ ਇਕ ਬੰਦਾ ਆਇਆ ਅਤੇ ਦੋ ਕਿੱਲੋ ਗੁੜ ਤੁਲਵਾ ਲਿਆ। ਇਕ ਪਾਈਆ ਖੁੱਲ੍ਹੀ ਚਾਹ। ਪੈਸੇ ਕਹਿੰਦਾ, ''ਲਿਖ ਲੈ। ਫੇਰ ਦੇ ਕੇ ਜਾਊਂਗਾ।''

''ਨਾਂਹ ਇਹ ਗੱਲ ਝੂਠੀ। ਦੋ ਸਾਲ ਹੋਗੇ ਤੂੰ ਸ੍ਹਾਬ ਨ੍ਹੀ ਕੀਤਾ।'' ਦੇਬੇ ਨੇ ਕਰੜਾ ਹੋ ਕੇ ਅੱਖਾਂ ਕੱਢੀਆਂ।

''ਇਹ ਕੀ ਗੱਲ ਜਾਰ, ਦੇਬਾ ਮੱਲ। ਅਸੀਂ ਪਿੰਡ ਤਾਂ ਨ੍ਹੀ ਛੱਡ ਚੱਲੇ, ਆਣ-ਇੱਜਤ ਆਲੇ ਆਂ, ਜ਼ਮੀਨਾਂ ਆਲੇ ਆਂ, ਫੇਰ ਵੀ। ਐਤਕੀ ਦੀ ਫਸਲ 'ਤੇ ਤੇਰਾ ਸਾਰਾ ਨਮੇੜ ਦੂੰ।'' ਉਹ ਦੇਬੇ ਦੀ ਅਗਲੀ ਗੱਲ ਸੁਣੇ ਬਗੈਰ ਦੁਕਾਨ ਦੀ ਦੇਹਲੀ ਟੱਪ ਗਿਆ। ਦੁਰਗਾ ਮੱਲ ਉਹਦੀ ਜਾਂਦੇ ਦੀ ਪਿੱਠ ਵਲ ਝਾਕਦਾ ਰਹਿ ਗਿਆ। ਚਾਹ ਦੀ ਆਖਰੀ ਘੁਟ ਭਰ ਕੇ ਫੇਰ ਪੁੱਛਣ ਲੱਗਿਆ, ''ਕਿੰਨਾ ਕੁ ਉਧਾਰ ਪੈ ਜਾਂਦੈ?''

''ਉਧਾਰ ਈ ਉਧਾਰ ਐ ਸਭ ਦਾ। ਪੈਸਾ ਤਾਂ ਕਦੇ ਕੋਈ ਦੇ ਕੇ ਨ੍ਹੀ ਜਾਂਦਾ। ਜੱਟਾਂ ਕੋਲ ਪੈਸੇ ਹੁੰਦੇ ਵੀ ਕਦੋਂ ਨੇ। ਬੱਸ ਇਕ ਦਾਣਿਆਂ ਦੀਆਂ ਚੁੰਗਾਂ ਨੇ। ਕੋਈ ਬਹੁਤਾ ਦੇ ਜੇ।

Scanned by CamScanner

ਥੋੜਾ ਦੇ ਜੇ।''

''ਹਾੜ੍ਹੀ-ਸੌਣੀ ਮੁੜਦੈ ਕੁਸ਼?'' ਦੁਰਗਾ ਮੱਲ ਨੇ ਸੁਭਾਇਕੀ ਪੁੱਛਿਆ।

''ਅੱਧ ਮਸਾਂ। ਫੇਰ ਰਹਿ ਜਾਂਦੈ। ਫੇਰ ਵੀ ਥੋੜਾ-ਥੋੜਾ ਦੇ ਈ ਦਿੰਦੇ ਨੇ। ਪੂਰਾ ਨ੍ਹੀ ਨਮੇੜਦੇ।''

''ਪੂਰਾ ਤਾਂ ਨਿਬੱੜਦਾ ਵੀ ਨ੍ਹੀਂ ਹੁੰਦਾ। ਪੂਰਾ ਕੋਈ ਨਮੇੜ ਗਿਆ ਤਾਂ ਸਮਝੋ ਗਿਆ। ਫੇਰ ਨ੍ਹੀ ਆਉਂਦਾ ਕੋਈ ਤੇਰੀ ਦੁਕਾਨ ਤੇ।'' ਦੁਰਗਾ ਮੱਲ ਨੇ ਗੁੱਝਾ ਭੇਤ ਦੱਸਿਆ।

''ਇਹ ਤਾਂ ਹੈ।'' ਦੇਬਾ ਪਹਿਲਾਂ ਹੀ ਸਭ ਜਾਣਦਾ ਸੀ।

ਗੱਲਾਂ ਗੱਲਾਂ ਵਿਚ ਫੇਰ ਦੁਰਗਾ ਮੱਲ ਨੇ ਉਹਨੂੰ ਆਪਣਾ ਜਾਣ ਕੇ ਸੁਝਾਓ ਦਿੱਤਾ, ''ਤੂੰ ਇਹ ਜੱਟਾਂ ਦੇ ਉਧਾਰ ਦਾ ਕੰਜਰਖਾਨਾ ਛੱਡ ਪਰ੍ਹੇ। ਮੇਰੇ ਕੋਲ ਆ ਜਾ, ਆਲਾ ਸਿੰਘ ਵਾਲੇ। ਓਥੇ ਮੈਂ ਤੈਨੂੰ ਕਬਾੜੀਆਂ ਦੇ ਲਵਾ ਦਿੰਨ੍ਹਾਂ, ਤਨਖਾਹ ਤੇ। ਉਹਨਾਂ ਦਾ ਕੰਮ ਕਰੀਂ। ਭੁੱਖਾ ਨੀ ਮਰਦਾ। ਆਪਣੇ ਜੁਆਕ ਵੀ ਪੜ੍ਹਾ ਲੈਂਗਾ ਨਾਲੇ ਚੰਗੇ ਸਕੂਲ 'ਚ ਕਿਸੇ 'ਚ।''

''ਏਹੇ ਜਿਹੜਾ ਉਧਾਰ ਪੈ ਗਿਆ, ਲੋਕਾਂ 'ਚ!''

''ਐਤਕੀ ਦੀ ਫਸਲ ਤੂੰ ਉਗਰਾਹ ਲੈ, ਜਿੰਨਾ ਉਗਰਾਇਆ ਜਾਂਦੈ। ਹੁਣ ਉਧਾਰ ਦੇਣਾ ਬੰਦ ਕਰਦੇ।''

''ਉਧਾਰ ਬੰਦ ਨ੍ਹੀਂ ਹੁੰਦਾ, ਤਾਇਆ, ਫੇਰ ਉਗਰਾਈ ਨ੍ਹੀਂ ਹੋਣੀ।''

''ਓਏ ਸੌਦਾ ਵੀ ਨਾ ਲਿਆ, ਥੋੜੀਆਂ ਜਿਹੀਆਂ ਚੀਜ਼ਾਂ ਰੱਖ ਬੱਸ, ਸਸਤੀਆਂ ਸਸਤੀਆਂ । ਕਮਲੈਂ ਤੂੰ ਤਾਂ।''

ਸ਼ਹਿਰ ਜਾਣ ਦੇ ਚਾਅ ਵਿਚ ਦੇਬੇ ਦੀ ਤੀਵੀਂ ਵੀ ਕੋਲ ਹੀ ਘੁੰਡ ਕੱਢੀ ਬੈਠੀ ਹੁੰਗਾਰਾ ਭਰ ਰਹੀ ਸੀ।

9

ਤਿੰਨਾਂ ਭਰਾਵਾਂ ਨੂੰ ਜਰਨੈਲ ਮਰੇ ਦਾ ਕੋਈ ਦੁੱਖ ਨਹੀਂ ਸੀ। ਸ਼ਰੀਕ ਉੱਜੜਿਆ, ਵਿਹੜਾ ਮੋਕਲਾ। ਉਹ ਤਿੰਨੇ ਬੋਲਦੇ ਚਾਹੇ ਕੁਝ ਨਹੀਂ ਸਨ, ਪਰ ਅੰਦਰੋਂ ਚੁੱਪ ਭਰੀ ਖੁਸ਼ੀ

Scanned by CamScanner

ਸੀ ਕਿ ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਵਧ ਗਈ ਹੈ। ਦੁੱਖ ਸੀ ਤਾਂ ਬੱਸ ਮੁਖਤਿਆਰੋ ਨੂੰ। ਉਹਦਾ ਰੋਣ ਥੰਮਦਾ ਨਹੀਂ ਸੀ। ਉਹਦਾ ਮਾਂ-ਜਾਇਆ ਮੁੱਕ ਗਿਆ, ਅਣਿਆਈ ਮੌਤ ਮਰਿਆ। ਇਹ ਕੋਈ ਛੋਟੀ ਮੋਟੀ ਸੱਟ ਨਹੀਂ ਸੀ। ਚਾਹੇ ਨਸ਼ੇ-ਪੱਤੇ ਕਰਦਾ ਸੀ, ਪਰ ਅੱਖੀਂ ਤਾਂ ਦਿਸਦਾ। ਉਹ ਕਿਸੇ ਦਾ ਕੀ ਲੈਂਦਾ ਸੀ, ਬੱਸ ਇਕ ਟੁੱਕ ਦੀ ਬੁਰਕੀ ਦਾ ਭਾਈਵਾਲ ਸੀ। ਪ੍ਰਾਹੁਣਾ ਅਤੇ ਮੁਖਤਿਆਰੋ ਦੋਵੇਂ ਆਏ ਸਨ। ਭੋਗ ਤੱਕ ਉਹ ਸਰਦਾਰ ਗੜ੍ਹ ਹੀ ਟਿਕੇ ਰਹੇ। ਮੁਖਤਿਆਰੋ ਦੇ ਦੋਵੇਂ ਮੁੰਡੇ ਵੀ ਆਏ ਸਨ। ਖਾਸੇ ਵੱਡੇ ਵੱਡੇ ਸਨ। ਕਾਲਜ ਦੇ ਵਿਦਿਆਰਥੀ ਸਨ। ਉਹ ਦੋ ਕੁ ਦਿਨਾਂ ਤੋਂ ਵੱਧ ਨਹੀਂ ਰਹੇ। ਚਲੇ ਗਏ। ਉਹਨਾਂ ਦੀ ਪੜ੍ਹਾਈ ਖਰਾਬ ਹੁੰਦੀ ਸੀ। ਰੋਟੀ ਟੁੱਕ ਨੂੰ ਘਰ ਵਿਚ ਦਾਦੀ ਜਿਉਂਦੀ ਸੀ। ਪ੍ਰਾਹੁਣਾ ਤਾਂ ਭੋਗ ਤੋਂ ਬਾਅਦ ਚਲਿਆ ਗਿਆ। ਪਰ ਕੁੜੀ ਫੇਰ ਵੀ ਉਥੇ ਸੀ। ਉਹੀ ਰੋਟੀ ਟੁੱਕ ਕਰਦੀ, ਉਹੀ ਪਸ਼ੂਆਂ ਦਾ ਗੋਹਾ-ਕੂੜਾ। ਮਿੰਦਰ ਨੂੰ ਸਾਹ ਮਿਲ ਗਿਆ ਹੋਵੇ ਜਿਵੇਂ। ਭੈਣ-ਭਾਈ ਬੈਠ ਕੇ ਸਲਾਹਾਂ ਜਿਹੀਆਂ ਕਰਦੇ ਰਹਿੰਦੇ।

''ਥੋਡੀ ਦੋਮਾਂ ਦੀ ਉਮਰ ਤਾਂ ਗਈ ਭਾਈ, ਹੁਣ ਜੇ ਸ਼ਿੰਦਰੇ ਨੂੰ ਹੀ ਕੋਈ ਸਾਕ ਅੜ੍ਹਕ ਜੇ। ਉਹ ਜਾਣੇ, ਰੋਟੀ ਪਕਦੀ ਤਾਂ ਹੋਜੇ।'' ਮੁਖਤਿਆਰੋ ਝੇੜਾ ਕਰਦੀ।

''ਸ਼ਿੰਦਰਾ ਲੱਖ ਐ, ਭਾਈ। ਇਹ ਨੂੰ ਵਿਆਹ ਕੇ ਕੀ ਕਰੂ ਕੋਈ। ਨਸ਼ਾ-ਪੱਤਾ ਤਾਂ ਖੈਰ ਨਹੀਂ ਕਰਦਾ ਕੋਈ। ਜਰਨੈਲ ਆਂਗੂ। ਉਂ ਪਰ ਘਰੇ ਨੀ ਵੜਦਾ। ਖੇਤ ਵੀ ਨ੍ਹੀਂ ਜਾਂਦਾ। ਕਦੇ ਜਾਂਦੈ। ਬੱਸ ਲੰਡਰ ਮੁੰਡਿਆਂ ਨਾਲ ਬੈਠਣਾ ਉਠਣਾ ਐ।'' ਮਿੰਦਰ ਨੇ ਦੱਸਿਆ। ਸੁਣ ਕੇ ਮੁਖਤਿਆਰੋ ਹੈਰਾਨ ਹੋਈ। ਕਹਿੰਦੀ, ''ਦੇਖਣ ਨੂੰ ਤਾਂ ਲਗਦਾ ਨ੍ਹੀ ਇਹੇ, ਬਈ ਅਹਿਓ-ਜਾ ਹੋਊਗਾ।''

''ਬੱਸ ਭਾਈ ਤੇਰੇ ਮੂਹਰੇ ਬਲ੍ਹੌਗੜਾ ਜ੍ਹਾ ਬਣ ਜਾਂਦੈ। ਵਿਚੋਂ ਖਰਾਬ ਐ। ਕੰਮ ਨ੍ਹੀਂ, ਧੰਦਾ ਨ੍ਹੀਂ, ਦੋਮੇਂ ਵੇਲੇ ਰੋਟੀ ਨੂੰ ਡਿੱਬਰਾ ਫੜ ਕੇ ਚੁੱਲੇ ਮੂਹਰੇ ਆ ਖੜ੍ਹਦੈ। ਆਵਦੀ ਆਪੇ ਚਾਹ ਬਣਾ ਕੇ ਪਿਊ, ਸਾਰਾ ਦੁੱਧ ਪਾ ਲੈਂਦੈ। ਮੇਰੀ ਚਾਹ ਤਾਂ ਉਹਨੂੰ ਸੁਆਦ ਈ ਨ੍ਹੀਂ ਲਗਦੀ।'' ਮਿੰਦਰ ਪਿੱਟ ਰਿਹਾ ਸੀ।

''ਮੈਂ ਤਾਂ ਐਂ ਗੱਲ ਕਰਦੀ ਸੀ। ਬਈ ਇਹਦੀ ਉਮਰ ਐ। ਇਹਨੂੰ ਚੜ੍ਹ ਸਕਦੈ ਕੋਈ ਸਾਕ। ਫੇਰ ਤਿੰਨਾਂ ਦੀ ਰੋਟੀ ਪੱਕਦੀ ਹੋ ਜੇ।''

''ਉਮਰ ਨੂੰ ਸਾਡੇ ਕੀ ਗੋਲੀ ਲੱਗੀ ਐ। ਬੰਦਾ ਕਬੀਲਦਾਰ ਤਾਂ ਹੋਵੇ। ਤੀਮੀਂ ਕਬੀਲਦਾਰ ਦੇ ਵਸਦੀ ਐ, ਇਹਦੇ ਕੀ ਵਸੂ ਕੋਈ।'' ਮਿੰਦਰ ਨੂੰ ਗੁੱਸਾ ਚੜ੍ਹਨ ਲੱਗ ਪਿਆ ਸੀ।

''ਫੇਰ ਤੂੰ ਕਰਾ ਲੈ। ਚੱਲ ਕਰਨੈਲ ਛੱਡ ਪਰ੍ਹਾਂ। ਤੂੰ ਤਾਂ ਕਬੀਲਦਾਰ ਐਂ। ਤੂੰ ਤਾਂ

Scanned by CamScanner

ਤੀਮੀਆਂ ਨਾਲੋਂ ਵਾਧੂ ਐਂ ਭਾਈ।'' ਉਹ ਹੱਸਣ ਲੱਗੀ।

''ਮੇਰਾ ਸਾਲਾ ਕੋਈ ਜੱਟ ਆਵੇ ਵੀ। ਜੇ ਇਹ ਗੱਲ ਹੋ ਜੇ ਮੈਂ ਸਾਰਾ ਘਰ ਬੰਨ੍ਹ ਕੇ ਦਿਖਾ ਦਿਆਂ।'' ਮਿੰਦਰ ਦੀਆਂ ਅੱਖਾਂ ਵਿਚ ਝੋਰਾ ਸੀ।

''ਇਕ ਤਾਂ ਭਾਈ ਜ਼ਮੀਨ ਥੋੜੀ ਰਹਿ ਗੀ ਥੋਡੇ ਕੋਲ। ਗਹਿਣੇ ਧਰੀ ਦੇਖ ਕੇ ਅਗਲਾ ਤਿਲ੍ਹਕ ਜਾਂਦੈ।''

''ਬਗਾਨੀ ਧੀ ਕੋਈ ਘਰ ਸਾਂਭ ਲੇ ਆ ਕੇ ਬੱਸ ਇਕ। ਸ਼ਿੰਦਰਾ ਤਾਂ ਹੈਗਾ ਜਿਹੋ-ਜਾ ਹੈਗਾ। ਮੈਂ ਤੇ ਕਰਨੈਲ ਕਮਾਈ ਕਰਕੇ ਸਾਰੀ ਛੁਡਾ ਲਵਾਂਗੇ। ਓਡੋ-ਕੈਡ ਹੋ ਜੂ ਸਭ।'' ਘਰ ਦੀ ਉੱਖੜੀ ਕਬੀਦਾਰੀ ਦਾ ਇਲਾਜ ਜਿਵੇਂ ਬੱਸ ਇਕ ਤੀਮੀਂ ਹੀ ਰਹਿ ਗਿਆ ਹੋਵੇ।

''ਚਾਰ ਕਿੱਲੇ ਵੇਚ ਕੇ ਵੀ ਭਾਈ ਥੋਡਾ ਕੁਸ ਨਾ ਬਣਿਆ, ਫੇਰ ਇਹ ਐਨੀ ਜ਼ਮੀਨ ਗਹਿਣੇ ਕਿਮੇਂ ਟਿਕਦੀ ਰਹੀ।''

''ਬੱਸ ਭਾਈ ਪੁੱਛ ਨਾ ਕੁਸ। ਆਹ ਜਿਹੜੀ ਦਸ ਕਿੱਲੇ ਬਚੀ ਹੋਈ ਐ, ਉਹ ਵੀ ਮੇਰੇ ਪੈਰੋਂ ਬਚੀ ਹੋਈ ਐ। ਨਹੀਂ ਤਾਂ ਕਬੀਲਦਾਰੀ ਸਾਲਾ ਖੂਹ ਐ ਖੂਹ।''

''ਨਾ ਫੇਰ ਵੀ?''

''ਕੀ ਕਰਦੇ, ਘਰ ਦੇ ਖਰਚ ਈ ਸਾਲੇ ਧਲੀ ਨੀ ਧਰਨ ਦਿੰਦੇ। ਉਹ ਜਿਹੜਾ ਮਰ ਗਿਆ। ਮੁੱਕ ਗਿਆ, ਉਹਦੇ ਨਸ਼ੇ-ਪੱਤੇ ਪੂਰੇ ਨ੍ਹੀ ਸੀ ਹੁੰਦੇ। ਜੇ ਨਾ ਦਿੰਦਾ ਮੈਂ, ਤਾਂ ਉਹ ਖੂਹ ਨੂੰ ਤੁਰਦਾ ਸੀ। ਆਖਰ ਓਹੀ ਕੀਤੀ ਉਹਨੇ, ਕਿਸੇ ਨੂੰ ਕੀ ਕਹੀਏ।'' ਫੇਰ ਦੱਸਣ ਲੱਗਿਆ, ''ਖੇਤਾਂ ਦਾ ਖਰਚ ਅੱਡ, ਖਾਦਾਂ ਤੇ ਦੁਆਈਆਂ 'ਤੇ ਕਿੰਨਾ ਹੋ ਜਾਂਦੈ। ਫੇਰ ਇੰਜਣ ਮੇਰਾ ਸਾਲਾ ਪਾਣੀ ਆਂਗੂ ਤੇਲ ਪੀਂਦੈ, ਜਿੰਨਾ ਖਰਚਾ ਹੋ ਜਾਂਦੈ ਓਨੀ ਫਸਲ ਨ੍ਹੀਂ ਹੁੰਦੀ। ਫਸਲ ਵੀ ਕਿਹੜਾ ਘਰ ਆਉਂਦੀ ਐ, ਆੜ੍ਹਤੀਆ ਈ ਪੂਰਾ ਕਰ ਲੈਂਦੈ। ਤੈਨੂੰ ਕੀ ਦੱਸਾਂ, ਤੁਸੀਂ ਕਿਹੜਾ ਖੇਤੀ ਨ੍ਹੀ ਕਰਦੇ। ਸਭ ਪਤੈ ਤੈਨੂੰ।''

ਭੋਗ ਤੋਂ ਦੂਜੇ ਤੀਜੇ ਦਿਨ ਹੀ ਦੁਰਗਾ ਮੱਲ ਨੇ ਫੇਰ ਪਿੰਡ ਦਾ ਗੇੜਾ ਮਾਰਿਆ। ਉਹ ਭੋਗ ਉੱਤੇ ਵੀ ਆਇਆ ਸੀ। ਪਰ ਪਤਾ ਨਹੀਂ ਕੀ ਸੋਚ ਕੇ ਫੇਰ ਆ ਗਿਆ। ਸਾਰੇ ਪਿੰਡ ਦਾ ਚੱਕਰ ਲਾਇਆ, ਸਾਮੀਆਂ ਦੇ ਘਰ ਘਰ ਗਿਆ, ਦੇਬੇ ਦੀ ਦੁਕਾਨ ਤੇ ਚਾਹ ਪੀਤੀ ਅਤੇ ਫੇਰ ਆਲਾ ਸਿੰਘ ਵਾਲੇ ਨੂੰ ਮੁੜਦਾ-ਮੁੜਦਾ ਭਗਵਾਨ ਸੂੰ ਦੇ ਘਰ ਆ ਗਿਆ। ਦੁਪਹਿਰ ਦਾ ਵੇਲਾ ਸੀ। ਮੁਖਤਿਆਰੋ ਚੁੱਲ੍ਹੇ ਉੱਤੇ ਰੋਟੀ ਲਾਹ ਕੇ ਹਟੀ ਸੀ। ਭੈਣ-ਭਾਈ ਰੋਟੀ ਖਾਣ ਦੀ ਤਿਆਰੀ ਕਰ ਰਹੇ ਸਨ। ਕਰਨੈਲ ਤੇ ਸ਼ਿੰਦਰਾ ਘਰ ਨਹੀਂ ਸਨ। ਕਰਨੈਲ ਖੇਤ ਗਿਆ ਹੋਵੇਗਾ ਅਤੇ ਸ਼ਿੰਦਰਾ ਏਧਰ-ਓਧਰ ਕਿਧਰੇ। ਹੋ ਸਕਦੈ, ਉਹ

Scanned by CamScanner

ਵੀ ਕਰਨੈਲ ਨਾਲ ਗਿਆ ਹੋਇਆ ਹੋਵੇ। ਕਰਨੈਲ ਫੇਰ ਵੀ ਉਹ ਨੂੰ ਵਰਿਆ-ਤਰਿਆ ਕੇ ਖੇਤ ਲੈ ਜਾਂਦਾ ਸੀ।

ਦੁਰਗਾ ਮੱਲ ਵਿਹੜੇ ਵਿਚ ਖੜ੍ਹਾ ਪਸ਼ੂਆਂ ਦੀ ਖੁਰਲੀ ਵਲ ਝਾਕਣ ਲੱਗਿਆ। ਖੁਰਲੀ ਸਾਫ਼ ਸੀ। ਵਿਹੜੇ ਵਿਚ ਗੋਹਾ-ਕੂੜਾ ਕਿਧਰੇ ਨਹੀਂ ਸੀ। ਸਗੋਂ ਸਾਰਾ ਵਿਹੜਾ ਹੀ ਸੰਭਰਿਆ ਪਿਆ ਸੀ। ਦੁਰਗਾ ਮੱਲ ਹੈਰਾਨ ਹੋਇਆ। ਫੇਰ ਜਦੋਂ ਉਹਦੀ ਨਜ਼ਰ ਮੁਖਤਿਆਰੇ ਵਲ ਗਈ ਤਾਂ ਸਭ ਸਮਝ ਗਿਆ ਅਤੇ ਮੁਸਕਰਾ ਪਿਆ। ਕਹਿਣ ਲੱਗਿਆ, ''ਅੱਛਿਆ, ਭਾਈ ਤੂੰ ਆਈ ਹੋਈ ਐਂ? ਓਦਣ ਦੀ ਐਥੇ ਈ ਐਂ ਭਾਈ?''

''ਹਾਂ, ਚਾਚਾ। ਜਾਊਂਗੀ ਹੁਣ ਇਕ ਦੋ ਦਿਨਾਂ ਨੂੰ। ਹੋਰ ਮੈਂ ਕਿੰਨਾ ਕੁ ਚਿਰ ਬੈਠੀ ਰਹੂੰ।''

''ਚੰਗਾ ਭਾਈ, ਇਹਨਾਂ ਨੂੰ ਭਾਈ ਸਹਾਰਾ ਦੇ ਜੇਂਗੀ। ਨਹੀਂ ਤਾਂ ਭਾਈ, ਬੁਰਾ ਹਾਲ ਐ ਇਹਨਾਂ ਦਾ। ਬੱਸ ਇਕ ਮ੍ਰਿੰਦਰ ਸੂੰ ਈ ਐ, ਘਰ ਸੰਭਾਲਣ ਆਲਾ। ਹੋਰ ਤਾਂ ਸਰਿਆ ਪਿਐ।'' ਮ੍ਰਿੰਦਰ ਨੇ ਡੁੱਡ ਜਿਹਾ ਮਾਰਦਿਆਂ ਦੁਰਗਾ ਮੱਲ ਨੂੰ ਪੀੜ੍ਹੀ ਦੇ ਦਿੱਤੀ ਅਤੇ ਉਹ ਕੰਧ ਦੀ ਓਟ ਤਕਾਅ ਕੇ ਬਹਿ ਗਿਆ।

''ਇਹ ਪੱਟੀ ਬੰਨ੍ਹੀ ਐ?''

''ਕੱਲ ਖੇਤ ਗਿਆ ਸੀ, ਕਈ ਦਿਨਾਂ ਪਿੱਛੋਂ। ਸੂਲ ਵੱਜੀ ਸਾਲੀ ਕਿੱਕਰ ਦੀ, ਐਨ ਪਾਤਲੀ ਦੇ ਵਿਚਾਲੇ।''

''ਕਿਉਂ ਜੋੜੇ ਨ੍ਹੀ ਸੀ ਪਾਏ ਹੋਏ?''

''ਜੋੜੇ ਸੀਗੇ, ਪਰ ਤਲੇ ਘਸੇ ਹੋਏ ਨੇ। ਸੂਲ ਵਿਚ ਦੀ ਨਿੱਕਲ ਗੀ, ਸਹੁਰੇ ਮੇਰੇ ਦੀ।''

''ਨਿੱਕਲ ਗੀ ਸੀ, ਜਾਂ ਵਿੱਚੇ ਟੁੱਟ ਗੀ?''

'ਜੋੜਾ ਲਾਹੁਣ ਲੱਗਿਆ। ਵਿੱਚੇ ਰਹਿ ਗੀ।''

''ਫੇਰ ਹੁਣ?''

''ਸੂਲ ਤਾਂ ਕੱਢ ਦੀ ਸੰਤੀ ਬੁੜ੍ਹੀ ਨੇ, ਪਰ ਸੂਈ ਨਾਲ ਥਾਂ ਬਹੁਤਾ ਪੱਟਤਾ। ਹੁਣ ਚੀਸ ਪੈਂਦੀ ਐ, ਤੁਰੇ ਤੋਂ। ਗੁੜ ਤੇ ਨੂਣ ਬੰਨ੍ਹਿਆ ਹੋਇਐ। ਕਹਿੰਦੇ, ਚੰਗਾ ਹੁੰਦੈ।''

''ਨਹੀਂ, ਹੋ ਜੂ ਠੀਕ। ਮਾਸ ਭਰ ਕੇ ਆਪੇ ਠੀਕ ਹੋ ਜੂ।'' ਦੁਰਗਾ ਮੱਲ ਫੇਰ ਹੱਸਣ ਲੱਗਿਆ, ''ਪਿੰਡਾਂ ਦੀਆਂ ਇਹੀ ਦੁਆਈਆਂ ਨੇ।''

Scanned by CamScanner

''ਨਿਗਾਅ ਹੈ ਨ੍ਹੀ। ਬੱਸ ਤੱਕ ਸੁਧੇ ਮਾਸ ਖੁਰਲੀ ਗਈ, ਸੰਤੀ। ਊਂ ਹੱਥ-ਜਸ ਐ ਉਹਦੇ।'' ਮੁਖਤਿਆਰੋ ਬੋਲੀ।

''ਸੰਤੀ ਕੌਣ?'' ਦੁਰਗਾ ਮੱਲ ਨੇ ਪੁੱਛਿਆ, ''ਹਾਕਮ ਦੀ ਮਾਂ, ਚਾਨਣ ਕੇ ਦੀ।'' ਮ੍ਹਿੰਦਰ ਨੇ ਦੱਸਿਆ।

''ਉਹ ਤਾਂ ਖਾਸੀ ਬੁੜ੍ਹੀ ਐ।'' ਫੇਰ ਦੁਰਗਾ ਕਹਿਣ ਲੱਗਿਆ, ''ਤੁਸੀਂ ਪਹਿਲਾਂ ਰੋਟੀ ਖਾਲੋ। ਮੈਂ ਔਧਰ ਵਰਾਂਢੇ 'ਚ ਬੈਠਾਂ। ਮੰਜਾ ਡਾਹਿਆ ਪਿਆ ਲਗਦੈ, ਢੂਹੀ ਸਿੱਧੀ ਕਰ ਲੈਨਾਂ।''

''ਠੀਕ ਐ, ਚਾਚਾ। ਮੈਂ ਚਾਹ ਕਰਦੀ ਆਂ ਫੇਰ।'' ਮੁਖਤਿਆਰੋ ਕੌਲੀਆਂ ਵਿਚ ਕੱਦੂ-ਛੋਲਿਆਂ ਦੀ ਦਾਲ ਪਾਉਣ ਲੱਗੀ।

ਰੋਟੀ ਖਾ ਕੇ ਮ੍ਹਿੰਦਰ ਵਰਾਂਢੇ ਵਿਚ ਦੁਰਗਾ ਮੱਲ ਕੋਲ ਆ ਬੈਠਾ। ਉਹ ਮੰਜੇ ਉਤੇ ਟੇਢਾ ਜਿਹਾ ਹੋਇਆ ਪਿਆ ਸੀ। ਪੈਰੋਂ ਜੋੜੇ ਨਹੀਂ ਉਤਾਰੇ ਸਨ। ਸੋਟੀ ਸਿਰਹਾਣੇ ਰੱਖੀ ਹੋਈ ਸੀ। ਮ੍ਹਿੰਦਰ ਨੂੰ ਦੇਖ ਕੇ ਉਹ ਬੈਠਾ ਹੋ ਗਿਆ। ਝੱਟ ਹੀ ਗੱਲ ਸ਼ੁਰੂ ਕਰ ਲਈ, ''ਆਹ ਪੰਦਰਾਂ ਦਿਨ ਤਾਂ ਕੁੜੀ ਟਪਾਅ ਗੀ ਟਾਪੂ, ਨਹੀਂ ਤਾਂ ਫੇਰ ਥੋਡਾ ਬੁਰਾ ਹਾਲ ਐ, ਮ੍ਹਿੰਦਰ ਸਿਆਂ। ਕੋਈ ਹੂਲਾ ਫੱਕੋ। ਤੀਮੀਂ ਬਗੈਰ ਨ੍ਹੀ ਸਰਦਾ ਥੋਨੂੰ।''

''ਕਿੱਥੋਂ ਲੈ ਕੇ ਆਈਏ ਤੀਮੀਂ, ਤੂੰ ਦੱਸ ਦੇ?'' ਮ੍ਹਿੰਦਰ ਨੂੰ ਜਿਵੇਂ ਖਿਝ ਚੜ੍ਹੀ ਹੋਵੇ।

''ਕੋਈ ਥੁੜਿਆ-ਟੁੱਟਿਆ ਜੱਟ ਪੈਸੇ ਲੈ ਲੈਂਦਾ ਹੁੰਦੈ, ਥੋੜੇ ਘਣੇ। ਇਹ ਕਰਕੇ ਦੇਖ ਲੋ ਭਾਈ।'' ਉਹ ਸਹਿਜ ਮਤੇ ਨਾਲ ਸੁਝਾਅ ਦੇ ਰਿਹਾ ਸੀ।

''ਹੋਰ ਧਰ ਦਿਆਂਗੇ, ਦੋ ਕਿੱਲੇ। ਪਰ ਕੋਈ ਮੇਰਾ ਸਾਲਾ ਗੱਲ ਵੀ ਕਰੇ। ਮੈਂ ਤਾਂ ਇਉਂ ਵੀ ਤਿਆਰ ਆਂ।''

''ਏਥੇ ਆਪਣੇ ਪਿੰਡ 'ਚ ਹੋਣਾ ਐ ਕੋਈ, ਆਹ ਜਿਹੜੇ ਸਾਕ ਕਰਾਉਂਦੇ ਹੁੰਦੇ ਨੇ। ਉਹ ਸਭ ਵਿਧਾਂ ਮੇਲ ਦਿੰਦੇ ਨੇ। ਹਰ ਤਰ੍ਹਾਂ ਦਾ ਰਿਸ਼ਤਾ ਹੁੰਦੈ, ਇਹਨਾਂ ਲੋਕਾਂ ਦੇ ਹੱਥ 'ਚ।''

''ਨਾ, ਮੈਨੂੰ ਤਾਂ ਕੋਈ ਦੀਂਹਦਾ ਨ੍ਹੀ।'' ਫੇਰ ਮ੍ਹਿੰਦਰ ਢੇਰ-ਨਿਰਾਸ਼ਾ ਵਿਚੋਂ ਬੋਲਿਆ, ''ਮੈਨੂੰ ਤਾਂ ਸੇਠਾ ਊਈਂ ਨ੍ਹੀ ਦਿਸਦਾ ਕੁਸ ਕਿਧਰੇ, ਜਿਮੇਂ ਦੁਨੀਆਂ ਨ੍ਹੇਰ-ਗੁਬਾਰ ਹੋਵੇ।''

''ਨਹੀਂ, ਐਂ ਤਾਂ ਨਾ ਆਖ, ਮ੍ਹਿੰਦਰਾ। ਆਸ ਦੀ ਕਿਰਨ ਕਿਧਰੇ ਤਾਂ ਹੁੰਦੀ ਐ। ਖੋਜ ਕਰਨ ਦੀ ਲੋੜ ਐ।''

Scanned by CamScanner

''ਤੂੰ ਖੋਜ ਕਰ ਫੇਰ ਕੋਈ। ਸ਼ਹਿਰ 'ਚ ਰਹਿਨੈਂ। ਪਿੰਡਾਂ ਦੇ ਲੋਕ ਆਉਂਦੇ ਜਾਂਦੇ ਨੇ ਦੁਕਾਨ 'ਤੇ।''

ਉਹ ਗੱਲਾਂ ਕਰ ਰਹੇ ਸਨ ਕਿ ਮੁਖਤਿਆਰੋ ਚਾਹ ਦੇ ਦੋ ਗਿਲਾਸ ਲੈ ਕੇ ਆ ਖੜ੍ਹੀ। ਦੇਖ ਰਹੀ ਸੀ, ਗਿਲਾਸ ਕਿੱਥੇ ਰੱਖੇ।

''ਕੁੜੀਏ, ਤੂੰ ਈ ਕਰ ਭਾਈ ਕੁਸ। ਥੋਡੇ ਪਿੰਡ ਕੰਨੀ ਹੋਵੇ ਕੋਈ ਘਰ।'' ਦੁਰਗਾ ਮੱਲ ਬੋਲਿਆ।

''ਕੀ, ਚਾਚਾ?''

''ਆਹੀ, ਆਪਾਂ ਜਿਹੜੀਆਂ ਕਰਦੇ ਸੀ ਗੱਲਾਂ, ਵਿਆਹ ਦੀਆਂ।'' ਮ੍ਹਿੰਦਰ ਨੇ ਗੱਲ ਮੁਕਾਉਣੀ ਚਾਹੀ ਹੋਵੇ ਜਿਵੇਂ।

''ਕਿਮੇਂ, ਚਾਚਾ?''

''ਮੈਂ ਇਕ ਹੋਰ ਸੁਝਾਅ ਦਿੰਨਾਂ ਤੈਨੂੰ, ਕੁੜੀ ਵੀ ਬੈਠੀ ਐ। ਇਹ ਵੀ ਦੱਸੂ ਗੀ ਕੁਸ। ਮੇਰੇ ਦਮਾਕ 'ਚ ਹੁਣੇ ਆਈ ਐ ਗੱਲ। ਜੇ ਮਨ ਲੱਗੇ ਥੋਡੇ। ਮੈਂ ਖ਼ਬਾਰਾਂ 'ਚ ਸੁਣੀਆਂ ਨੇ ਗੱਲਾਂ। ਅਖੇ, ਐਧਰ ਬੋਹੇ-ਬਲਾਢੇ ਕੰਨੀ ਪਿੰਡ ਐ ਇਕ- ਘਮਾਣ। ਓਥੇ ਮ੍ਹੀਨੇ ਦੇ ਪਹਿਲੇ ਐਤਵਾਰ ਤੀਮੀਆਂ ਦੀ ਮੰਡੀ ਲੱਗਦੀ ਐ। ਵੀਹ ਤੀਹ ਹਜ਼ਾਰ 'ਚ ਈ ਮਿਲ ਜਾਂਦੀ ਐ ਤੀਮੀਂ।''

''ਉਹ ਕਿਮੇਂ ਚਾਚਾ?' ਮੁਖਤਿਆਰੋ ਨੇ ਅੱਖਾਂ ਚੌੜੀਆ ਕੀਤੀਆਂ।

''ਉਹ ਭਾਈ ਐਂ ਐ ਗੱਲ। ਕਹਿੰਦੇ, ਓਸ ਪਿੰਡ 'ਚ ਇਕ ਤੀਮੀਂ ਐਂ। ਉਹ ਵੀ ਓਧਰੋਂ ਆ ਕੇ ਵਸੀ ਹੋਈ ਐ। ਉਹਦਾ ਘਰ ਆਲਾ ਤਾਂ ਮਰ ਗਿਆ। ਉਹ ਹੁਣ ਇਹ ਧੰਦਾ ਕਰਦੀ ਐ।''

''ਧੰਦਾ ਕਿਮੇਂ, ਚਾਚਾ?''

''ਕੋਈ ਦਲਾਲ ਐ, ਓਧਰੋਂ ਬੰਗਾਲ ਦਾ ਈ ਐ, ਉਹ ਕੁੜੀਆਂ ਲੈ ਆਉਂਦੈ ਓਧਰੋਂ, ਗਰੀਬ ਘਰਾਂ ਦੀਆਂ। ਮੁੱਲ ਜਾਂ ਕਿਮੇਂ ਵੀ। ਏਸ ਪਿੰਡ ਉਹ ਤੀਮੀਂ ਤੇ ਉਹ ਦਲਾਲ ਮ੍ਹੀਨੇ ਦੇ ਪਹਿਲੇ ਐਤਵਾਰ ਓਸ ਤੀਮੀਂ ਦੇ ਘਰ ਸੌਦਾ ਕਰਦੇ ਨੇ। ਗੱਲੀਂ ਗੱਲੀਂ ਸਭ ਨੂੰ ਪਤੈ। ਗਾਹਕ ਜਾਂਦੇ ਨੇ ਤੇ ਮੁੱਲ ਤਾਰ ਕੇ ਤੀਮੀਂ ਲੈ ਆਉਂਦੇ ਨੇ।''

''ਜੇ ਆਪਾਂ ਲਿਆਈਏ, ਚਾਚਾ, ਐਂ ਕੋਈ। ਉਹਦਾ ਕੀ ਤਬਾਰ ਐ, ਭੱਜ ਗੀ ਜੇ? ਫੇਰ ਕੀ ਕਰਾਂਗੇ, ਪੈਸਾ ਐਮੇਂ ਜਾਊ।''

''ਲੋਕ ਦਸਦੇ ਐ, ਉਹ ਭੁੱਖੀਆਂ ਮਰਦੀਆਂ ਐਧਰ ਆਉਂਦੀਆਂ ਨੇ। ਟਿਕ

Scanned by CamScanner

ਜਾਂਦੀਆਂ ਨੇ। ਭਜਦੀਆਂ ਨ੍ਹੀ। ਕਹਿੰਦੇ, ਉਸ ਪਿੰਡ 'ਚ ਈ ਪੰਦਰਾਂ-ਵੀਹ ਘਰ ਵਸਾਏ ਨੇ ਓਸ ਤੀਮੀਂ ਨੇ।''

ਮ੍ਹਿੰਦਰ ਤੇ ਮੁਖਤਿਆਰੋ ਇਕ ਦੂਜੇ ਵੱਲ ਝਾਕਣ ਲੱਗੇ। ਉਹ ਇਕੋ ਮੰਜੇ ਉੱਤੇ ਕੋਲ ਕੋਲ ਬੈਠੇ ਹੋਏ ਸਨ। ਉਹ ਬੋਲੀ, ''ਫੇਰ ਐਂ ਕਰ ਲੋ ਚਾਚਾ। ਇਹਨਾਂ ਦੀ ਰੋਟੀ ਪਕਦੀ ਹੋ ਜੇ, ਕਿਮੇਂ ਹੋ ਜੇ।''ਮੁਖਤਿਆਰੋ ਨੇ ਅੱਖਾਂ ਭਰ ਲਈਆਂ। ਕੋਇਆਂ ਦਾ ਪਾਣੀ ਉਂਗਲ ਦੇ ਫੁੱਲਾਂ ਨਾਲ ਪਰ੍ਹਾਂ ਕੀਤਾ।

ਮੁਖਤਿਆਰੋ ਵਰਾਂਢੇ ਵਿੱਚੋਂ ਉੱਠ ਕੇ ਅੰਦਰ ਸਬਾਤ ਵਿਚ ਚਲੀ ਗਈ। ਫੇਰ ਦੁਰਗਾ ਮੱਲ ਤੇ ਮ੍ਹਿੰਦਰ ਖੇਤ ਦੀਆਂ ਗੱਲਾ ਕਰਨ ਲੱਗੇ। ਗੱਲ ਬੋਰ ਉੱਤੇ ਆ ਖੜ੍ਹੀ। ਉਹਨਾਂ ਦਾ ਬੋਰ ਹੁਣ ਇਕ ਘੰਟਾ ਮਸਾਂ ਚਲਦਾ ਸੀ। ਫੇਰ ਪਾਣੀ ਬੰਦ ਹੋ ਜਾਂਦਾ। ਦੋ ਘੰਟੇ ਇੰਜਣ ਖੜ੍ਹਾ ਕੇ ਫੇਰ ਕਿਤੇ ਪਾਣੀ ਆਉਣ ਲਗਦਾ। ਗੱਲ ਇਹ ਸੀ ਕਿ ਇਹਨਾਂ ਦਿਨਾਂ ਵਿਚ ਧਰਤੀ ਦਾ ਹੇਠਲਾ ਪਾਣੀ ਬਹੁਤ ਥੱਲ੍ਹੇ ਚਲਿਆ ਗਿਆ ਸੀ। ਖੂਹ ਸੁੱਕ ਚੱਲੇ ਸਨ। ਕਈ ਘਰਾਂ ਦੇ ਬੋਰ ਤਾਂ ਬਿਲਕੁਲ ਹੀ ਖੜ੍ਹ ਗਏ ਸਨ। ਉਹਨਾਂ ਦੇ ਕੱਸੀ ਵਾਲੇ ਖੇਤ ਦਾ ਛੀ ਕਿੱਲੇ ਦਾ ਇਕ ਟੱਕ ਦੁਰਗਾ ਮੱਲ ਕੋਲ ਗਹਿਣੇ ਸੀ। ਕੱਸੀ ਦਾ ਪਾਣੀ ਮਸਾਂ ਹੀ ਕਦੇ ਆਉਂਦਾ। ਆਉਂਦਾ ਵੀ ਤਾਂ ਕਦੇ ਵੀ ਘਰ ਪੂਰਾ ਨਹੀਂ ਕਰਦਾ ਸੀ। ਉਹਨਾਂ ਘਰਾਂ ਦੇ ਇਹ ਚਾਰ-ਪੰਜ ਵਾਹਣ ਟੇਲ ਉੱਤੇ ਹਨ। ਬੁਰਾ ਹਾਲ ਸੀ ਪਾਣੀ ਵੱਲੋਂ। ਏਸੇ ਕਰਕੇ ਬੋਰ ਕਰਵਾਇਆ ਸੀ। ਹੁਣ ਬੋਰ ਵੀ ਜਵਾਬ ਦਈ ਬੈਠਾ ਸੀ। ਦੁਰਗਾ ਮੱਲ ਨੇ ਮ੍ਹਿੰਦਰ ਨੂੰ ਸੁਝਾਓ ਦਿੱਤਾ ਕਿ ਹੁਣ ਉਹ ਆਪਣੇ ਖੇਤ ਵਿਚ ਸਮਰਸੀਬਲ ਪੰਪ ਲਗਵਾ ਲੈਣ। ਹੁਣ ਤਾਂ ਇਹੀ ਇਕ ਇਲਾਜ ਰਹਿ ਗਿਆ ਹੈ। ਹੁਣ ਤਾਂ ਲੋਕ ਏਧਰ ਹੀ ਪਏ ਹੋਏ ਹਨ। ਹੋਰ ਚਾਰਾ ਵੀ ਕੋਈ ਨਹੀਂ।

''ਸਮਰਸੀਬਲ ਸੌਖੇ ਕਿਤੇ? ਉਹਦੇ 'ਤੇ ਤਾਂ ਕਹਿੰਦੇ ਲੱਖ ਰੁਪਇਆ ਲਗਦੈ। ਲੱਖ ਸੇਠਾ ਕਿੱਥੋਂ ਆਊ?'' ਮ੍ਹਿੰਦਰ ਚਿੰਤਾ ਭਰੀ ਹਾਸੀ ਦੇ ਬੋਲਾਂ ਵਿਚ ਥੱਲੇ ਲਹਿ ਗਿਆ।

''ਸਭ ਹੋ ਜੂ। ਓਹੀ ਕਰਨ ਆਲੈ ਸੱਚਾ ਪਾਤਸ਼ਾਹ। ਬੰਦੇ ਦੀਆਂ ਨੀਤਾਂ ਸਿੱਧੀਆਂ ਹੋਣ।'' ਫੇਰ ਦੁਰਗਾ ਮੱਲ ਮੰਜੇ ਤੋਂ ਉਠਿਆ ਅਤੇ ਜਾਣ ਦੀ ਤਿਆਰੀ ਜਿਹੀ ਕਰਨ ਲੱਗਿਆ। ਦੋਵਾਂ ਹੱਥਾਂ ਵਿਚ ਸੋਟੀ ਫੜ ਕੇ ਮੱਥੇ ਨੂੰ ਲਾ ਲਈ। ਬੋਲਿਆ, ਮ੍ਹਿੰਦਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ, '' ਤੂੰ ਆਈਂ ਕਦੇ ਓਥੇ ਮੇਰੇ ਕੋਲ। ਆਪਾਂ ਕੋਈ ਹੱਲ ਕਢਾਂਗੇ।''

''ਮੈਂ ਤਾਂ ਕੱਲ ਨੂੰ ਈ ਆ ਜਾਨਾਂ। ਤੂੰ ਗੱਲ ਕਰ, '' ਮ੍ਹਿੰਦਰ ਦੁਰਗਾ ਮੱਲ ਦੇ

Scanned by CamScanner

ਨਾਲ ਤੁਰਿਆ ਜਾਂਦਾ ਆਖ ਰਿਹਾ ਸੀ।

''ਨਾਲੇ ਘਮਾਣ ਜਾ ਇਆ। ਇਕ ਬੰਦੇ ਨੂੰ ਨਾਲ ਲੈ ਜਾ ਕਿਸੇ ਨੂੰ। ਪਿੰਡ ਦਾ ਈ ਹੋਵੇ, ਕੋਈ ਤੇਰਾ ਜਾਰ ਬੇਲੀ। ਦੋ ਚੰਗੇ ਹੁੰਦੇ ਐ। ਸਲਾਹ ਬਲਾਹ ਹੋ ਜਾਂਦੀ ਐ।'' ਦੁਰਗਾ ਮੱਲ ਉਹਨਾਂ ਦੇ ਘਰੋਂ ਬਾਹਰ ਨਿਕੱਲਦਾ ਫੇਰ ਆਖ ਗਿਆ।

10

ਮੁਖਤਿਆਰੋ ਨਾਲ ਉਹ ਆਥਣ ਤੱਕ ਇਹੀ ਝੇੜਾ ਕਰਦਾ ਰਿਹਾ। ਉਹ ਵਾਰ-ਵਾਰ ਆਖਦੀ, ''ਭਾਈ, ਕੋਈ ਹੋਵੇ, ਤੀਮੀਂ ਦੀ ਜਾਤ ਹੋਵੇ। ਰੋਟੀ ਪਕਦੀ ਹੋ ਜੇ ਥੋਡੀ ਤਿੰਨਾਂ ਦੀ। ਤੂੰ ਤੜਕੇ ਈ ਆਲਾ ਸਿੰਘ ਵਾਲੇ ਜਾ ਕੇ ਦੁਰਗਾ ਮੱਲ ਨਾਲ ਕੋਈ ਗੱਲ ਕਰ। ਉਹ ਆਖਕੇ ਗਿਐ ਜਦੋਂ। ਫੇਰ ਵੀ ਮਹਾਜਨ ਐ, ਮਹਾਜਨਾਂ ਦੀ ਅਕਲ ਤੇਜ ਹੁੰਦੀ ਐ।''

ਅਗਲੇ ਦਿਨ ਮ੍ਰਿੰਦਰ ਆਲਾ ਸਿੰਘ ਵਾਲੇ ਗਿਆ। ਤੜਕੇ ਈ ਤੜਕੇ ਗਿਆ ਸੀ। ਦੁਕਾਨਾਂ ਹਾਲੇ ਖੁੱਲ੍ਹੀਆਂ ਹੀ ਸਨ। ਦੁਰਗਾ ਮੱਲ ਗੱਦੀ ਉੱਤੇ ਸਿਰਹਾਣਾ ਲਾਈ ਬੈਠਾ ਬੀੜੀ ਪੀ ਰਿਹਾ ਸੀ। ਨੌਕਰ ਮੁੰਡਾ ਏਧਰ-ਓਧਰ ਪਾਣੀ ਛਿੜਕਦਾ ਫਿਰ ਰਿਹਾ ਸੀ। ਅਗਰ ਬੱਤੀਆ ਜਗ ਰਹੀਆਂ ਸਨ। ਸਾਹਮਣੇ ਦੀ ਕੰਧ ਵਿਚ ਬਿਜਲੀ ਦੇ ਛੋਟੇ ਬਲਬ ਦੀ ਜੋਤ ਜੱਗੀ ਹੋਈ ਸੀ। ਆਲੇ ਵਿਚ ਦੁਰਗਾ ਦੀ ਛੋਟੀ ਫੋਟੋ ਸ਼ੀਸ਼ੇ ਵਿਚ ਫਰੇਮ ਕਰਵਾ ਕੇ ਰੱਖੀ ਹੋਈ ਸੀ। ਮ੍ਰਿੰਦਰ ਨੇ ਪਰ੍ਹੇ ਹੀ ਆਪਣੇ ਜੋੜੇ ਲਾਹੇ ਅਤੇ ਗੱਦੀ ਉੱਤੇ ਦੁਰਗਾ ਮੱਲ ਦੇ ਸਾਹਮਣੇ ਜਿਹੇ ਹੋ ਕੇ ਬੈਠ ਗਿਆ।

''ਆ ਗਿਆ?'' ਦੁਰਗਾ ਮੱਲ ਨੇ ਮੁਸਕਰਾ ਕੇ ਉਹਦਾ ਸੁਆਗਤ ਕੀਤਾ।

''ਹਾਂ ਜੀ, ਸੇਠ ਸਾਅਬ! ਕਰੋ ਗੱਲ।'' ਮ੍ਰਿੰਦਰ ਦੇ ਦਿਮਾਗ ਵਿਚ ਤੀਮੀਂ ਸੀ।

ਪਰ ਦੁਰਗਾ ਮੱਲ ਦੇ ਦਿਮਾਗ ਵਿਚ ਪਹਿਲਾਂ ਜੀਮੀਂ ਆਈ। ਉਹ ਕਹਿਣ ਲੱਗਿਆ, ''ਦੇਖ ਮ੍ਰਿੰਦਰ ਸਿਆਂ ਭਾਈ, ਸਪਸ਼ਟ ਗੱਲ ਐ। ਤੂੰ ਕੋਈ ਦੂਜਾ ਨ੍ਹੀ। ਤੈਨੂੰ ਐਂ ਪੈਸਿਆਂ ਦੀ ਲੋੜ। ਥੋਡੇ ਕੰਨੀ ਪਹਿਲਾਂ ਵੀ ਕਿੰਨੀ ਰਕਮ ਖੜ੍ਹੀ ਐ।''

''ਕਿੰਨਾ ਹੋ ਗਿਆ ਹੋਊ?'' ਉਹ ਵਿਚੋਂ ਹੀ ਬੋਲ ਪਿਆ।

''ਇਹ ਤਾਂ ਮਨੀਮ ਦੱਸੂ ਆ ਕੇ। ਆਉਣ ਵਾਲਾ ਈ ਐ। ਚਾਰ ਤੋਂ ਤਾਂ ਉੱਤੇ ਉੱਤੇ ਈ ਹੋਣੈ। ਮੇਰਾ ਅਨੁਮਾਨ ਐ। ਫੇਰ ਕਹਿ ਨ੍ਹੀ ਸਕਦੇ। ਬਹੀ ਦੱਸੂ ਸਾਰਾ ਵੇਰਵਾ।''

''ਕੱਲ ਰਾਤ ਤਾਈਂ ਭੈਣ-ਭਾਈ ਅਸੀਂ ਤਾਂ ਇਹੀ ਗੱਲਾਂ ਕਰਦੇ ਰਹੇ ਆਂ। ਜਿਉਂ

Scanned by CamScanner

ਤੂੰ ਆਇਐਂ ਉਥੋਂ। ਤੀਮੀਂ ਤਾਂ ਜ਼ਰੂਰੀ ਐ।''

''ਸਮਰਸੀਬਲ ਓਦੋਂ ਵੀ ਜ਼ਰੂਰੀ ਐ।''

''ਫੇਰ ਕਿਮੇਂ ਕਰੀਏ। ਬਣਾ ਕੋਈ ਹੀਲਾ।''

''ਦੇਖ ਮ੍ਹਿੰਦਰਾ, ਪੈਸਾ ਹੱਥਾਂ ਦੀ ਮੈਲ ਐ। ਤੀਮੀਂ ਵੀ ਆਜੂ। ਤਿੰਨੇ ਭਾਈ ਦੱਬ ਕੇ ਕਮਾਈ ਕਰੋਗੇ, ਜੀਮੀਂ ਵੀ ਛੁੱਟ ਜੂ ਸਾਰੀ। ਕੰਮ ਨੂੰ ਤਫ਼ੀਕਾਂ ਨੇ। ਹੋਰ ਵਾਹਣ ਵੀ ਲੈ ਸਕਦੇ ਓਂ ਤੁਸੀਂ।''

''ਕਿਮੇਂ, ਮੈਨੂੰ ਸਮਝ ਨ੍ਹੀ ਆਈ ਤੇਰੀ ਗੱਲ।''

''ਸਿੱਧੀ ਗੱਲ ਐ, ਭਾਈ। ਮੇਰੇ ਕੋਲ ਜਿਹੜਾ ਛੀ ਕਿੱਲੇ ਵਾਹਣ ਐ ਥੋਡਾ। ਉਹਦੇ 'ਤੇ ਪਹਿਲਾਂ ਈ ਪੈਸਾ ਬਹੁਤ ਗਿਆ ਹੋਇਐ। ਉਹ ਦੇ ਦਿਓ ਮੈਨੂੰ। ਸਾਰੇ ਧੰਦੇ ਈ ਸਰ ਜਾਣਗੇ।

''ਬੈਅ ਦੇ ਦਈਏ?'' ਮ੍ਹਿੰਦਰ ਦੇ ਮੱਥੇ ਉੱਤੇ ਮੁੜ੍ਹਕਾ ਸੀ। ਅੱਖਾਂ ਵਿਚ ਗਹਿਰਾਈ ਉਤਰ ਆਈ।

''ਆਪਣੇ ਪਿੰਡ ਕੀ ਭਾਅ-ਭੰਤੈ ਅੱਜ ਕਲ?'' ਦੁਰਗਾ ਮੱਲ ਆਪਣਿਆਂ ਵਾਂਗ ਪੁੱਛ ਰਿਹਾ ਸੀ।

''ਭਾਅ ਤਾਂ ਮੇਰਾ ਸਾਲਾ ਕੁਸ ਵੀ ਨ੍ਹੀ। ਥੱਲੇ ਦੀ ਥੱਲੇ ਜਾਂਦੀ ਐ ਕਹਾਣੀ। ਕਾਹਦੇ ਭਾਅ ਨੇ।''

''ਫੇਰ ਵੀ?''

''ਆਹੀ ਹੋਣੈ ਦੋ ਢਾਈ।''

''ਨਾ ਐਨਾ ਤਾਂ ਨ੍ਹੀ। ਜਦੋਂ ਦਾ ਧਰਤੀ ਹੇਠਲਾ ਪਾਣੀ ਸੁੱਕਣ ਲੱਗਿਐ, ਜ਼ਮੀਨਾਂ ਬੇਕਾਰ ਹੋਈਂ ਜਾਂਦੀਆਂ ਨੇ। ਹੁਣ ਜਮੀਨਾਂ 'ਚ ਖਾਣ-ਖੱਟਣ ਨੂੰ ਕੁਸ ਨ੍ਹੀ। ਮੈਂ ਤਾਂ ਇਹ ਕਹਿਨਾਂ, ਬਈ ਛੀ ਕਿੱਲੇ ਦੇ ਕੇ ਮਕਾਓ ਪਰ੍ਹਾਂ। ਵਿਆਜੂ ਪੈਸੇ ਦਾ ਥੋਡਾ ਜੂੜ ਵੀ ਵੱਢਿਆ ਜਾਊ। ਨਾਲੇ ਊਂ ਸਰਜੂ। ਤੀਮੀਂ ਆਜੂ ਘਰੇ।''

''ਕਰ ਫੇਰ ਜਿਮੇਂ ਕਰਦੈਂ'' ਮ੍ਹਿੰਦਰ ਦੀ ਹਾਂ ਸੀ।

''ਕਰਨੈਲ ਤੇ ਸ਼ਿੰਦਰੇ ਨਾਲ ਕਰ ਲੈਂਦਾ ਗੱਲ।''

''ਉਹਨਾਂ ਨਾਲ ਤਾਂ ਕਰੀ ਹੋਈ ਐ। ਉਹ ਤਾਂ ਗੂਠਾ ਲਾਉਣ ਦੇ ਭਾਈਵਾਲ ਨੇ। ਉਹਨਾਂ ਕੰਨੀਓਂ ਨਾਂਹ ਨ੍ਹੀ। ਮੁਖਤਿਆਰੋ ਨੇ ਸਭ ਪੁੱਛ ਲਿਆ ਉਹਨਾਂ ਨੂੰ ਕੱਲ। ਉਹਨਾਂ ਨੂੰ,

Scanned by CamScanner

ਸੱਚੀ ਪੁੱਛਦੈਂ, ਕਾਸੇ ਦਾ ਫ਼ਿਕਰ ਨ੍ਹੀ। ਨਾ, ਚਾਅ ਐ ਕਿਸੇ ਚੀਜ਼ ਦਾ।''

''ਤਸੀਲਦਾਰ ਦੇ ਨਾਲ ਜਾਣਗੇ?''

''ਕਿਮੇਂ ਨ੍ਹੀ ਜਾਣਗੇ। ਮੈਂ ਆਪੇ ਲੈ ਕੇ ਜਾਊਂ।''

''ਪਹਿਲਾਂ ਤਿੰਨਾਂ ਦੇ ਨਾਊਂ ਚੜ੍ਹਨੀ ਐ ਜ਼ਮੀਨ। ਮੁਖਤਿਆਰੋ ਦਾ ਨਾਂ ਤਾਂ ਸਮਝ ਭਗਵਾਨ ਸੂੰ ਪਹਿਲਾਂ ਹੀ ਕਢਵਾ ਗਿਆ ਸੀ। ਵਸੀਅਤ ਹੋਗੀ ਜਿਹੜੀ। ਹੁਣ ਪਹਿਲਾਂ ਜਰਨੈਲ ਦੀ ਚੜ੍ਹੂ ਥੋਡੇ ਨਾਂ।''

''ਜਰਨੈਲ ਦੀ ਮੈਂ ਕਹਿਨਾਂ, ਮੁਖਤਿਆਰੋ ਨ੍ਹੀ ਹੱਕਦਾਰ?'' ਮ੍ਹਿੰਦਰ ਕਾਨੂੰਨਾਂ ਦਾ ਵਾਕਫ ਸੀ।

''ਠੀਕ ਐ, ਉਹ ਵੀ ਐ। ਇਹ ਤਾਂ ਪੱਕੀ ਗੱਲ ਐ।''

''ਪਰ ਮੁਖਤਿਆਰੋ ਨ੍ਹੀ ਮੰਗਦੀ। ਉਹ ਦੇ ਬਿਆਨ ਕਰਾ ਦਿਆਂਗੇ। ਉਹ ਤਾਂ ਵਚਾਰੀ ਸਤਿਆਮਾਨ ਐ। ਉਹ ਤਾਂ ਸਾਡਾ ਈ ਭਲਾ ਚਾਹੁੰਦੀ ਐ। ਪ੍ਰਾਹੁਣਾ ਵੀ ਮਾੜਾ ਨ੍ਹੀ।'' ਮ੍ਹਿੰਦਰ ਦੀ ਦਿਲਜਮੀ ਸੀ।

''ਚੱਲ, ਇਹ ਤਾਂ ਹੋਜੂ, ਸਾਰਾ ਹੋਜੂ। ਤੁਸੀਂ ਆਪ ਕਰਨੈਂ। ਹੁਣ ਆਪਾਂ ਗੱਲ ਕਰਦੇ ਆਂ ਗੱਲ ਦੀ।''

''ਕਰ।''

''ਦੋ-ਢਾਈ ਰੇਟ ਨ੍ਹੀ ਰਹਿ ਗਿਆ ਹੁਣ। ਹੁਣ ਤਾਂ ਬਹੁਤ ਥੱਲੇ ਐ। ਡੂਢ ਮਸਾਂ ਹੋਣੈ।''

''ਚੱਲ ਜਿੰਨਾ ਵੀ ਹੈਗਾ ਪਿੰਡ 'ਚ। ਇਹ ਤਾਂ ਪਤਾ ਕਰ ਲਾਂਗੇ।''

''ਮੇਰਾ ਸਭ ਪਤਾ ਕੀਤਾ ਹੋਇਐ। ਥੋਡੇ ਪਿੰਡ ਦੀਆਂ ਈ ਦੋ ਰਜਿਸਟਰੀਆਂ ਹੋਈਆਂ ਨੇ ਪਰਸੋਂ ਤਸੀਲਦਾਰ ਦੇ। ਇਹ ਡੂਢ ਐ ਬੱਸ।''

''ਸੇਠਾ, ਤੈਨੂੰ ਸਭ ਪਤੈ। ਜਿਹੜਾ ਵੀ ਰੇਟ ਹੈਗਾ, ਲਾ ਲਾਂਗੇ। ਤੂੰ ਪਹਿਲਾਂ ਥੋਹੇ-ਬਲਾਢੇ ਜਾਣ ਨੂੰ ਦੇਹ ਪੈਸੇ।'' ਮ੍ਹਿੰਦਰ ਨੂੰ ਅੱਚਵੀ ਲੱਗੀ ਹੋਈ ਸੀ।

ਐਨੇ ਨੂੰ ਮਨੀਮ ਆ ਗਿਆ। ਦੁਰਗਾ ਮੱਲ ਦੇ ਇਸ਼ਾਰੇ ਨਾਲ ਉਹਨੇ ਬਹੀ ਕੱਢੀ। ਭਗਵਾਨ ਸੂੰ ਦੇ ਲਾਣੇ ਵਲ ਪੂਰਾ ਸਾਢੇ ਚਾਰ ਸੀ। ਮ੍ਹਿੰਦਰ ਜਿਵੇਂ ਦਲਦਲ ਵਿਚ ਧਸ ਗਿਆ ਹੋਵੇ। ਸੁੱਝ ਨਹੀਂ ਰਿਹਾ ਸੀ। ਇਹ ਕਾਹਦਾ ਗਿਆ ਐਨਾ ਪੈਸਾ।

ਮਨੀਮ ਵੇਰਵੇ ਦੱਸਣ ਲੱਗਿਆ।

Scanned by CamScanner

ਮਿੰਦਰ ਨੇ ਅੱਖਾਂ ਮੀਚਕੇ ਹੱਥ ਖੜ੍ਹਾ ਕੀਤਾ। ''ਬੱਸ ਠੀਕ ਐ। ਇਹ ਕੋਈ ਝੂਠ ਤਾਂ ਨ੍ਹੀ। ਖਰਾ ਗਿਐ।''

''ਤਿੰਨ ਲੱਖ ਦਾ ਗਹਿਣਾ ਹੋ ਗਿਆ। ਛੀ ਕਿੱਲਿਆਂ 'ਤੇ ਦੇਖ ਲੈ। ਸਾਢੇ ਸੱਤ। ਨੌਂ ਦੇ ਕੇ ਥੋਡੇ ਪੱਲੇ ਡੂਢ ਪੈ ਜੂ। ਤੀਮੀਂ ਵੀ ਘਰ ਆ ਜੂ। ਸਮਰਸੀਬਲ ਵੀ ਲੱਗ ਜੂ।''

ਮਿੰਦਰ ਦੇ ਦਿਮਾਗ ਵਿਚ ਸਾਰਾ ਚਾਨਣ ਬੈਠ ਗਿਆ।

ਉਹ ਦੁਰਗਾ ਮੱਲ ਦੇ ਹੋਰ ਨੇੜੇ ਹੋ ਕੇ ਬਹਿ ਗਿਆ। ਹੁਣੇ ਜਿਵੇਂ ਉਹਦੀ ਝੋਲੀ ਨੋਟਾਂ ਦੀਆਂ ਗੁੱਟੀਆਂ ਪੈ ਗਈਆਂ ਹੋਣ। ਜਿਵੇਂ ਹੁਣੇ ਉਹਨੇ ਗੂਠਾ ਲਾ ਦੇਣਾ ਹੋਵੇ। ਸੁਪਨੇ ਉਹਦੇ ਅੰਦਰ ਕਿਧਰੇ ਭੁੱਬਲ ਦੇ ਚੰਗਿਆੜਿਆ ਵਾਂਗ ਜਾਗਦੇ।

ਅਗਲੇ ਦਸ-ਬਾਰਾਂ ਦਿਨਾਂ ਵਿਚ ਦੁਰਗਾ ਮੱਲ ਦੀਆਂ ਕੋਸ਼ਿਸ਼ਾਂ ਨਾਲ ਸਭ ਹੋ ਗਿਆ। ਉਹਨੂੰ ਸਭ ਢੰਗ ਤਰੀਕੇ ਆਉਂਦੇ ਸਨ। ਮਿੰਦਰ ਨੂੰ ਜਿਵੇਂ ਉਹ ਉਂਗਲੀ ਲਾਈ, ਫਿਰਦਾ ਹੋਵੇ। ਜਰਨੈਲ ਦਾ ਹਿੱਸਾ ਤਿੰਨਾਂ ਭਰਾਵਾਂ ਦੇ ਨਾਂ ਚੜ੍ਹ ਗਿਆ। ਮੁਖਤਿਆਰੋ ਦੇ ਬਿਆਨ ਵੀ ਹੋ ਗਏ। ਉਹ ਵਿਚ ਦੀ ਦੋ ਵਾਰ ਆਪਣੇ ਪਿੰਡ ਦਾ ਗੇੜਾ ਮਾਰ ਆਈ ਸੀ। ਉਹ ਭਰਾਵਾਂ ਦਾ ਘਰ ਵਸਿਆ ਦੇਖਣਾ ਚਾਹੁੰਦੀ ਸੀ। ਹੁਣ ਉਹ ਸਰਦਾਰ ਗੜ੍ਹ ਹੀ ਬੈਠੀ ਹੋਈ ਸੀ। ਛੀ ਕਿੱਲਿਆਂ ਦੇ ਬੈਅ ਦੀ ਰਜਿਸਟਰੀ ਵੀ ਹੋ ਗਈ। ਆਲਾ ਸਿੰਘ ਵਾਲੇ ਦਾ ਅਰਜੀ ਨਵੀਸ ਹੱਥਾਂ ਉੱਤੇ ਸਰ੍ਹੋਂ ਜਮਾਉਂਦਾ। ਪਟਵਾਰੀ, ਕਾਨੂੰਗੋ, ਤਸੀਲਦਾਰ ਉਹਦੇ ਹੱਥਾਂ ਦੇ ਖਿਡਾਉਣੇ ਸਨ।

ਬਾਕੀ ਰਕਮ ਮਿੰਦਰ ਨੇ ਦੁਰਗਾ ਮੱਲ ਕੋਲ ਹੀ ਪਈ ਰਹਿਣ ਦਿੱਤੀ। ਉਹਨੂੰ ਆੜ੍ਹਤੀਏ ਉੱਤੇ ਪੂਰੀ ਇਤਬਾਰੀ ਸੀ।

11

ਮਹੀਨੇ ਦਾ ਪਹਿਲਾ ਐਤਵਾਰ ਸੀ।

ਉਹ ਸਦੇਹਾਂ ਜਾਗੇ। ਚਾਨਣ ਦਾ ਹਾਕਮ ਰਹਿੰਦਾ ਤਾਂ ਵਿਹਲਾ ਜਿਹਾ ਸੀ, ਮਨ ਮਰਜੀ ਦਾ ਕੰਮ ਕਰਦਾ ਪਰ ਦਿਲ ਦਾ ਸੁੱਚਾ ਬੰਦਾ ਸੀ। ਉਹਦੇ ਕੋਲ ਜ਼ਮੀਨ ਵਾਹਵਾ ਸੀ। ਇੱਕ ਮੁੰਡਾ, ਜਿਹੜਾ ਹੁਣ ਕਾਲਜ ਜਾਂਦਾ ਸੀ। ਹਾਕਮ ਦਾ ਇਕ ਸੀਰੀ ਸੀ ਅਤੇ ਦੋ ਨੌਕਰ। ਇਕ ਨੌਕਰ ਮੱਝਾਂ ਦਾ ਪਾਲੀ ਸੀ, ਦੂਜਾ ਨੌਕਰ ਸੀਰੀ ਨਾਲ ਉਤਲਾ ਕੰਮ ਕਰਾਉਂਦਾ।

Scanned by CamScanner

ਹਾਕਮ ਮ੍ਹਿੰਦਰ ਦਾ ਪੱਕਾ ਆੜੀ ਸੀ। ਹਾਕਮ ਸੀ ਤਾਂ ਮ੍ਹਿੰਦਰ ਤੋਂ ਖਾਸਾ ਵੱਡਾ, ਪਰ ਉਹ ਬੈਠਕੇ ਘਰਾਂ ਦੇ ਦੁੱਖ-ਸੁਖ ਕਰਦੇ। ਕਦੇ-ਕਦੇ ਘਰ ਦੀ ਕੱਢੀ ਦਾਰੂ ਪੀ ਦੇ ਅਤੇ ਅੰਦਰਲਾ ਸੰਸਾਰ ਵਸਾ ਲੈਂਦੇ। ਹਾਕਮ ਨੂੰ ਇਤਬਾਰ ਸੀ ਕਿ ਮ੍ਹਿੰਦਰ ਉੰ ਮਾੜਾ ਨਹੀਂ ਹੈ, ਕਿਸੇ ਵੀ ਗੱਲੋਂ, ਪਰ ਘਰ ਦੀ ਗਰੀਬੀ ਦਾ ਮਾਰਿਆ ਪਿਆ ਹੈ ਵਿਚਾਰਾ। ਹਾਕਮ ਉਹਦੀ ਬਿਹਤਰੀ ਚਾਹੁੰਦਾ ਸੀ। ਇਸੇ ਕਰਕੇ ਉਹ ਉੱਠਕੇ ਨਾਲ ਤੁਰ ਪਿਆ ਸੀ।

ਪਿੰਡੋਂ ਪਹਿਲਾਂ ਉਹ ਆਲਾ ਸਿੰਘ ਵਾਲੇ ਪਹੁੰਚੇ। ਓਥੋਂ ਸਾਰੇ ਪਾਸੇ ਬੱਸਾਂ ਜਾਂਦੀਆਂ ਸਨ। ਬੁਢਲਾਡੇ ਪਹੁੰਚ ਗਏ। ਓਥੇ ਜਾਕੇ ਉਹਨਾਂ ਨੂੰ ਭੁੱਖ ਲੱਗ ਆਈ ਸੀ। ਘਰੋਂ ਤਾਂ ਬੱਸ ਉਹ ਚਾਹ ਦੀ ਬੁੱਕ ਪੀ ਕੇ ਤੁਰ ਪਏ ਸਨ। ਬੁਢਲਾਡੇ ਦੇ ਅੱਡੇ ਉੱਤੇ ਚਾਹ ਦੀਆਂ ਚੰਗੀਆਂ ਦੁਕਾਨਾਂ ਸਨ। ਉਹ ਗਾਹਕਾਂ ਨੂੰ ਹਾਕਾਂ ਮਾਰ ਰਹੇ ਸਨ। ਮ੍ਹਿੰਦਰ ਨੂੰ ਲਗਦਾ ਜਿਵੇਂ ਘਮਾਣ ਪਿੰਡ ਵੀ ਉਹਨੂੰ ਹਾਕਾਂ ਮਾਰ ਰਿਹਾ ਹੋਵੇ। ਉਹਦੀ ਸੁਰਤ ਓਥੇ ਪਹੁੰਚੀ ਹੋਈ ਸੀ। ਓਸ ਔਰਤ ਦੇ ਘਰ ਜਿਹੜੀ ਲੋੜਵੰਦ ਬੰਦਿਆਂ ਦੇ ਘਰ ਵਸਾਉਂਦੀ ਸੀ। ਇਕ ਦੁਕਾਨ ਵਿਚ ਉਹ ਅੰਦਰ ਵੜਕੇ ਮੇਜ਼ ਦੁਆਲੇ ਬੈਠ ਗਏ। ਬਿੰਦੇ-ਬਿੰਦੇ ਚਾਹ ਦਾ ਭਾਂਡਾ ਉਬਲਦਾ। ਕਈ ਬੰਦੇ ਹੋਰ ਵੀ ਅੰਦਰ ਬੈਠੇ ਸਨ। ਅਗਲੇ ਦੇ ਕੰਨ ਕੋਲ ਮੂੰਹ ਕਰਕੇ ਗੱਲ ਕਰਦੇ। ਬਾਹਰ ਬੱਸ-ਅੱਡੇ ਦੇ ਸ਼ੋੱਡ ਥੱਲੇ ਰੌਲਾ ਸੀ। ਬੱਸਾਂ ਲਈ ਹੋਕਰੇ ਵੱਜ ਰਹੇ ਸਨ। ਦੂਰ ਕਿਸੇ ਨੂੰ ਕੁਝ ਨਹੀਂ ਸੁਣ ਰਿਹਾ ਸੀ।

ਕੱਟੀ ਦਾੜੀ ਅਤੇ ਲੰਮੀਆਂ ਕਾਲੀਆਂ ਮੁੱਛਾਂ ਵਾਲੇ ਬੰਦੇ ਨੇ ਚਾਹ ਦੀ ਹਵਾ ਕੱਢੀ ਅਤੇ ਫੇਰ ਦੋ ਗਿਲਾਸ ਭਰ ਕੇ ਇੱਕ ਮੁੰਡੂ ਜਿਹੇ ਨੂੰ ਫੜਾਏ। ਹੋਰ ਕੋਈ ਲੱਡੂ-ਪਕੌੜਾ ਖਾਣ ਦੀ ਥਾਂ ਉਹਨਾਂ ਨੇ ਮਿੱਠੀ ਬਰੈੱਡ ਦਾ ਪੈਕਟ ਲੈ ਲਿਆ ਅਤੇ ਚਾਹ ਵਿਚ ਡੋਬ-ਡੋਬ ਖਾਣ ਲੱਗੇ। ਉਹਨਾਂ ਦਾ ਕਾਲਜਾ ਧਾਫੜਿਆ ਜਾ ਰਿਹਾ ਸੀ।

ਚਾਹ ਦਾ ਛੇਤੀ ਮੁਕਾ ਕੇ ਉਹ ਦੁਕਾਨ ਤੋਂ ਬਾਹਰ ਆਏ, ਪੰਜ-ਛੇ ਬੱਸਾਂ ਲੱਗੀਆਂ ਖੜੀਆਂ ਸਨ। ਹੋਕਰੇ ਵੱਜ ਰਹੇ ਸਨ। ਇਕ ਹੋਕਰਾ ਉਹਨਾਂ ਨੇ ਬੋਹਾ ਦਾ ਸੁਣਿਆ। ਉਹ ਓਧਰ ਨੂੰ ਹੀ ਅਹੁਲ ਪਏ।

ਬੱਸ ਵਿਚ ਬੈਠੇ ਉਹ ਕੋਈ ਗੱਲ ਨਹੀਂ ਕਰ ਰਹੇ ਸਨ। ਹਾਕਮ ਬਾਹਰ ਖੇਤਾਂ ਵੱਲ ਝਾਕਦਾ ਜਾ ਰਿਹਾ ਸੀ। ਮ੍ਹਿੰਦਰ ਵਾਰ-ਵਾਰ ਆਪਣੀ ਬਕਸੂਏ ਵਾਲੀ ਜੇਬ ਟੋਂਹਦਾ ਅਤੇ ਬੱਸ ਦੀਆਂ ਸਵਾਰੀਆਂ ਨੂੰ ਨਿਹਾਰਦਾ। ਕਦੇ ਉਹ ਮਗਰ ਮੁੜਕੇ ਵੀ ਝਾਕਦਾ। ਸਾਰੀ ਬੱਸ ਵਿਚ ਉਹਦਾ ਕੋਈ ਵਾਕਫ ਚਿਹਰਾ ਨਹੀਂ ਸੀ, ਓਪਰੇ-ਓਪਰੇ ਲੋਕ ਸਨ। ਆਪਣੀਆਂ ਗੱਲਾਂ ਕਰ ਰਹੇ ਜਾਂ ਚੁੱਪ-ਚਾਪ ਬੈਠੇ। ਏਧਰਲੇ ਲੋਕਾਂ ਦਾ ਚੇਹਰਾ-ਮੋਹਰਾ, ਕੱਦ ਕਾਠ ਹੋਰ ਤਰ੍ਹਾਂ ਹੀ ਸੀ। ਉਹ ਸੋਚਦਾ, ਓਧਰ ਸਾਡੇ ਵਲ ਦੇ ਲੋਕ ਹੋਰ ਤਰ੍ਹਾਂ ਦੇ ਹਨ। ਉਹਨਾਂ ਦਾ ਤਾਂ ਮੁਹਾਂਦਰਾ ਹੀ ਵੱਖਰਾ ਹੈ।

Scanned by CamScanner

ਬੋਹੇ ਅੱਡੇ ਉੱਤੇ ਟੈਂਪੂ ਖੜੇ ਸਨ। ਕਈ ਸਨ। ਕੋਈ ਖਾਲੀ, ਕੋਈ ਤੁਰਨ ਨੂੰ ਤਿਆਰ ਸਵਾਰੀਆਂ ਦਾ ਭਰਿਆ ਹੋਇਆ। ਇਕ ਖਾਲੀ ਜਿਹੇ ਟੈਂਪੂ ਨੇ ਘਮਾਣ ਦਾ ਨਾਉਂ ਲਿਆ। ਵਿਚ ਇਕ ਸਵਾਰੀ ਬੈਠੀ ਸੀ। ਉਹ ਬਿਨਾ-ਪੁੱਛੇ ਟੈਂਪੂ ਵਿਚ ਜਾ ਬੈਠੇ ਅਤੇ ਟੈਂਪੂ ਵਾਲੇ ਮੁੰਡੇ ਨੂੰ ਹਾਕਮ ਨੇ ਹੱਸਕੇ ਕਿਹਾ ''ਚੱਲ, ਤੁਰ ਬਈ,'' ਮੁੰਡਾ ਉਹਦੇ ਵੱਲ ਝਾਕਿਆ, ਬੋਲਿਆ ਕੁਝ ਨਹੀਂ, ਪਿੰਡਾਂ ਦੇ ਨਾਂ ਲੈ-ਲੈ ਫੇਰ ਹੋਕਰੇ ਮਾਰਨ ਲੱਗਿਆ। ਖਾਸਾ ਚਿਰ ਲਾਕੇ ਟੈਂਪੂ ਭਰ ਗਿਆ।

''ਕਦੋਂ ਤੁਰਨਗੇ?'' ਹਾਕਮ ਬੋਲਿਆ।

''ਇਹਨਾਂ ਦਾ ਕਿਹੜਾ ਕੋਈ ਟਾਇਮ ਹੁੰਦੈ। ਜਦੋਂ ਟੈਂਪੂ ਭਰ ਗਿਆ, ਚੱਲ ਪੈਣਗੇ। ਬੱਸ ਹੁਣ ਤਾਂ ਦੀਂਹਦੈ, ਤੁਰਨਗੇ ਈ।'' ਕੋਲ ਬੈਠਾ ਇਕ ਅੱਧਖੜ ਜਿਹਾ ਬੰਦਾ ਬੋਲਿਆ। ਉਹਨੇ ਪੁੱਛਿਆ, ''ਕਿਥੇ ਜਾਣੈ ਤੁਸੀਂ?''

''ਅਸੀਂ ਤਾਂ ਐਥੇ ਨੇੜੇ ਈ ਜਾਣੈ।'' ਹਾਕਮ ਨੇ ਜਵਾਬ ਦਿੱਤਾ।

''ਨੇੜੇ ਕਿੱਥੇ?'' ਬੰਦੇ ਨੇ ਜਿਵੇਂ ਪੁੱਛ ਕੇ ਹੀ ਛੱਡਣਾ ਹੋਵੇ।

ਇਹ ਨਹੀਂ ਹਟਦਾ ਸੋਚਕੇ ਹਾਕਮ ਨੇ ਜਵਾਬ ਦਿੱਤਾ, ''ਘਮਾਣ।''

''ਘਮਾਣ ਕੀਹਦੇ ਜਾਣੈ?''

''ਅਸੀਂ ਤਾਂ ਬੱਸ ਉਈਂ ਜਾਣੈ। ਕੰਮ ਐ ਇਕ।'' ਹਾਕਮ ਜਿਵੇਂ ਡਰ ਗਿਆ ਹੋਵੇ। ਉਲਟਾ ਕੇ ਕਿਹਾ, ''ਤੂੰ ਘਮਾਣ ਦਾ ਐਂ?''

''ਹਾਂ, ਤਾਈਂ ਤਾਂ ਪੁੱਛਦਾਂ।''

''ਰਾਹ 'ਚ ਕਿੰਨੇ ਅੱਡੇ ਹੋਰ ਆਉਣਗੇ?''

''ਦੋ ਪਿੰਡ ਹੋਰ ਵਚਾਲੇ ਪੈਂਦੇ ਨੇ।'' ਉਹ ਹਾਕਮ ਵਲ ਕਣੱਖਾ ਜਿਹਾ ਝਾਕਣ ਲੱਗਿਆ।

ਡਰਾਈਵਰ ਮੁੰਡੇ ਨੇ ਰੱਸਾ ਖੋਲ੍ਹਿਆ ਅਤੇ ਟੈਂਪੂ ਦੀ ਪੁਲੀ ਘੁਮਾ ਦਿੱਤੀ। ਟੈਂਪੂ ਸ਼ੇਰ ਵਾਂਗ ਦਹਾੜਿਆ। ਸਾਰਿਆਂ ਦਾ ਧਿਆਨ ਉਹਦੇ ਵਲ ਹੋ ਗਿਆ ਸੀ। ਰੱਸਾ ਟੈਂਪੂ ਦੇ ਸਰੀਏ ਨਾਲ ਵਲ੍ਹੇਟਦਾ ਉਹ ਏਧਰ ਓਧਰ ਝਾਕਦਾ ਫੇਰ ਹੋਕਰੇ ਮਾਰਨ ਲੱਗਿਆ।

''ਓਏ, ਚੱਲ ਪੈ ਭਾਈ ਹੁਣ। ਹੋਰ ਸਵਾਰੀਆਂ ਰਾਹ 'ਚੋਂ ਬਥੇਰੀਆਂ ਚੜ੍ਹ ਜਾਣਗੀਆਂ।'' ਕਿਸੇ ਇਕ ਨੇ ਆਖਿਆ।

''ਹੋਰ ਸਵਾਰੀ ਬੈਠਣ ਨੂੰ ਥਾਂ ਵੀ ਕਿੱਥੇ ਐ। ਬੰਦੇ ਤਾਂ ਪਹਿਲਾਂ ਹੀ ਮੱਡ-ਗਾਰਡਾਂ

Scanned by CamScanner

ਤੇ ਖੜ੍ਹੇ ਨੇ।'' ਹੋਰ ਇਕ ਬੋਲਿਆ।

ਟੈਂਪੂ ਘਮਾਣ ਪਹੁੰਚਿਆ ਤਾਂ ਡਰਾਈਵਰ ਮੁੰਡੇ ਨੇ ਉੱਚੀ ਦੇ ਕੇ ਕਿਹਾ, ''ਘਮਾਣ ਆਲੇ ਬਈ।''

ਚਾਰ-ਪੰਜ ਹੋਰ ਸਵਾਰੀਆਂ ਉੱਤਰੀਆਂ। ਉਹੀ ਬੰਦਾ ਹਾਕਮ ਵਲ ਸੰਵਾਰ-ਸੰਵਾਰ ਝਾਕ ਰਿਹਾ ਸੀ। ਪਰ ਉਹ ਬੋਲਿਆ ਕੁਝ ਨਹੀਂ। ਜਿਵੇਂ ਉਹਨੂੰ ਕੋਈ ਸ਼ੱਕ ਹੋ ਗਿਆ ਹੋਵੇ।

ਉਹ ਉਹਨਾਂ ਦੇ ਨਾਲ-ਨਾਲ ਹੀ ਤੁਰਨ ਲੱਗਿਆ। ਪਿੱਛੇ-ਪਿੱਛੇ ਆ ਰਿਹਾ ਸੀ। ਤੇੜ ਚਾਦਰ ਕਾਰਖਾਨੇ ਦੀ, ਗਲ ਚਿੱਟਾ ਕੁੜਤਾ ਖੁੱਲ੍ਹਾ ਗਲ, ਸਿਰ ਉੱਤੇ ਕਾਲੀ ਪਗੜੀ ਵਲ੍ਹੇਟੀ ਜਿਹੀ ਸੀ। ਮੁੱਛਾਂ ਹੀ ਤਿੱਖੀਆਂ ਨਹੀਂ, ਨਿਗਾਹ ਵੀ ਤਿੱਖੀ ਸੀ। ਅੱਖਾਂ ਜਿਵੇਂ ਕੁਝ ਲੱਭ ਰਹੀਆਂ ਹੋਣ।

ਹਾਕਮ ਨੇ ਸੋਚਿਆ, ਚੱਲ ਏਸੇ ਨੂੰ ਪੁੱਛ ਲੈਂਦੇ ਹਾਂ। ਕਿਹਾ, ''ਕੱਸੀ ਪਿੰਡ ਦੇ ਕਿਹੜੇ ਪਾਸੇ ਐ, ਭਾਈ ਸਾਅਬ?''

''ਕੱਸੀ, ਏਧਰ ਈ ਰਾਹ 'ਚ ਆ ਜਾਂਦੀ ਐ, ਤੁਰੇ ਚਲੋ।'' ਉਹਨੇ ਜਵਾਬ ਦਿੱਤਾ ਅਤੇ ਫੇਰ ਉਹਨਾਂ ਨੂੰ ਹੋਰ ਗਹੁ ਨਾਲ ਦੇਖਣ ਲੱਗ ਪਿਆ। ਕਹਿੰਦਾ, ''ਕਿਤੇ ਤੁਸੀਂ ਪਾਰੋ ਦੇ ਤਾਂ ਨੀ ਜਾਣਾ? ''

ਹਾਕਮ ਨੇ ਮ੍ਰਿੰਦਰ ਦੇ ਕੋਲ ਹੋਕੇ ਹੌਲੀ ਦੇ ਕੇ ਪੁੱਛਿਆ, ''ਓਏ, ਪਾਰੋ ਈ ਦੱਸਿਆ ਸੀ ਨਾਉਂ ਉਹਦਾ?''

'ਹਾਂ ਇਹੀ ਨਾਉਂ ਐ।'' ਉਹਨੇ ਆਖਿਆ ਤੇ ਉਸ ਪਿੰਡ ਦੇ ਬੰਦੇ ਵਲ ਝਾਕਣ ਲੱਗਿਆ।

''ਸਮਝ ਗਿਆ ਮੈਂ। ਚਲੋ, ਮੈਂ ਨਾਲ ਚਲਦਾਂ ਥੋਡੇ, ਕੱਸੀ 'ਤੇ ਪਿੰਡ ਤੋਂ ਬਾਹਰ ਵਾਰ ਖੇਤ 'ਚ ਕੋਠੈ ਉਹਦਾ। ਮੈਂ ਹੁਣ ਸਮਝਿਆ, ਤੁਸੀਂ ਕਿਉਂ ਆਏ ਓਂ ਘਮਾਣੀ। ਕੋਹੜਿਓ, ਪਹਿਲਾਂ ਈ ਦੱਸ ਦੇਣਾ ਸੀ। ਅੱਜ ਐਤਵਾਰ ਐ, ਹਾਂ ਠੀਕ ਆ, ਐਤਵਾਰ ਐ ਅੱਜ। ਅੱਜ ਦੇ ਦਿਨ ਤਾਂ ਏਸ ਪਿੰਡ ਪੂਰੀ ਮਣਸੈਤ ਆਉਂਦੀ ਐ। ਕੋਈ ਮਾੜੀ ਗੱਲ ਨੀ ਭਾਈ। ਆਜੋ, ਵਗੇ ਆਓ।'' ਉਹ ਉਹਨਾਂ ਦੇ ਅੱਗੇ ਅੱਗੇ ਹੋ ਗਿਆ।

ਹਾਕਮ ਨੇ ਮਨ ਵਿਚ ਗੱਲ ਚਿਤਾਰੀ, ''ਮੈਂ ਤਾਂ ਇਹਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਦਾ ਰਿਹਾ। ਮਖਿਆ, ਪਤਾ ਨੀ ਕਿਹੋ ਜਾ ਹੋਣੈ ਇਹ। ਇਹ ਤਾਂ ਬੰਦਾ ਈ ਬਹੁਤ ਚੰਗੈ।''

Scanned by CamScanner

ਉਹ ਫਿਰਨੀ-ਫਿਰਨੀ ਪੱਕੀ ਸੜਕ ਤੁਰੇ ਜਾ ਰਹੇ ਸਨ। ਥੋੜੀ ਦੂਰ ਅੱਗੇ ਜਾਕੇ ਕੱਸੀ ਦਾ ਪੁਲ ਆਇਆ। ਉਹ ਕੱਸੀ ਪਿੰਡ ਦੇ ਵਿਚਕਾਰ ਦੀ ਲੰਘਦੀ ਸੀ। ਕੱਸੀ ਦੇ ਫਿਰਨੀ ਵਾਲੇ ਪਾਸੇ ਵੀ ਬਹੁਤ ਘਰ ਸਨ। ਇਹ ਘਰ ਹੌਲੀ ਹੌਲੀ ਵਧਦੇ ਜਾ ਰਹੇ ਸਨ। ਮੁਰੱਬਾਬੰਦੀ ਵੇਲੇ ਲੋਕਾਂ ਨੇ ਆਪਣੀਆਂ ਆਬਾਦੀਆਂ ਕਟਵਾਈਆਂ ਹੋਈਆਂ ਸਨ। ਅੰਦਰਲੇ ਘਰ ਤੰਗੀ ਮਹਿਸੂਸ ਕਰਦੇ, ਜੇ ਗੁੰਜਾਇਸ਼ ਹੁੰਦੀ ਤਾਂ ਆਬਾਦੀ ਵਲ ਨਵਾਂ ਖੁੱਲ੍ਹਾ ਮਕਾਨ ਆ ਪਾਉਂਦੇ। ਨਹੀਂ ਤਾਂ ਆਬਾਦੀ ਵਿਚ ਅੰਦਰਲੇ ਘਰਾਂ ਦੀਆਂ ਰੂੜੀਆਂ ਸਨ। ਉਸ ਬੰਦੇ ਦਾ ਘਰ ਫਿਰਨੀ ਉੱਤੇ ਰਾਹ ਵਿਚ ਸੀ, ਪਰ ਉਹ ਉਹਨਾਂ ਲੋਕਾਂ ਦੀ ਮਦੱਦ ਲਈ ਉਹਨਾਂ ਨਾਲ ਪਾਰੋ ਦੇ ਕੋਠੇ ਨੂੰ ਤੁਰ ਪਿਆ ਸੀ।

ਕੋਠੇ ਦੇ ਤਿੰਨ ਕਮਰੇ ਸਨ। ਇਕ ਕਮਰੇ ਵਿਚ ਮੱਝ ਬੰਨ੍ਹੀ ਹੋਈ ਸੀ। ਇਕ ਕਮਰੇ ਵਿਚ ਉਹਦੀ ਆਪਣੀ ਰਿਹਾਇਸ਼ ਸੀ। ਕੁੱਝ ਸਾਮਾਨ ਉਹਦਾ ਓਥੇ ਹੀ ਸੀ। ਉਸ ਕਮਰੇ ਦੇ ਸਾਹਮਣੇ ਹੀ ਵਿਹੜੇ ਵਿਚ ਰਸੋਈ ਸੀ। ਰਸੋਈ ਦੀ ਕੰਧ ਨਾਲ ਕੰਧ ਲਗਦੀ ਸੀ, ਉਸ ਤੀਜੇ ਕਮਰੇ ਦੀ ਜਿਸ ਵਿਚ ਚਾਰ ਮੰਜੇ ਡਹੇ ਹੋਏ ਸਨ। ਇਹ ਕਮਰਾ ਦੂਜੇ ਦੋਵੇਂ ਕਮਰਿਆਂ ਨਾਲੋਂ ਵੱਡਾ ਸੀ। ਪੂਰੀ ਸਬਾਤ ਸੀ ਇਕ ਤਰ੍ਹਾਂ ਦੀ। ਇਥੇ ਹੀ ਮੰਜਿਆਂ ਉੱਤੇ ਇਕੱਠੀਆਂ ਜਿਹੀਆਂ ਹੋ ਕੇ ਉਹ ਬੈਠੀਆਂ ਹੋਈਆਂ ਸਨ।

ਉਸ ਦਿਨ ਗੋਬਿੰਦ ਓਥੇ ਨਹੀਂ ਸੀ। ਉਹ ਉਸ ਦਿਨ ਓਥੇ ਹੁੰਦਾ ਵੀ ਨਹੀਂ ਸੀ। ਪਿੰਡ ਵਿਚ ਹੀ ਏਧਰ ਓਧਰ ਕਿਧਰੇ ਕਿਸੇ ਦੇ ਘਰ ਛੁਪਿਆ ਬੈਠਾ ਰਹਿੰਦਾ ਜਾਂ ਫੇਰ ਕਿਸੇ ਸ਼ਹਿਰ ਚਲਿਆ ਜਾਂਦਾ। ਨੇੜੇ ਦੀ ਪੁਲਿਸ-ਚੌਕੀ ਵਿਚ ਵੀ ਉਹਦਾ ਆਉਣ-ਜਾਣ ਸੀ। ਉਹਦੀ ਥਾਣੇਦਾਰ ਨਾਲ ਪੱਕੀ ਲਿਹਾਜ਼ ਸੀ। ਜਦੋਂ ਉਹ ਜਾਂਦਾ, ਥਾਣੇਦਾਰ ਉਹਨੂੰ ਕੁਰਸੀ ਦਿੰਦਾ। ਮੋਟਾ ਤਾਜ਼ਾ ਲਾਖੇ ਜਿਹੇ ਰੰਗ ਦਾ ਇਹ ਬੰਦਾ ਪੈਂਟ-ਕਮੀਜ਼ ਪਾਕੇ ਰਖਦਾ ਅਤੇ ਹਰ ਵੇਲੇ ਜਰਦਾ ਖਾਂਦਾ ਰਹਿੰਦਾ। ਉਹਦੀ ਢਿਲਕੀ ਜਿਹੀ ਕਮੀਜ਼ ਨੂੰ ਦੋ ਜੇਬਾਂ ਲੱਗੀਆਂ ਹੁੰਦੀਆਂ। ਜੋ ਪਤਾ ਨਹੀਂ ਕਾਹਦੇ ਨਾਲ ਭਰੀਆਂ ਰਹਿੰਦੀਆਂ। ਉਹਦੀ ਜੀਨ ਦੀਆਂ ਪਿਛਲੀਆਂ ਦੋਵੇਂ ਜੇਬਾਂ ਵੀ ਫੁੱਲੀਆਂ-ਫੁੱਲੀਆਂ ਹੁੰਦੀਆਂ ਸਨ। ਬਾਜ਼ ਵਾਂਗ ਤਿੱਖੀਆਂ ਅੱਖਾਂ ਸਨ ਉਸਦੀਆਂ। ਉਹ ਬਿੰਦੇ ਬਿੰਦੇ ਏਧਰ-ਓਧਰ ਝਾਕਦਾ ਸੀ। ਆਥਣੇ ਦਿਨ-ਛਿਪੇ ਜਿਹੇ ਉਹ ਪਾਰੋ ਦੇ ਕੋਠੇ ਆ ਵੜਦਾ ਅਤੇ ਉਹਦੇ ਨਾਲ ਹਿਸਾਬ-ਕਿਤਾਬ ਕਰਦਾ। ਤੀਮੀਆਂ ਨਾਲ ਗੱਲਾਂ ਕਰਦਾ। ਉਹਨਾਂ ਨੂੰ ਧੀਰਜ ਦਿੰਦਾ ਰਹਿੰਦਾ। ਰਾਤ ਵੇਲੇ ਵੀ ਓਥੇ ਨਹੀਂ ਸੌਂਦਾ ਸੀ। ਓਥੇ ਪਾਰੋ ਦੇ ਕਮਰੇ ਵਿਚ ਬੈਠ ਕੇ ਸ਼ਰਾਬ ਜ਼ਰੂਰ ਪੀਂਦਾ। ਜਿਹੜੀ ਨੂੰ ਉਹਦਾ ਜੀਅ ਕਰਦਾ, ਉਹ ਉਸ ਇਕੱਲੀ ਨੂੰ ਪਾਰੋ ਦੇ ਕਮਰੇ ਵਿਚ ਬੁਲਾ ਲੈਂਦਾ।

ਪਿੰਡ ਦਾ ਬੰਦਾ ਕੋਠੇ ਵਲ ਉਂਗਲ ਕਰਕੇ ਕੱਸੀ ਉਤੋਂ ਹੀ ਮੁੜ ਗਿਆ ਸੀ।

Scanned by CamScanner

ਉਹ ਸੱਤ ਸਨ। ਪਾਰੋ ਨੇ ਛੇਤੀ-ਛੇਤੀ ਗੱਲ ਮੁਕਾਉਣੀ ਚਾਹੀ। ਸਾਰਿਆਂ ਦੀ ਉਮਰਾਂ ਦੱਸ ਕੇ ਉਹਨਾਂ ਦਾ ਇਕੱਲੀ ਇਕੱਲੀ ਦਾ ਮੁੱਲ ਦੱਸਿਆ। ਪਰ੍ਹੇ ਲਿਜਾ ਕੇ ਇਹ ਵਿਸ਼ਵਾਸ ਵੀ ਦਿੱਤਾ ਕਿ ਇਹ ਵਸੂਗੀ। ਜੇ ਕੋਈ ਗੱਲ ਹੋ ਜਾਵੇ ਤਾਂ ਮੈਂ ਜਿੰਮੇਵਾਰ ਆਂ। ਇਹ ਮਾੜੀਆਂ ਕੁੜੀਆਂ ਨਹੀਂ। ਇਹਨਾਂ ਨੂੰ ਤਾਂ ਬੱਸ ਰੋਟੀ ਕੱਪੜਾ ਚਾਹੀਦੈ।

ਮ੍ਹਿੰਦਰ ਨੂੰ ਸਾਰੀਆਂ ਹੀ ਸੋਹਣੀਆਂ ਲੱਗੀਆਂ। ਸਭ ਦਾ ਰੰਗ ਸਾਂਵਲਾ ਅਤੇ ਅੱਖਾਂ ਮੋਟੀਆਂ-ਮੋਟੀਆਂ। ਸਿਰਾਂ ਦੇ ਵਾਲ ਲੰਬੇ-ਲੰਬੇ। ਪਾਰੋ ਨੇ ਸਭ ਤੋਂ ਵੱਡੀ ਦੀ ਉਮਰ ਚੌਂਤੀ-ਪੈਂਤੀ ਸਾਲ ਦੱਸੀ। ਉਹਦਾ ਮੁੱਲ ਪੰਦਰਾ ਹਜ਼ਾਰ ਸੀ। ਦੋ ਕੁੜੀਆਂ ਅਠਾਈ-ਅਠਾਈ, ਤੀਹ-ਤੀਹ ਸਾਲਾਂ ਦੀਆਂ ਸਨ। ਪਾਰੋ ਨੇ ਦੱਸਿਆ ਕਿ ਇਹਨਾਂ ਦਾ ਸੌਦਾ ਹੋ ਚੁੱਕਿਆ ਹੈ। ਵੀਹ-ਵੀਹ ਹਜ਼ਾਰ ਵਿਚ। ਉਹ ਪੰਜ-ਪੰਜ ਹਜ਼ਾਰ ਰੁਪਿਆ ਬਿਆਨਾ ਫੜਾ ਗਏ ਹਨ। ਬਾਕੀ ਰਕਮ ਦੇ ਕੇ ਇਹ ਪਰਸੋਂ ਨੂੰ ਚਲੀਆਂ ਜਾਣਗੀਆਂ। ਉਹ ਕਹਿੰਦੀ, ''ਹੁਣੇ ਗਏ ਨੇ। ਇਕੋ ਪਿੰਡ ਦੇ ਸੀ।'' ਦੋ ਕੁੜੀਆਂ ਚੌਵੀ-ਚੌਵੀ, ਪੱਚੀ-ਪੱਚੀ ਸਾਲਾਂ ਦੀਆਂ ਸਨ। ਉਹ ਪੱਚੀ-ਪੱਚੀ ਹਜ਼ਾਰ ਵਿਚ ਜਾਣਗੀਆਂ। ਅਠਾਈ-ਤੀਹ ਸਾਲ ਵਾਲੀਆਂ ਦੋਵੇਂ ਕੁੜੀਆਂ ਪਾਰੋ ਨੇ ਤੁਰਤ ਹੀ ਰਸੋਈ ਵਿਚ ਭੇਜ ਦਿੱਤੀਆਂ ਅਤੇ ਆਪਣੀ ਭਾਸ਼ਾ ਵਿਚ ਉਹਨਾਂ ਨੂੰ ਸਮਝਾਇਆ ਕਿ ਚਾਹ ਬਣਾ ਲੈਣ ਸਾਰਿਆਂ ਵਾਸਤੇ। ਦੁਪਹਿਰ ਦਾ ਵੇਲਾ ਸੀ।

ਇਕ ਕੁੜੀ ਅਠਾਰਾਂ-ਵੀਹ ਸਾਲਾਂ ਦੀ ਲਗਦੀ ਸੀ। ਇਹ ਖਾਸੀ ਸੋਹਣੀ ਸੀ। ਇਹਦਾ ਮੁੱਲ ਉਹਨੇ ਤੀਹ ਹਜ਼ਾਰ ਦੱਸਿਆ। ਸਭ ਤੋਂ ਛੋਟੀ ਜਿਹੜੀ ਸਭ ਤੋਂ ਵੱਧ ਸੋਹਣੀ ਲਗਦੀ ਸੀ, ਪੰਦਰਾ-ਸੋਲਾਂ ਸਾਲ ਦੀ ਸੀ। ਗਠਿਲੋ ਜਿਹੀ, ਕੱਦ ਮਧਰਾ ਸੀ। ਇਹ ਪੈਂਤੀ ਹਜ਼ਾਰ ਦੀ ਸੀ।

''ਇਹ ਸਾਰੀਆਂ ਰੋਟੀ ਟੁੱਕ ਦਾ ਕੰਮ ਕਰ ਲੈਂਦੀਆਂ ਨੇ?'' ਹਾਕਮ ਨੇ ਪੁੱਛਿਆ।

''ਹਾਂ, ਸਭ ਜਾਣਦੀਆਂ ਨੇ। ਮਾੜਾ-ਮੋਟਾ ਨਾ ਆਉਂਦਾ ਹੋਇਆ ਕੋਈ ਕੰਮ ਤਾਂ ਸਿਖਾਦਿਓ, ਭਾਈ ਸਾਹਿਬ।'' ਪਾਰੋ ਅਦਬ ਨਾਲ ਬੋਲ ਰਹੀ ਸੀ। ਉਹਦੀ ਆਪਣੀ ਉਮਰ ਪੰਜਾਹ ਤੋਂ ਉੱਤੇ ਹੋਵੇਗੀ। ਦੱਸਣ ਲੱਗੀ, ''ਮੈਂ ਜਦੋਂ ਆਈਆਂ, ਸਾਰੀ ਪੰਦਰਾਂ ਸਾਲ ਦੀ ਸੀ। ਏਥੇ ਆਕੇ ਈ ਸਿੱਖਿਆ ਸਾਰਾ ਕੰਮ। ਮੇਰਾ ਆਦਮੀ ਓਸ ਵੇਲੇ ਪੰਜਾਹ ਦਾ ਸੀ। ਉਹਨੂੰ ਮਲੇਰੀਆ ਹੋ ਗਿਆ ਸੀ। ਮਰ ਗਿਆ।''

ਚਾਹ ਬਣੀ ਤੋਂ ਹਾਕਮ ਤੇ ਮ੍ਹਿੰਦਰ ਪਾਰੋ ਦੇ ਕਮਰੇ ਵਿਚ ਜਾ ਬੈਠੇ। ਚਾਹ ਪੀਂਦੇ ਉਹ ਗੱਲਾਂ ਕਰਨ ਲੱਗੇ। ਪਾਰੋ ਕਿਧਰੇ ਏਧਰ-ਓਧਰ ਹੋ ਗਈ। ਉਹ ਸਭ ਜਾਣਦੀ ਸੀ। ਉਹਦਾ ਤਾਂ ਨਿੱਤ ਦਾ ਕੰਮ ਸੀ। ਅਖੀਰ ਮ੍ਹਿੰਦਰ ਨੇ ਫੈਸਲਾ ਕੀਤਾ, ''ਆਪਾਂ ਬਹੁਤੀ ਸੋਹਣੀ ਤੋਂ ਕੀ ਡੋਡੇ ਲੈਣੇ ਐ, ਜਾਰ। ਰੋਟੀ ਪਕਾਉਣੀ ਐ। ਇਕ-ਅੱਧਾ ਕੋਈ ਜਆਕ ਹੋ

Scanned by CamScanner

ਗਿਆ, ਠੀਕ ਐ। ਨਹੀਂ ਤਾਂ ਨਾ ਸਹੀ। ਆਪਾਂ ਉਹ ਚੌਵੀ-ਪੱਚੀ ਸਾਲਾਂ ਆਲੀਆਂ ਚੋਂ ਇਕ ਲੈ ਜਾਨੇ ਆਂ। ਨਾਲੇ ਮੁੱਲ ਠੀਕ ਐ, ਪੱਚੀ ਹਜ਼ਾਰ। ਕੀਹ ਐ, ਕੁੱਸ ਘੱਟ ਕਰਦੇ, ਪਾਰੋ ਦੇਵੀ ਏਹੇ।''

ਉਹਨਾਂ ਨੇ ਚਾਹ ਪੀ ਕੇ ਪਾਰੋ ਨੂੰ ਹਾਕ ਮਾਰੀ ਅਤੇ ਫੇਰ ਕਿਹਾ ਕਿ ਉਹ ਚੌਵੀ-ਪੱਚੀ ਸਾਲ ਦੀਆਂ ਦੋਵੇਂ ਕੁੜੀਆਂ ਨੂੰ ਐਥੇ ਈ ਬੁਲਾ ਲਵੇ। ਉਹਨਾਂ ਨੂੰ ਉਹ ਦੋਵੇਂ ਇਕੋ-ਜਿਹੀਆਂ ਲੱਗੀਆਂ। ਕੱਦ ਖਾਸੇ ਉੱਚੇ ਸੀ। ਚਿਹਰੇ ਭਰਵੇਂ-ਭਰਵੇਂ। ਦੋਵੇਂ ਹੀ ਮੁਸਕਰਾ ਰਹੀਆਂ ਸਨ। ਪਰ ਅੱਖਾਂ ਵਿਚ ਕਿਧਰੇ ਡੂੰਘੀ ਉਦਾਸੀ ਸੀ। ਉਹ ਦੋਵੇਂ ਬੰਦਿਆਂ ਨੂੰ ਸੰਵਾਰ-ਸੰਵਾਰ ਦੇਖ ਰਹੀਆਂ ਸਨ। ਪਾਰੋ ਬੋਲੀ, ''ਤੁਹਾਨੂੰ ਦੁਹਾਂ ਨੂੰ ਚਾਹੀਦੀਆਂ ਨੇ?''

ਹਾਕਮ ਹੱਸ ਪਿਆ। ਕਹਿੰਦਾ, ''ਨਾ, ਮੈਂ ਤਾਂ ਊਂ ਨਾਲ ਆਇਆਂ। ਇਹਨੂੰ ਲੋੜ ਐ।''

ਮਿੰਦਰ ਦੀ ਉਮਰ ਉਸ ਵੇਲੇ ਚਾਲੀਆਂ ਤੋਂ ਉੱਤੇ ਨਹੀਂ ਹੋਵੇਗੀ। ਪਾਰੋ ਨੇ ਬੁੱਝ ਲਿਆ। ਕਹਿੰਦੀ, ''ਬੱਸ, ਤੈਨੂੰ ਠੀਕ ਐ, ਦੱਸ ਕਿਹੜੀ ਲਿਜਾਣੀ ਐ? ਤੇਰੀ ਉਮਰ ਕੋਈ ਬਹੁਤੀ ਨੀ ਲਗਦੀ।'' ਫੇਰ ਹੱਸਣ ਲੱਗੀ, '' ਏਥੇ ਸੱਠ-ਸੱਠ ਦੇ ਤੁਰੇ ਫਿਰਦੇ ਐ।''

ਦੋਵਾਂ ਕੁੜੀਆਂ ਨੇ ਅੱਖਾਂ ਮੀਚ ਲਈਆਂ। ਉਹਨਾਂ ਦੇ ਭਵਿੱਖ ਦਾ ਫੈਸਲਾ ਹੋ ਰਿਹਾ ਸੀ। ਮਿੰਦਰ ਨੇ ਉਸ ਕੁੜੀ ਦੇ ਹੱਥ ਨੂੰ ਹੱਥ ਲਾ ਦਿੱਤਾ ਜਿਹਦੀ ਬਾਂਹ ਵਿਚ ਚਾਂਦੀ ਦਾ ਪਤਲਾ ਜਿਹਾ ਕੜਾ ਪਾਇਆ ਹੋਇਆ ਸੀ। ਦੂਜੀ ਕੁੜੀ ਦੀ ਬਾਂਹ ਵਿਚ ਪਲਾਸਟਕ ਦੀਆਂ ਦੋ ਚੂੜੀਆਂ ਸਨ। ਕੁੜੀਆਂ ਨੇ ਅੱਖਾਂ ਖੋਲ੍ਹੀਆਂ ਤਾਂ ਪਲਾਸਟਿਕ ਦੀਆਂ ਚੂੜੀਆਂ ਵਾਲੀ ਕੁੜੀ ਨੂੰ ਪਾਰੋ ਨੇ ਓਧਰ ਕਮਰੇ ਵਿਚ ਜਾਣ ਲਈ ਅੱਖਾਂ ਦਾ ਇਸ਼ਾਰਾ ਕੀਤਾ। ਪਾਰੋ ਨੇ ਚਾਂਦੀ ਦੇ ਕੜੇ ਵਾਲੀ ਕੁੜੀ ਨੂੰ ਪਿਆਰ ਨਾਲ ਆਪਣੇ ਕੋਲ ਬਿਠਾ ਲਿਆ, ਅਤੇ ਉਹਨੂੰ ਦੱਸਿਆ, ''ਇਸ ਦਾ ਨਾਂ ਨੂਰੀ ਐ, ਨੂੜੀ ਵੀ ਆਖ ਦਿੰਨੇ ਆ।'' ਦੋਵੇਂ ਜਣੇ ਲਗਾਤਾਰ ਨੂਰੀ ਵਲ ਦੇਖੀ ਜਾ ਰਹੇ ਸਨ। ਹਾਕਮ ਨੇ ਪੁੱਛਿਆ, ''ਇਹਨੂੰ ਭਾਈ ਕੋਈ ਬਮਾਰੀ-ਠਮਾਰੀ ਤਾਂ ਨ੍ਹੀ?''

''ਕਾਹਦੀ ਬਮਾਰੀ?''

''ਆਹ ਜਿਹੜੀ ਬਮਾਰੀ ਚੱਲੀ ਐ। ਬੁੜੀਆਂ ਨੂੰ ਵੀ ਹੋ ਜਾਂਦੀ ਐ, ਬੰਦਿਆਂ ਨੂੰ ਵੀ। ਜਿਹਦੇ ਨਾਲ ਬੰਦਾ ਮਰ ਜਾਂਦੈ। ਲਾਗ ਦੀ ਬਮਾਰੀ।''

''ਏਡ?''

''ਹਾਂ, ਇਹੀ ਇਹੀ,'' ਹਾਕਮ ਮੁਸਕਰਾ ਰਿਹਾ ਸੀ।

Scanned by CamScanner

''ਨਾਂਹ, ਜਮ੍ਹਾਂ ਨ੍ਹੀ। ਏਸ ਰਾਹ ਇਹ ਪਈ ਹੀ ਨ੍ਹੀ। ਇਹ ਕੰਜ ਐ। ਇਹਦਾ ਚੇਹਰਾ ਨ੍ਹੀ ਦਿਸਦਾ। ਓਸ ਬਮਾਰੀ ਆਲੀ ਦਾ ਤਾਂ ਮੂੰਹ ਈ ਹੋਰ ਹੁੰਦੈ। ਮੈਂ ਬੁੱਝ 'ਲੀ ਤੇਰੀ ਗੱਲ।'' ਪਾਰੋ ਹਿੱਕ ਥਾਪੜ ਰਹੀ ਸੀ। ਫੇਰ ਉਹਨੇ ਕਾਹਲ ਕੀਤੀ, ''ਛੇਤੀ ਮੁਕਾਓ। ਪੈਸੇ ਲੈਕੇ ਆਏ ਓਂ ਤਾਂ ਫੜਾਓ ਉਰੇ ਤੇ ਲੈ ਜੋ ਇਹਨੂੰ।''

''ਕੋਈ ਛੋਟ?'' ਹਾਕਮ ਨੇ ਬੁੱਲ ਹਿਲਾਏ।

''ਨਾ, ਪੱਕਾ ਰੇਟ ਐ। ਇਕ ਪੈਸਾ ਘੱਟ ਨ੍ਹੀ ਹੋ ਸਕਦਾ।''

ਉਹ ਇਕ-ਦੂਜੇ ਦੇ ਮੂੰਹ ਵਲ ਝਾਕਣ ਲੱਗੇ। ਮ੍ਹਿੰਦਰ ਕਹਿੰਦਾ, ''ਚੱਲ ਠੀਕ ਐ, ਹਾਕਮਾ।''

''ਸਾਰੇ ਨ੍ਹੀ ਲੈ ਕੇ ਆਏ।'' ਹਾਕਮ ਨੇ ਕਿਹਾ।

''ਜਿੰਨੇ ਲੈਕੇ ਆਏ ਓਂ, ਦੇ ਦਿਓ। ਤੁਹਾਡੀ ਇਹ ਪੱਕੀ ਹੋ ਚੁੱਕੀ। ਬਾਕੀ ਕੱਲ ਨੂੰ ਦੇ ਜੋ, ਪਰਸੋਂ ਨੂੰ ਆਜੋ, ਚੌਥੇ ਨੂੰ ਆਜੋ, ਪਰ ਬਹੁਤੇ ਦਿਨ ਨ੍ਹੀ ਪਾਉਣੇ। ਦਸ ਦਿਨਾਂ ਤੋਂ ਵੱਧ ਨੀ ਮੈਂ ਉਡੀਕਣਾ। ਫੇਰ ਹੋਰ ਪਾਸੇ ਤੁਰ ਜਾਣੈ ਇਹਨੇ।''

ਮ੍ਹਿੰਦਰ ਨੇ ਉਤਲੀ ਜੇਬ ਦਾ ਬਕਸੂਆ ਖੋਲਿਆ। ਪੰਜ ਹਜ਼ਾਰ ਦੇ ਪੰਜਾਹ-ਪੰਜਾਹ ਦੇ ਨੋਟ ਸਨ। ਬੈਂਕ ਦੀਆਂ ਮੋਹਰਾਂ ਲਗੀਆਂ ਹੋਈਆਂ। ਪਾਰੋ ਨੇ ਗੱਠੀ ਉਹਦੇ ਹੱਥੋਂ ਇੰਜ ਫੜ ਲਈ, ਜਿਵੇਂ ਖੋਹੀ ਹੋਵੇ। ਉਹ ਓਸੇ ਵੇਲੇ ਪਾਰੋ ਦੇ ਕੋਠੇ ਵਿਚੋਂ ਬਾਹਰ ਹੋ ਗਏ। ਮ੍ਹਿੰਦਰ ਦੇ ਦਿਮਾਗ ਵਿਚ ਨੂਰੀ ਦਾ ਸਾਰਾ ਵਜੂਦ ਭਰਿਆ ਹੋਇਆ ਸੀ।

ਉਹ ਕਾਹਲ ਨਾਲ ਪਿੰਡ ਪਹੁੰਚੇ। ਪਿੰਡ ਪਹੁੰਚਕੇ ਚਾਹ ਨਾਲ ਦੁਪਹਿਰ ਦੀਆਂ ਬਚੀਆਂ ਹੋਈਆਂ ਦੋ-ਦੋ ਰੋਟੀਆਂ ਅੰਦਰ ਸੁੱਟ ਲਈਆਂ? ਮੁਖਤਿਆਰੋ ਮ੍ਹਿੰਦਰ ਦੇ ਮੂੰਹ ਵਲ ਝਾਕ ਰਹੀ ਸੀ। ਹਾਕਮ ਨੇ ਹੀ ਦੱਸਿਆ, ''ਗੱਲ ਬਣ ਗੀ ਭਾਈ ਕੁੜੀਏ। ਸੁੱਖ ਰਹੀ ਤਾਂ ਕੱਲ ਦੁਪਿਹਰ ਨੂੰ ਧੰਨ-ਧੰਨ ਹੋ ਜੂ।''

ਮੁਖਤਿਆਰੋ ਕਪਾਹ ਦੀ ਫੁੱਟੀ ਵਾਂਗ ਖਿੜ ਉੱਠੀ। ਆਖ ਰਹੀ ਸੀ, ''ਚੰਗਾ ਭਾਈ, ਸ਼ੁਕਰ ਐ। ਮੇਰੇ ਭਾਈਆਂ ਦੀ ਰੋਟੀ ਪਕਦੀ ਹੋ ਜੂ।''

ਹਾਕਮ ਤਾਂ ਆਪਣੇ ਘਰ ਨੂੰ ਚਲਿਆ ਗਿਆ, ਮ੍ਹਿੰਦਰ ਨੂੰ ਟੇਕ ਕਿਥੇ। ਉਹ ਆਥਣ ਨੂੰ ਹੀ ਆਲਾ ਸਿੰਘ ਵਾਲੇ ਗਿਆ। ਆਖਰੀ ਬੱਸ ਮੁੜ ਆਇਆ, ਉਹਨੇ ਦੁਰਗਾ ਮੱਲ ਨੂੰ ਜਾਕੇ ਦੱਸਿਆ ਸੀ ਕਿ ਸੌਦਾ ਹੋ ਗਿਆ ਹੈ। ਉਹ ਤੇ ਹਾਕਮ ਚਾਨਣ ਦਾ ਘਮਾਣੀ ਗਏ ਸਨ। ਪੱਕੀ ਕਰ ਆਏ ਨੇ। ਵੀਹ ਹਜ਼ਾਰ ਹੋਰ ਚਾਹੀਦਾ ਹੈ। ਪਰ ਦੁਰਗਾ ਮੱਲ ਨੇ ਕੱਲ ਦੀ ਤਰੀਕ ਪਾ ਦਿੱਤੀ ਸੀ। ਕਹਿੰਦਾ, ''ਐਸ ਵਕਤ ਤਾਂ ਹੈ ਨੀ ਸੇਫ 'ਚ ਇਕ ਪੈਸਾ

Scanned by CamScanner

ਵੀ। ਕੱਲ ਆ ਜੀਂ। ਬੈਂਕਾਂ ਦਸ ਵਜੇ ਖੁਲ੍ਹਦੀਆਂ ਨੇ।''

''ਜੇ, ਸੇਠਾ, ਹੁਣੇ ਕਰ ਦਿੰਦਾ। ਅਸੀਂ ਤੜਕੇ ਨੂੰ ਜਾਕੇ ਦੁਪਹਿਰ ਤੱਕ ਤੀਮੀਂ ਪਿੰਡ ਲਿਆ ਮਾਰਦੇ।'' ਮ੍ਹਿੰਦਰ ਮਿੰਨਤ ਕਰਦਾ ਰਿਹਾ ਸੀ।

''ਲੈ, ਹੈ ਕਮਲਾ। ਤੇਰਾ ਪੈਸਾ ਐ। ਕੋਈ ਨਵਾਂ ਤਾਂ ਨ੍ਹੀ ਦੇਣਾ। ਬੈਂਕਾਂ 'ਚ ਰੱਖਦੇ ਆਂ। ਐਥੇ ਤਾਂ ਬੱਸ ਲੋੜ ਨੂੰ ਲਿਆਉਨੇ ਆਂ।''

ਅਗਲੇ ਦਿਨ ਮ੍ਹਿੰਦਰ ਦਸ ਵਜੇ ਫੇਰ ਗਿਆ। ਮਨੀਮ ਬੈਂਕ ਨੂੰ ਗਿਆ ਹੋਇਆ ਸੀ। ਮ੍ਹਿੰਦਰ ਗੱਦੀ ਉੱਤੇ ਬੈਠ ਰਿਹਾ। ਦੁਰਗਾ ਮੱਲ ਉਹਨੂੰ ਵਾਰ-ਵਾਰ ਤੀਮੀ ਬਾਰੇ ਪੁਛ ਰਿਹਾ ਸੀ। ਜਿਵੇਂ ਉਹਨੂੰ ਮ੍ਹਿੰਦਰ ਨਾਲੋਂ ਵੀ ਵੱਧ ਚਾਅ ਹੋਵੇ। ਉਹ ਦੋ ਵਾਰ ਚਾਹ ਪੀ ਚੁੱਕੇ ਸਨ। ਮਨੀਮ ਬਾਰਾਂ-ਇਕ ਵਜੇ ਪੈਸੇ ਲੈ ਕੇ ਆਇਆ। ਦੁਰਗਾ ਮੱਲ ਨੇ ਉਹਨੂੰ ਵੀਹ ਦੀ ਥਾਂ ਪੱਚੀ ਹਜ਼ਾਰ ਦਿੱਤਾ। ਦਸ-ਦਸ ਦੀਆਂ ਦੋ ਗੁੱਟੀਆਂ ਅਤੇ ਇਕ ਗੁੱਟੀ ਪੰਜ ਹਜ਼ਾਰ ਦੀ। ਕਹਿੰਦਾ, ''ਪੰਜ ਤੂੰ ਪਰਸੋਂ ਲੈ ਗਿਆ ਸੀ। ਤੀਹ ਹੋ ਗਿਆ। ਤੀਹ ਲਿਖ ਲਿਆ ਤੇਰਾ। ਬਾਕੀ ਉਰੇ ਜਿੰਨੇ ਵੀ ਨੇ, ਅਮਾਨਤ ਐ ਮੇਰੇ ਕੋਲ, ਜਦੋਂ ਮਰਜ਼ੀ ਲੈ ਜੀਂ। ਹੁਣ ਹੋਰ ਲਿਜਾਣੇ ਨੇ ਹੋਰ ਲੈ ਜਾ।''

ਉਹ ਕਹਿੰਦਾ, ''ਨਹੀਂ, ਪੰਜ ਵਾਧੂ ਲੈ ਲਿਆ। ਇਹ ਬਹੁਤ ਐ।'' ਉਹ ਪਿਛਲੇ ਪਹਿਰ ਪਿੰਡ ਪਹੁੰਚਿਆ। ਉਹਨਾਂ ਦੀ ਬੱਸ ਦਾ ਪਤਾ ਨਹੀਂ ਕੀ ਖਰਾਬ ਹੋ ਗਿਆ। ਰਾਹ ਵਿਚ ਅੱਧਾ-ਪੌਣਾ ਘੰਟਾ ਖੜ੍ਹੀ ਰਹੀ ਸੀ।

ਜਾਣ ਸਾਰ ਪਹਿਲਾਂ ਉਹ ਹਾਕਮ ਕੋਲ ਗਿਆ। ਆਖ ਰਿਹਾ ਸੀ, ''ਹੁਣੇ ਚੱਲੀਏ?''

ਹਾਕਮ ਸਿਆਣਾ ਸੀ। ਕਹਿਣ ਲੱਗਿਆ, ''ਕਾਹਲ ਨਾ ਕਰ ਭਾਈ। ਆਪਾਂ ਬਿਆਨਾ ਦੇ ਆਏ। ਉਹ ਆਪਣੀ ਚੀਜ਼ ਹੋ ਚੁੱਕੀ। ਆਥਣ ਦਾ ਵੇਲਾ ਐ। ਆਉਂਦਿਆਂ ਨੂੰ ਨ੍ਹੇਰਾ ਹੋਜੂ। ਕਿੱਥੇ ਪਿਐ ਬੋਹਾ-ਬਲਾਢਾ। ਸੌ ਅਹੁਰ-ਸਹੁਰ ਹੋ ਜਾਂਦੀ ਐ। ਤੜਕੇ ਸਦੇਹਾਂ ਚੱਲਾਂਗੇ, ਪਹਿ-ਪਾਟਦੀ ਨਾਲ। ਠੰਡੇ-ਠੰਡੇ ਮੁੜ ਆਮਾਂਗੇ, ਆਵਦੀ ਚੀਜ਼ ਲੈਕੇ।''

ਪਿੰਡ ਵਿਚ ਚਾਰ-ਪੰਜ ਟੈਕਸੀ-ਕਾਰਾਂ ਸਨ। ਮ੍ਹਿੰਦਰ ਓਸੇ ਵੇਲੇ ਸੁਰਜਣ ਫੌਜੀ ਨੂੰ ਕਹਿ ਆਇਆ। ਉਹਦੇ ਕੋਲ ਅੰਬੈਸਡਰ ਸੀ। ਡਰਾਈਵਰ ਤੋਂ ਬਿਨਾਂ ਚਾਰ-ਪੰਜ ਬੰਦੇ ਖੁੱਲ੍ਹੇ ਬਹਿ ਜਾਂਦੇ। ਮਾਰੂਤੀ ਵਾਲੀ ਗੱਲ ਨਹੀਂ ਸੀ। ਅਗਲੇ ਦਿਨ ਉਹ ਹਨੇਰੇ ਹੀ ਤੁਰ ਪਏ। ਬੁਢਲਾਡੇ ਜਾਕੇ ਉਹਨਾਂ ਨੂੰ ਪਹੁ ਫਟੀ। ਬੋਹੇ ਤੋਂ ਅੱਗੇ ਤਾਂ ਨੇੜੇ ਹੀ ਸੀ ਘਮਾਣ। ਸੂਰਜ ਨਿੱਕਲ ਆਇਆ ਸੀ, ਜਦੋਂ ਉਹ ਪਾਰੋ ਦੇ ਕੋਠੇ ਵਿਚ ਜਾ ਖੜ੍ਹੇ। ਪਾਰੋ ਉਹਨਾਂ ਨੂੰ ਦੇਖਕੇ ਖੁਸ਼ ਹੋਈ। ਝੱਟ ਹੀ ਚਾਹ ਬਣਾ ਲਈ। ਸੁਰਜਣ ਗੱਡੀ ਵਿਚ ਹੀ ਕੱਸੀ ਦੀ ਪਟੜੀ ਉੱਤੇ

Scanned by CamScanner

ਬੈਠਾ ਰਿਹਾ। ਹਾਕਮ ਨੇ ਦਸ-ਦਸ ਹਜ਼ਾਰ ਦੀਆਂ ਦੋ ਗੁੱਟੀਆਂ ਪਾਰੋ ਨੂੰ ਮੱਲਕ ਦੇ ਕੇ ਫੜਾ ਦਿੱਤੀਆਂ। ਉਹ ਬਾਗੋ ਬਾਗ ਸੀ। ਨੂਰੀ ਨੇ ਹੀ ਚਾਹ ਬਣਾਈ ਸੀ। ਘਰ ਵਿਚ ਉਹੀ ਗਠਿੱਲੋ ਜਿਹੀ ਛੋਟੀ ਕੁੜੀ ਸੀ, ਹੋਰ ਪਤਾ ਨਹੀਂ ਕਿੱਥੇ ਸਨ। ਪਾਰੋ ਨੇ ਦੱਸਿਆ ਕਿ ਵੀਹ-ਵੀਹ ਹਜ਼ਾਰ ਵਾਲੀਆਂ ਦੋਵੇਂ ਕੁੜੀਆਂ ਨੂੰ ਅੱਜ ਪਹੁ-ਫਟਦੀ ਨਾਲ ਹੀ ਬੰਦੇ ਲੈ ਗਏ ਹਨ। ਤੁਹਾਡੇ ਨਾਲ ਹੀ ਕਾਰ ਲੈ ਕੇ ਆਏ ਸਨ। ਵੱਡੀ ਪੰਦਰਾਂ ਹਜ਼ਾਰ ਵਾਲੀ ਵੀ ਕੱਲ ਚਲੀ ਗਈ ਦੁਪਹਿਰੇ। ਤੀਹ ਹਜ਼ਾਰ ਵਾਲੀ ਕੱਲ ਰਾਤ ਨੂੰ ਗਈ ਹੈ। ਨੂਰੀ ਹੁਣ ਚਲੀ ਜਾਵੇਗੀ। ਬੱਸ ਉਹ ਇਕ ਰਹਿ ਗਈ ਪੈਂਤੀ ਵਾਲੀ। ਪਾਰੋ ਬੇਹੱਦ ਖੁਸ਼ ਸੀ ਕਿ ਉਹਦਾ ਲਗਭਗ ਸਾਰਾ ਮਾਲ ਵਿਕ ਗਿਆ ਹੈ। ਆਖ ਰਹੀ ਸੀ, ''ਵੱਧ-ਘਟ ਕਰਕੇ ਇਹਨੂੰ ਵੀ ਕੋਈ ਲੈ ਜਾਏਗਾ।''

''ਵੱਧ-ਘਟ?'' ਹਾਕਮ ਹੈਰਾਨ ਹੋਇਆ। ਕਹਿੰਦਾ, ''ਸਾਨੂੰ ਨਾ ਕੀਤਾ ਵੱਧ-ਘਟ?''

''ਨਹੀਂ, ਤੁਹਾਡੇ ਕੋਲੋਂ ਠੀਕ-ਠੀਕ ਈ ਲਿਐ। ਕੋਈ ਵੱਧ ਨ੍ਹੀਂ ਲਿਆ। ਇਹਦਾ ਪੈਂਤੀ ਮੈਨੂੰ ਆਪ ਨੂੰ ਵੀ ਕੁੱਝ ਜ਼ਿਆਦਾ ਈ ਲਗਦੈ। ਲੋਕ ਪੈਸਾ ਦੇਖਦੇ ਐ, ਲੜਕੀ ਨਹੀਂ ਦੇਖਦੇ।''

''ਇਹਦਾ ਕਿੰਨਾ ਘੱਟ ਕਰ ਦੇਂਗੀ?'' ਹਾਕਮ ਨੇ ਜਿਵੇਂ ਗਾਹਕ ਤਿਆਰ ਕਰਨਾ ਹੋਵੇ।

''ਚੱਲ, ਹੁਣ ਇਹਦਾ ਵੀ ਤੀਹ ਕਰ ਦੂੰਗੀ।'' ਪਾਰੋ ਵਪਾਰੀਆਂ ਵਾਂਗ ਗੱਲ ਕਰ ਰਹੀ ਸੀ।

ਕੱਸੀ ਦੀ ਪੱਟੜੀ ਤੱਕ ਪਾਰੋ ਨੂਰੀ ਨੂੰ ਛੱਡਣ ਆਈ। ਪਿਆਰ ਨਾਲ ਉਹਦਾ ਮੱਥਾ ਚੁੰਮਿਆ। ਉਹਦੇ ਹੱਥ ਘੁੱਟੇ। ਕਿਹਾ, ''ਖੁਸ਼ ਰਹਿਨਾ ਬ੍ਹੁਈ। ਮਿਲਤੇ ਰਹਿਨਾ ਕਭੀ-ਕਬਾਰ।''

ਨੂਰੀ ਦੀਆਂ ਅੱਖਾਂ ਵਿਚੋਂ ਉਦਾਸ ਪ੍ਰਸੰਨਤਾ ਚਮਕ ਰਹੀ ਸੀ। ਮਿੰਦਰ ਉਸ ਦਿਨ ਬਣ-ਠਣ ਕੇ ਪਿੰਡੋਂ ਆਇਆ ਸੀ। ਉਹ ਨੂਰੀ ਨਾਲ ਪਿਛਲੀ ਸੀਟ ਉੱਤੇ ਚੌੜਾ ਹੋਇਆ ਬੈਠਾ ਸੀ। ਕੱਸੀ ਦਾ ਪੁਲ ਉਹ ਟੱਪੇ ਹੀ ਸਨ ਕਿ ਹਾਕਮ ਪਿੱਛੇ ਮੁੜਕੇ ਝਾਕਿਆ। ਬੋਲਿਆ, ''ਓਏ ਮਿੰਦਰਾ, ਓਹੀ ਐ ਕਿ ਹੋਰ ਈ ਤੋਰ ਤੀ ਕੋਈ?''

''ਓਏ, ਚੱਲ ਕੋਈ ਹੋਈ। ਤੀਮੀ ਤਾਂ ਹੈ।'' ਮਿੰਦਰ ਲਾਚੜਿਆ ਹੋਇਆ ਸੀ।

''ਓਏ, ਨਹੀਂ ਯਾਰ,'' ਹਾਕਮ ਫੇਰ ਬੋਲਿਆ, ''ਹਾਂ ਠੀਕ ਐ, ਓਹੀ ਐ।''

''ਤੈਨੂੰ ਕੀ ਪਛਾਣ ਐ?'' ਮਿੰਦਰ ਨੇ ਨੂਰੀ ਦਾ ਸਾਰਾ ਵਜੂਦ ਅੱਖਾਂ-ਅੱਖਾਂ ਵਿਚ ਟੋਹਿਆ। ''ਚਾਂਦੀ ਦਾ ਕੜਾ ਤਾਂ ਓਹੀ ਐ।'' ਉਹਦੇ ਮਨ ਨੇ ਤਸੱਲੀ ਕਰਕੇ ਆਖਿਆ।

Scanned by CamScanner

''ਓਏ ਕੜਾ ਨੀ, ਕੜਾ ਤਾਂ ਬਦਲ ਵੀ ਸਕਦਾ ਸੀ। ਇਹਦੀ ਠੋਡੀ ਤੇ ਕਾਲਾ ਤਿਣ ਓਹੀ ਐ, ਦੀਂਹਦਾ ਨੀ?''

''ਨਾ, ਓਦਣ ਮੈਂ ਗੌਰ ਨ੍ਹੀ ਕੀਤੀ।''

''ਨਹੀਂ, ਮੈਂ ਦੇਖਿਆ ਸੀ ਇਹਦਾ ਤਿਣ,'' ਫੇਰ ਹਾਕਮ ਬੋਲਿਆ, ''ਪਤਾ ਨ੍ਹੀ ਤੈਨੂੰ, ਵਪਾਰੀ ਮੈ੍ਸ ਦਾ ਸੌਦਾ ਕਰਕੇ ਕੋਈ ਨਸ਼ਾਨੀ ਯਾਦ ਰੱਖਦੇ ਨੇ। ਮੈਂ ਇਹਦੀ ਠੋਡੀ ਦਾ ਤਿਣ ਨਸ਼ਾਨੀ ਯਾਦ ਰੱਖੀ ਸੀ। ਹੋਰ ਉਹ ਤਿਣ ਕਿਸੇ ਤੀਮੀ ਦੇ ਨੀ ਸੀ।''

ਬੋਹੇ ਦੇ ਅੱਡੇ ਉੱਤੇ ਓਹੀ ਬੰਦਾ ਖੜ੍ਹਾ ਸੀ, ਕਾਲੀ ਪਗੜੀ ਵਾਲਾ ,ਜਿਹੜਾ ਪਰਸੋਂ ਘਮਾਣੀ ਉਹਨਾਂ ਨੂੰ ਪਾਰੋ ਦੇ ਕੋਠੇ ਤੱਕ ਛਡਕੇ ਗਿਆ ਸੀ। ਉਹਨੇ ਵੀ ਹਾਕਮ ਨੂੰ ਪਛਾਣ ਲਿਆ ਅਤੇ ਹੱਥ ਦੇਕੇ ਕਾਰ ਰੋਕ ਲਈ। ਉਹਨੇ ਕਾਰ ਅੰਦਰ ਨਿਗਾਹ ਮਾਰੀ, ਦੂਜਾ ਬੰਦਾ ਤੀਵੀਂ ਲਈ ਬੈਠਾ ਦੇਖਕੇ ਮੁਬਾਰਕਾਂ ਦੇਣ ਲੱਗਾ। ਹੱਥ ਖੜ੍ਹਾ ਕੀਤਾ। ਫੇਰ ਹਾਕਮ ਦੇ ਕੰਨ ਵਿਚ ਕਹਿਣ ਲੱਗਿਆ, ''ਵਧੀਆ ਕੀਤਾ ਤੁਸੀਂ, ਮੇਰੇ ਘਰ ਵੀ ਬੰਗਾਲਣ ਐ। ਦਸ ਸਾਲ ਹੋ ਗਏ। ਦੋ ਜੁਆਕ ਵੀ ਨੇ। ਕਿਧਰੇ ਨ੍ਹੀ ਜਾਂਦੀਆਂ ਹੁੰਦੀਆਂ ਇਹ। ਨਿਹਚਾ ਰੱਖਿਓ।'' ਉਹ ਉਹਨਾਂ ਨੂੰ ਚਾਹ–ਪਾਣੀ ਦੀ ਸੁਲਾਹ ਮਾਰ ਹੀ ਰਿਹਾ ਸੀ ਕਿ ਸੁਰਜਣ ਨੇ ਕਾਰ ਤੋਰ ਲਈ।

12

ਸਰਦਾਰਗੜ੍ਹ ਸਰਕਾਰੀ ਹਾਈ ਸਕੂਲ ਸੀ। ਕੁਝ ਸਾਲਾਂ ਬਾਅਦ ਤਰਸੇਮ ਨੇ ਆਪਣੀ ਬਦਲੀ ਪਿੰਡ ਦੀ ਹੀ ਕਰਵਾ ਲਈ ਸੀ। ਉਹਨਾਂ ਦਿਨਾਂ ਵਿਚ ਉਹਦਾ ਮੁੰਡਾ ਸੁਰੇਸ਼ ਸੱਤਵੀਂ ਵਿਚ ਪੜ੍ਹਦਾ ਸੀ। ਸੁਰੇਸ਼ ਕਰਕੇ ਹੀ ਉਹਨੇ ਪਿੰਡ ਦੀ ਬਦਲੀ ਕਰਾਈ ਸੀ ਤਾਂ ਕਿ ਉਹ ਮੁੰਡੇ ਉੱਤੇ ਨਿਗਾਹ ਰੱਖੇ ਅਤੇ ਅੰਗ੍ਰੇਜ਼ੀ ਦਾ ਸਬਜੈਕਟ ਉਹ ਆਪ ਲਿਆ ਕਰੇ। ਉਹਦੀ ਆਪਣੀ ਅੰਗ੍ਰੇਜ਼ੀ ਚੰਗੀ ਸੀ। ਉਹ ਚਾਹੁੰਦਾ ਸੀ, ਅੰਗ੍ਰੇਜ਼ੀ ਵਿਚ ਉਹਦਾ ਮੁੰਡਾ ਪੂਰਾ ਹੁਸ਼ਿਆਰ ਬਣ ਜਾਵੇ। ਹੁਣ ਪਿੰਡ ਆ ਕੇ ਉਹ ਸੁਰੇਸ਼ ਨੂੰ ਅੰਗ੍ਰੇਜ਼ੀ ਘਰ ਵੀ ਪੜ੍ਹਾਉਂਦਾ, ਸਕੂਲ ਵਿਚ ਵੀ। ਹੈੱਡਮਾਸਟਰ ਨੂੰ ਕਹਿ ਕੇ ਉਹਨੇ ਸੱਤਵੀਂ ਦੀ ਅੰਗ੍ਰੇਜ਼ੀ ਲਈ ਸੀ। ਉਹਨਾਂ ਦੇ ਹਿਸਾਬ ਦਾ ਮਾਸਟਰ ਬੀਰਬਲ ਉਂਜ ਹੀ ਚੰਗਾ ਆਦਮੀ ਸੀ। ਇਕ ਸਮਰਪਤ ਅਧਿਆਪਕ ਜਿਸ ਨੂੰ ਕਹਿ ਸਕਦੇ ਹਾਂ। ਉਹ ਸਰੀਰ ਦਾ ਤਾਂ ਟੁੱਟਿਆ ਜਿਹਾ ਸੀ ਪਰ ਕਲਾਸ ਵਿਚ ਪੂਰੀ ਤਨਦੇਹੀ ਨਾਲ ਪੜ੍ਹਾਉਂਦਾ। ਅੱਕਦਾ ਥੱਕਦਾ ਨਹੀਂ ਸੀ। ਉਹ ਦਿਨ ਵਿਚ ਸਿਰਫ ਤਿੰਨ ਰੋਟੀਆਂ ਖਾਂਦਾ। ਇਕ ਰੋਟੀ ਸਕੂਲ ਆਉਣ ਤੋਂ ਪਹਿਲਾਂ ਇਕ

Scanned by CamScanner

ਰੋਟੀ ਦੁਪਹਿਰੇ ਖਾਣ ਲਈ ਸਕੂਲ ਲੈ ਕੇ ਆਉਂਦਾ ਅਤੇ ਇਕ ਰੋਟੀ ਰਾਤ ਨੂੰ। ਸਬਜ਼ੀ ਖਾਸੀ ਖਾ ਜਾਂਦਾ ਸੀ। ਰਾਤ ਨੂੰ, ਦਸਦਾ ਹੁੰਦਾ, ਇਕ ਪਾਓ ਦੁੱਧ ਪੀਂਦਾ ਹੈ– ਫਿੱਕਾ। ਉਹ ਧਨੌਲੇ ਤੋਂ ਸਾਈਕਲ ਉੱਤੇ ਆਉਂਦਾ ਹੁੰਦਾ। ਧਨੌਲੇ ਤੋਂ ਸਰਦਾਰਗੜ੍ਹ ਤੱਕ ਸੂਏ ਦੀ ਪਟੜੀ ਸੀ। ਸੜਕ ਨਹੀਂ ਸੀ। ਪਟੜੀ ਸੜਕ ਵਰਗੀ ਹੀ ਸੀ, ਸਾਫ ਅਤੇ ਪੱਕੀ ਮਿੱਟੀ ਦੀ। ਕਿਧਰੇ ਕੋਈ ਖਾਈ ਟੋਆ ਨਹੀਂ ਕਿਧਰੇ ਕੋਈ ਧੋੜਾ ਨਹੀਂ। ਅੱਠਵੀਂ ਜਮਾਤ ਵਿਚ ਵੀ ਹਿਸਾਬ ਬੀਰਬਲ ਕੋਲ ਸੀ ਅਤੇ ਅੰਗ੍ਰੇਜ਼ੀ ਤਰਸੇਮ ਲਾਲ ਕੋਲ। ਤਰਸੇਮ ਨੇ ਬੀਰਬਲ ਦਾਸ ਨਾਲ ਪੱਕੀ ਦੋਸਤੀ ਗੰਢ ਲਈ ਸੀ, ਇਸ ਲਈ ਉਹ ਸੁਰੇਸ਼ ਦੇ ਹਿਸਾਬ ਵੱਲ ਖਾਸ ਧਿਆਨ ਰਖਦਾ। ਉਹਨੂੰ ਵਿਹਲੇ ਪੀਰੀਅਡ ਵਿਚ ਵੀ ਸਵਾਲ ਸਮਝਾ ਦਿੰਦਾ। ਅੱਠਵੀਂ ਜਮਾਤ ਨੂੰ ਪੜ੍ਹਾਉਣ ਵਾਲੇ ਸਾਰੇ ਅਧਿਆਪਕ ਹੀ ਮਿਹਨਤੀ ਸਨ ਪਰ ਇਕ ਗਿਆਨੀ-ਮਾਸਟਰ ਹੀ ਨਿਕੰਮਾ ਸੀ। ਵਿਹਲੇ ਪੀਰੀਅਡ ਵਿਚ ਉਹ ਸਟਾਫ ਰੂਮ ਦੇ ਬੈਂਚ ਉੱਤੇ ਸੁੱਤਾ ਰਹਿੰਦਾ ਅਤੇ ਫੇਰ ਕਲਾਸਾਂ ਵਿਚ ਵੀ ਉਂਘਲਾਉਂਦਾ ਰਹਿੰਦਾ। ਅੱਠਵੀਂ ਜਮਾਤ ਨੂੰ ਉਹਨੇ ਕਦੇ ਇਕ ਅੱਖਰ ਵੀ ਨਹੀਂ ਪੜ੍ਹਾਇਆ ਸੀ। ਗਾਈਡ ਲਵਾ ਛੱਡੀ ਸੀ। ਵਿਦਿਆਰਥੀ ਗਾਈਡ ਲਾਲ ਮੱਥਾ ਮਾਰਦੇ ਰਹਿੰਦੇ। ਇਹ ਸਿੰਗਲ ਸੈਕਸ਼ਨ ਸਕੂਲ ਸੀ। ਨਹੀਂ ਤਾਂ ਤਰਸੇਮ ਲਾਲ ਹੈਡ ਮਾਸਟਰ ਨੂੰ ਕਹਿ ਕੇ ਸੁਰੇਸ਼ ਦੀ ਕਲਾਸ ਨੂੰ ਦੂਜਾ ਗਿਆਨੀ ਲਗਵਾ ਲੈਂਦਾ। ਹੈਡਮਾਸਟਰ ਗਿਆਨੀ ਨੂੰ ਕਹਿ ਕਹਿ ਕੇ ਥੱਕ ਗਿਆ ਸੀ। ਸਾਰੇ ਮਾਸਟਰ ਜਿਹਨਾਂ ਦੇ ਆਪਣੇ ਬੱਚੇ ਉਸੇ ਸਕੂਲ ਵਿਚ ਪੜ੍ਹਦੇ ਹਨ, ਗਿਆਨੀ ਉੱਤੇ ਦੰਦ ਚੱਬਦੇ, ਪਰ ਬੇਬਸ ਸਨ, ਕੁਝ ਨਹੀਂ ਵਿਗਾੜ ਸਕਦੇ ਸੀ ਗਿਆਨੀ ਜੀ ਦਾ। ਉਹ ਫੱਕਰ ਬੰਦਾ ਸੀ। ਗਾਲ ਕੱਢੀ ਦਾ ਵੀ ਗੁੱਸਾ ਨਹੀਂ ਕਰਦਾ ਸੀ। ਨਾ ਪਿਆਰ ਦੇ ਸ਼ਬਦਾਂ ਨੂੰ ਸਮਝਦਾ। ਤਨਖਾਹ ਲੈਣ ਵੇਲੇ ਸਭ ਤੋਂ ਪਹਿਲਾਂ ਰਸੀਦੀ ਟਿਕਟ ਨੂੰ ਥੁੱਕ ਲਾਈਂ ਖੜ੍ਹਾ ਹੁੰਦਾ। ਪਰ ਉਹ ਕਿਸਮਤ ਦਾ ਧਨੀ ਸੀ। ਅੱਠਵੀਂ ਦਸਵੀਂ ਦੇ ਨਤੀਜੇ ਨਿੱਕਲਦੇ ਤਾ ਪੰਜਾਬੀ ਦਾ ਨਤੀਜਾ ਸੌ ਫੀਸਦੀ ਹੁੰਦਾ, ਜਦੋਂ ਕਿ ਬਾਕੀਆਂ ਦੇ ਸਭ ਦੇ ਨਤੀਜੇ ਬੋਰਡ ਤੋਂ ਥੱਲੇ ਹੁੰਦੇ ਸਨ। ਕਿਸੇ ਕਿਸੇ ਸਬਜੈਕਟ ਦਾ ਨਤੀਜਾ ਹੀ ਬੋਰਡ ਤੋਂ ਉੱਤੇ ਰਹਿੰਦਾ। ਹੈਡਮਾਸਟਰ ਇਹ ਆਖ ਕੇ ਸਬਰ ਕਰ ਲੈਂਦਾ, ''ਮਾਸਟਰ ਸਾਹਿਬਾਨ ਵੀ ਕੀ ਕਰਨ ਜੀ, ਪੇਂਡੂ ਸਕੂਲ ਐ, ਸ਼ਹਿਰ ਹੁੰਦਾ ਤਾਂ ਸਾਡੇ ਇਹਨਾਂ ਹੀ ਅਧਿਆਪਕਾਂ ਦੇ ਬੱਚੇ ਮੈਰਿਟ ਵਿਚ ਆਉਂਦੇ।''

ਉਹਨਾਂ ਦਿਨਾਂ ਵਿਚ ਬਹੁਤ ਮਾੜੇ ਨਤੀਜਿਆਂ ਵਾਲੇ ਅਧਿਆਪਕ ਦੀ ਗੁਪਤ-ਰਿਪੋਰਟ ਖਰਾਬ ਹੋ ਜਾਂਦੀ, ਉੱਤੋਂ ਤਾੜਨਾ ਆ ਜਾਂਦੀ ਅਤੇ ਕਦੇ ਕਦੇ ਸਾਲਾਨਾ ਤਰੱਕੀ ਵੀ ਰੁਕ ਜਾਂਦੀ। ਇਹੀ ਵਜਾਹ ਸੀ ਕਿ ਅਧਿਆਪਕ ਲੋਕ ਆਪਣੇ ਵਿਦਿਆਰਥੀਆਂ ਨੂੰ ਆਪ ਨਕਲ ਮਰਵਾਉਂਦੇ। ਸੈਂਟਰ ਦੀ ਮੀਟ-ਸ਼ਰਾਬ ਨਾਲ ਪੂਰੀ ਸੇਵਾ ਕੀਤੀ ਜਾਂਦੀ।

Scanned by CamScanner

ਕਿਧਰੇ ਕਿਧਰੇ ਨਕਦ ਚੜ੍ਹਾਵਾ ਵੀ ਚੜ੍ਹਦਾ। ਤਰਸੇਮ ਲਾਲ ਨਕਲ ਦੇ ਹੱਕ ਵਿਚ ਨਹੀਂ ਸੀ। ਬੀਰਬਲ ਦਾਸ ਵੀ ਉਹਨੂੰ ਇਹੀ ਸਿਖਿਆ ਦਿੰਦਾ ਹੁੰਦਾ। ਤਰਸੇਮ ਲਾਲ ਨੂੰ ਸੁਰੇਸ਼ ਉੱਤੇ ਬੜਾ ਮਾਣ ਸੀ। ਉਹਨੇ ਅੱਠਵੀਂ ਵੇਲੇ ਸੈਂਟਰ ਸੁਪਰਡੈਂਟ ਨੂੰ ਆਪ ਇਹ ਬੇਨਤੀ ਕੀਤੀ ਕਿ ਉਹ ਇਹ ਚਾਹੁੰਦਾ ਹੈ, ਉਹਦੇ ਮੁੰਡੇ ਨੂੰ ਕੋਈ ਦੂਜਾ ਮੁੰਡਾ ਡਿਸਟਰਬ ਨਾ ਕਰੇ ਬੱਸ। ਉਹ ਨਕਲ ਬਿਲਕੁਲ ਨਹੀਂ ਚਾਹੁੰਦਾ।

ਸੁਰੇਸ਼ ਉੱਤੇ ਬੜੀਆਂ ਆਸਾਂ ਸਨ ਕਿ ਉਹ ਕੋਈ ਪੁਜ਼ੀਸ਼ਨ ਮਾਰੇਗਾ। ਤਰਸੇਮ ਦੀ ਮਾਂ ਤਾਂ ਮਰ ਚੁੱਕੀ ਸੀ। ਸੀਤਾ ਅੰਦਰੋਂ–ਅੰਦਰ ਦੇਵੀ ਦੀ ਕੜਾਹੀ ਸੁੱਖੀ ਬੈਠੀ ਸੀ। ਸੱਸ ਨਾਲੋਂ ਅੰਧ–ਵਿਸ਼ਵਾਸਾਂ ਵਿਚ ਉਹ ਕਿਵੇਂ ਵੀ ਘੱਟ ਨਹੀਂ ਸੀ। ਨਤੀਜਾ ਨਿੱਕਲਿਆ ਤਾਂ ਸੁਰੇਸ਼ ਦੀ ਸਿਰਫ ਸੈਕੰਡ ਡਵੀਜ਼ਨ ਆਈ। ਬੀਰਬਲ ਤੇ ਤਰਸੇਮ ਨਿਰਾਸ਼ ਸਨ। ਸੀਤਾ ਨੇ ਫੇਰ ਵੀ ਦੇਵੀ ਦੀ ਕੜਾਹੀ ਕੀਤੀ। ਆਖ ਰਹੀ ਸੀ, ''ਚੱਲ ਪਾਸ ਤਾਂ ਹੋ ਗਿਆ, ਮੇਰਾ ਪੁੱਤ।''

ਤਰਸੇਮ ਸਕੂਲ ਵਿਚ ਆਖਦਾ ਫਿਰਦਾ, ''ਸੁਰੇਸ਼ ਦੇ ਨੰਬਰ ਆਵਦੇ ਨੇ, ਬਾਕੀ ਮੁੰਡਿਆਂ ਦੇ ਨੰਬਰ ਉਹਨਾਂ ਦੇ ਮਾਸ਼ਟਰਾਂ ਦੇ।''

ਉਹਦਾ ਕੋਈ ਗੁੱਸਾ ਨਹੀਂ ਕਰਦਾ ਸੀ। ਹੱਸ ਛੱਡਦਾ। ਕੋਈ ਕੋਈ ਗੰਭੀਰ ਹੋ ਕੇ ਜਵਾਬ ਦਿੰਦਾ, ਕੀ ਕਰੀਏ ਜਾਰ ਤਰਸੇਮ, ਜ਼ਮਾਨਾ ਮਾੜਾ ਆ ਗਿਆ, ਮਜਬੂਰੀ ਐ ਭਾਈ।''

ਤਰਸੇਮ ਹੈਡਮਾਸਟਰ ਨਾਲ ਲਿਹਾਜ਼ ਰਖਦਾ। ਉਹ ਆਲਾ ਸਿੰਘ ਵਾਲੇ ਤੋਂ ਆਉਂਦਾ ਸੀ। ਬੱਸ ਤੇ ਆਉਂਦਾ। ਬਹੁਤੀ ਦੂਰ ਨਹੀਂ ਸੀ। ਵੀਹ ਮਿੰਟਾਂ ਵਿਚ ਸਰਦਾਰਗੜ੍ਹ ਆ ਜਾਂਦਾ। ਮਹੀਨੇ ਵਿਚ ਇਕ ਦੋ ਵਾਰ ਤਰਸੇਮ ਹੈਡਮਾਸਟਰ ਨੂੰ ਪਿੰਡ ਹੀ ਰਾਤ ਨੂੰ ਰੱਖ ਲੈਂਦਾ। ਸਕੂਲ ਵਿਚ ਹੀ ਮੁਰਗਾ ਬਣਦਾ ਅਤੇ ਘਰ ਦੀ ਕੱਢੀ ਦਾਰੂ ਪੀਤੀ ਜਾਂਦੀ। ਦੋ ਚਾਰ ਮਾਸਟਰ ਹੋਰ ਵੀ ਸ਼ਾਮਲ ਹੋ ਜਾਂਦੇ। ਉਹ ਖਾ ਪੀ ਕੇ ਆਪਣੇ ਪਿੰਡਾਂ ਨੂੰ ਚਲੇ ਜਾਂਦੇ। ਆਮ ਤੌਰ ਤੇ ਇਹ ਉਹ ਮਾਸਟਰ ਹੁੰਦੇ ਜਿਹਨਾਂ ਕੋਲ ਸੁਰੇਸ਼ ਦਾ ਪੀਰੀਅਡ ਹੁੰਦਾ। ਬੀਰਬਲ ਦਾਸ ਨਾ ਕੁਝ ਖਾਂਦਾ ਸੀ ਅਤੇ ਨਾ ਪੀਂਦਾ ਸੀ। ਉਹਦੀ ਵੱਡੀ ਤੋਂ ਵੱਡੀ ਮਾਰ ਦੁੱਧ ਦਾ ਅੱਧਾ ਗਿਲਾਸ ਹੁੰਦੀ, ਜਿਹੜਾ ਕਿ ਉਹ ਸਕੂਲ ਸਮੇਂ ਵਿਚ ਹੀ ਪੀ ਲੈਂਦਾ। ਤਰਸੇਮ ਦੇ ਘਰੋਂ ਉਹ ਕਦੇ ਵੀ ਦੁੱਧ ਮੰਗਵਾ ਸਕਦਾ ਸੀ। ਸੁਰੇਸ਼ ਆਪ ਹੀ ਲਿਆ ਦਿੰਦਾ। ਜਿਸ ਦਿਨ ਹੈਡਮਾਸਟਰ ਸਰਦਾਰਗੜ੍ਹ ਰਾਤ ਕੱਟਦਾ, ਸਾਰਾ ਖਰਚ ਤਰਸੇਮ ਦਾ ਹੁੰਦਾ, ਉਹ ਅਜਿਹੇ ਖਰਚਾਂ ਨੂੰ ਗੌਲਦਾ ਨਹੀਂ ਸੀ।

ਨੌਵੀਂ ਜਮਾਤ ਵਿਚ ਅੰਗ੍ਰੇਜ਼ੀ ਤਰਸੇਮ ਨੇ ਹੀ ਰੱਖੀ ਅਤੇ ਹਿਸਾਬ ਬੀਰਬਲ ਦਾਸ

Scanned by CamScanner

ਨੇ। ਪੰਜਾਬੀ ਦਾ ਵਿਸ਼ਾ ਹੈਡਮਾਸਟਰ ਨੇ ਆਪ ਲੈ ਲਿਆ। ਉਹ ਪੁਰਾਣੇ ਵਕਤਾਂ ਵਿਚ ਗਿਆਨੀ ਟੀਚਰ ਰਹਿ ਚੁੱਕਿਆ ਸੀ। ਗਿਆਨੀ ਤੋਂ ਬਾਅਦ ਉਹਨੇ ਐਫ. ਏ. ਕੀਤੀ ਸੀ। ਫੇਰ ਬੀ. ਏ. ਅਤੇ ਫੇਰ ਬੀ. ਐਡ ਪਾਸ ਕਰਕੇ ਸੋਸ਼ਲ ਸਟੱਡੀ ਮਾਸਟਰ ਬਣਿਆ ਸੀ। ਸਿਨੀਆਰਟੀ ਵਿਚ ਨਾਂ ਆਉਣ ਕਰਕੇ ਹੁਣ ਪਿਛਲੇ ਪੰਜਾਂ ਸਾਲਾਂ ਤੋਂ ਹੈਡ ਮਾਸਟਰ ਸੀ। ਨੌਵੀਂ ਦੀ ਪੰਜਾਬੀ ਦਾ ਪੀਰੀਅਡ ਲੈਣ ਕਰਕੇ ਹੈਡਮਾਸਟਰ ਦਾ ਜਮਾਤ ਨਾਲ ਵੀ ਸਿੱਧਾ ਸੰਪਰਕ ਜੁੜ ਗਿਆ ਸੀ। ਉਹਨੂੰ ਚੰਗੇ ਮਾੜੇ ਮੁੰਡਿਆਂ ਦੀ ਸੂੰਹ ਰਹਿੰਦੀ ਅਤੇ ਇਹ ਵੀ ਕਿ ਉਹਨਾਂ ਦੇ ਅਧਿਆਪਕ ਉਹਨਾਂ ਨੂੰ ਕੀ ਕਿੰਨਾ ਕੁ ਪੜ੍ਹਾਉਂਦੇ ਹਨ। ਇਹ ਸਾਰੀ ਸਕੀਮ ਤਰਸੇਮ ਲਾਲ ਦੀ ਸੀ। ਗਿਆਨੀ ਮਾਸਟਰ ਨੂੰ ਕੋਈ ਇਤਰਾਜ਼ ਨਹੀਂ ਸੀ ਕਿ ਉਹ ਤੋਂ ਪੰਜਾਬੀ ਖੋਹ ਲਈ ਗਈ ਹੈ। ਨੌਵੀਂ ਜਮਾਤ ਸਾਰੀ ਪਾਸ ਕਰ ਦਿੱਤੀ ਗਈ। ਸਾਰੇ ਪੈਂਤੀ ਮੁੰਡੇ ਕੁੜੀਆਂ ਸਨ। ਪੰਜ ਕੁੜੀਆਂ ਸਨ ਅਤੇ ਤੀਹ ਮੁੰਡੇ। ਚਾਰ ਪੰਜ ਮੁੰਡੇ ਨਾਲਾਇਕ ਜਿਹੇ ਸਨ। ਉਹਨਾਂ ਦੇ ਨੰਬਰ ਬਹੁਤ ਘੱਟ ਸਨ। ਉਹ ਫੇਲ੍ਹ ਹੁੰਦੇ ਸਨ, ਪਰ ਤਰਸੇਮ ਦੇ ਸੁਝਾਓ ਕਰਕੇ ਹੈਡਮਾਸਟਰ ਨੇ ਉਹ ਵੀ ਪਾਸ ਕਰ ਦਿੱਤੇ। ਪਿੰਡ ਦਾ ਮਾਮਲਾ ਸੀ। ਉਹ ਫੇਲ੍ਹ ਹੋ ਜਾਂਦੇ ਤਾਂ ਇਤਰਾਜ ਤਰਸੇਮ ਜ਼ਿੰਮੇ ਆਉਂਦਾ। ਪਿੰਡ ਵਿਚ ਤਾਂ ਪਹਿਲਾਂ ਹੀ ਮਿੰਨ੍ਹੀ ਮਿੰਨ੍ਹੀ ਚਰਚਾ ਹੁੰਦੀ ਰਹਿੰਦੀ ਕਿ ਸਾਰੀਆਂ ਰਿਆਇਤਾਂ ਬਾਮ੍ਹਣ ਦੇ ਮੁੰਡੇ ਲਈ ਹਨ। ਹੈਡਮਾਸਟਰ ਨੂੰ ਆਪਣੀ ਮੁੱਠੀ ਵਿਚ ਕੀਤਾ ਹੋਇਆ ਹੈ। ਸਕੂਲ ਵਿਚ ਨਿੱਤ ਸ਼ਰਾਬਾਂ ਉੱਡਦੀਆਂ ਹਨ।

ਦਸਵੀਂ ਵਿਚ ਵੀ ਪੜ੍ਹਾਉਣ ਲਈ ਓਹੀ ਮਾਸਟਰ ਸਨ। ਦਸਵੀਂ ਦੇ ਪੇਪਰਾਂ ਵਿਚ ਤਰਸੇਮ ਨੇ ਆਪਣਾ ਨਿਯਮ ਤੋੜ ਦਿੱਤਾ, ਜਦੋਂ ਕਿ ਬੀਰਬਲ ਦਾਸ ਇਸਦੇ ਹੱਕ ਵਿਚ ਨਹੀਂ ਸੀ। ਬੀਰਬਲ ਦਾਸ ਆਖਦਾ ਸੀ, ''ਮੁੰਡੇ ਨੂੰ ਆਪ ਨੰਬਰ ਲੈਣ ਦਿਓ। ਨਕਲ ਮਰਾਉਣ ਨਾਲ ਉਹ ਫਸਟ ਡਵੀਜ਼ਨ ਤਾਂ ਲੈ ਜੂ, ਪਰ ਗਾਹਾਂ ਨੀ ਚੱਲਣਾ।''

ਦਾਰੂ ਦੇ ਨਸ਼ੇ ਵਿਚ ਦੂਜੇ ਅਧਿਆਪਕ ਸੁਝਾਓ ਦਿੰਦੇ, ''ਓਏ ਤਰਸੇਮ, ਕੇਰਾਂ ਫਸਟ ਡਵੀਜ਼ਨ ਆ ਜੇ, ਮਗਰੋਂ ਨਕਲ ਕੀਹਨੇ ਪੁੱਛਣੀ ਐ, ਅਗਲਾ ਮਾਰਕਸ ਦੇਖੂ, ਮੁੰਡੇ ਨੂੰ ਕਿਸੇ ਚੰਗੇ ਕੋਰਸ 'ਚ ਦਾਖਲਾ ਮਿਲਜੂ।'' '

''ਓਏ ਫਸਟ ਡਵੀਜ਼ਨ ਤਾਂ ਇਸ ਲੜਕੇ ਦੀ ਉਂਜ ਈ ਆ ਜਾਣੀ ਐ। ਹੈਲਪ ਕਰਾਂਗੇ ਤਾਂ ਕੋਈ ਪੁਜ਼ੀਸ਼ਨ ਆ ਸਕਦੀ ਐ'' ਹੈਡਮਾਸਟਰ ਦਾ ਮੁਰਗਾ ਬੋਲ ਰਿਹਾ ਹੁੰਦਾ।

ਇਮਤਿਹਾਨ ਸ਼ੁਰੂ ਹੋਣ ਤੋਂ ਦਸ ਦਿਨ ਪਹਿਲਾਂ ਵਿਦਿਆਰਥੀਆਂ ਕੋਲੋਂ ਸੌ-ਸੌ ਰੁਪਿਆ ਬਾਸ਼ ਇਕੱਠੀ ਕੀਤੀ ਗਈ। ਜਿਹਨਾਂ ਮਾਸਟਰਾਂ ਕੋਲ ਸਬਜੈਕਟ ਸਨ, ਉਹਨਾਂ ਤੋਂ ਵੱਖਰੇ ਪੈਸੇ ਲਏ ਗਏ। ਬੀਰਬਲ ਦਾਸ ਦੇ ਪੈਸੇ ਤਰਸੇਮ ਨੇ ਦੇ ਦਿੱਤੇ ਸਨ। ਹੈਡਮਾਸਟਰ ਆਖ ਰਿਹਾ ਸੀ, ''ਤੁਹਾਡਾ ਰਿਜਲਟ ਵੀ ਤਾਂ ਬਣੇਗਾ।''

Scanned by CamScanner

ਸਕੂਲ ਵਿਚ ਹੀ ਮਹਿਫਲ ਜੁੜ੍ਹਦੀ। ਸੁਪਡੈਂਟ ਉਹਨਾਂ ਦਿਨਾਂ ਵਿਚ ਅਕਬਰ ਬਾਦਸ਼ਾਹ ਬਣਿਆ ਹੋਇਆ ਸੀ। ਉਹਨਾਂ ਦਾ ਸਾਰਾ ਸੁਪਰਵਾਈਜ਼ਰੀ ਸਟਾਫ ਡੱਕ ਕੇ ਦਾਰੂ ਪੀਂਦਾ ਅਤੇ ਰੱਜ ਕੇ ਮੀਟ ਖਾਂਦਾ। ਆਲੇ ਦੁਆਲੇ ਦੇ ਪਿੰਡਾਂ ਦੇ ਮਾਸਟਰ ਸਨ ਉਹ, ਜਾਂ ਫੇਰ ਆਲਾ ਸਿੰਘ ਵਾਲੇ ਤੋਂ ਆਉਂਦੇ ਹੁੰਦੇ। ਰੋਟੀਆਂ ਦੋ ਤਿੰਨ ਘਰਾਂ ਤੋਂ ਪੱਕ ਕੇ ਆ ਜਾਂਦੀਆਂ ਸਨ। ਰਾਤ ਨੂੰ ਓਥੇ ਕੋਈ ਨਹੀਂ ਠਹਿਰਦਾ ਸੀ। ਜਿਹਨਾਂ ਦੇ ਮੁੰਡੇ ਕੁੜੀਆਂ ਇਮਤਿਹਾਨ ਦਿੰਦੇ ਸਨ, ਉਹਨਾਂ ਵਿਚੋਂ ਹਰ ਰੋਜ਼ ਹੀ ਦੋ ਚਾਰ ਬੰਦੇ ਬੋਤਲਾਂ ਦੇ ਜਾਂਦੇ। ਇਸ ਸਾਰੇ ਪ੍ਰਬੰਧ ਦਾ ਜ਼ਿੰਮਾ ਤਰਸੇਮ ਲਾਲ ਕੋਲ ਸੀ। ਉਹ ਆਪ ਵੀ ਥੋੜ੍ਹੀ ਮੋਟੀ ਸ਼ਰਾਬ ਤਾਂ ਪੀ ਲੈਂਦਾ, ਪਰ ਮੀਟ ਨਹੀਂ ਖਾਂਦਾ ਸੀ। ਫੇਰ ਵੀ ਪੰਡਤ ਬਾਲਕ ਰਾਮ ਦਾ ਪੁੱਤਰ ਸੀ। ਪੂਰੀ ਨਕਲ ਵੱਜੀ।

ਪ੍ਰਸ਼ਨ ਪੱਤਰ ਵੰਡੇ ਜਾਣ ਤੋਂ ਦਸ ਮਿੰਟਾਂ ਬਾਅਦ ਸੁਪਡੈਂਟ ਸਾਹਿਬ, ਸੈਂਟਰ ਤੋਂ ਬਾਹਰ ਯੂਰੀਨਲ ਵਿਚ ਆਉਂਦੇ ਸਨ। ਦੋ ਮਿੰਟ ਪਿਸ਼ਾਬ ਕਰਨ ਦੇ ਬਹਾਨੇ ਖੜ੍ਹੇ ਰਹਿੰਦੇ। ਉਹਨਾਂ ਦੇ ਕੋਟ ਦੀ ਬਾਹਰਲੀ ਸੱਜੀ ਜੇਬ ਵਿਚ ਪ੍ਰਸ਼ਨ ਪੱਤਰ ਹੁੰਦਾ ਜਿਹੜਾ ਪਤਾ ਨਹੀਂ ਕੋਈ ਕਦੋਂ ਕੱਢ ਕੇ ਲੈ ਜਾਂਦਾ ਸੀ। ਉਹ ਅੱਧੇ ਘੰਟੇ ਜਾਂ ਪੌਣੇ ਘੰਟੇ ਬਾਅਦ ਫੇਰ ਬਾਹਰ ਆਉਂਦੇ। ਦੋ ਮਿੰਟ ਪਿਸ਼ਾਬ ਕਰਨ ਦੇ ਬਹਾਨੇ ਖੜ੍ਹੇ ਰਹਿੰਦੇ। ਫੇਰ ਪਤਾ ਨਹੀਂ ਕੌਣ ਉਹਨਾਂ ਦੇ ਕੋਟ ਦੀਆਂ ਦੋਵੇਂ ਜੇਬਾਂ ਹਲ ਕੀਤੀਆਂ ਪਰਚੀਆਂ ਨਾਲ ਭਰ ਜਾਂਦਾ। ਉਹ ਸੈਂਟਰ ਅੰਦਰ ਕੁਰਸੀ ਉੱਤੇ ਜਾ ਬੈਠਦੇ ਅਤੇ ਪਤਾ ਨਹੀਂ ਕਿਹੜਾ ਬੰਦਾ ਉਹਨਾਂ ਦੀਆਂ ਦੋਵੇਂ ਜੇਬਾਂ ਖਾਲੀ ਕਰ ਜਾਂਦਾ ਅਤੇ ਫੇਰ ਅਮਨ ਸ਼ਾਂਤੀ ਨਾਲ ਸੈਂਟਰ ਦਾ ਕਾਰੋਬਾਰ ਚੱਲਣ ਲਗਦਾ। ਹਰ ਵਿਦਿਆਰਥੀ ਨੂੰ ਮਾਲ ਪਹੁੰਚਦਾ। ਸਰਦਾਰਗੜ੍ਹ ਦੇ ਸੈਂਟਰ ਵਿਚ ਆਲੇ ਦੁਆਲੇ ਦੇ ਤਿੰਨ ਸਕੂਲ ਹੋਰ ਵੀ ਇਮਤਿਹਾਨ ਦੇ ਰਹੇ ਹੁੰਦੇ। ਉਹਨਾਂ ਦੀ ਬਾਸ਼ ਵੀ ਪਹੁੰਚੀ ਹੋਈ ਸੀ। ਉਹਨਾਂ ਦੇ ਵਿਦਿਆਰਥੀਆਂ ਨੂੰ ਕਿਵੇਂ ਨਾ ਮਾਲ ਪਹੁੰਚਦਾ। ਡਿਊਟੀਆਂ ਵਾਲੇ ਮਾਸਟਰਾਂ ਨਾਲ ਵਿਦਿਆਰਥੀਆਂ ਦੇ ਮਾਪਿਆਂ ਨੇ ਜਿਹੜੇ ਗੁਪਤ ਸਬੰਧ ਬਣਾ ਰੱਖੇ ਸਨ, ਉਹਨਾਂ ਦਾ ਕਿਸੇ ਨਾਲ ਕੋਈ ਵਾਸਤਾ ਨਹੀਂ ਸੀ। ਇਹ ਉਹਨਾਂ ਦਾ ਆਪਣਾ ਮਾਮਲਾ ਸੀ। ਜਿਹੜਾ ਕਿਸੇ ਤੋਂ ਜਿੰਨਾ ਕੰਮ ਲੈ ਲਿਆ, ਓਹੀ ਲਾਭਦਾਇਕ ਸੀ। ਇਕ ਵਾਰ ਤਾਂ ਧੰਨ ਧੰਨ ਹੋ ਗਈ ਸਰਦਾਰਗੜ੍ਹ ਦੇ ਸੈਂਟਰ ਦੀ। ਕਹਿੰਦੇ ਨੇ, ਸੁਪਡੈਂਟ ਦੇ ਘਰ ਦਾ ਚੁਬਾਰਾ ਉਸ ਸਾਲ ਸਰਦਾਰਗੜ੍ਹ ਦੇ ਸੈਂਟਰ ਵਿਚੋਂ ਬਣਿਆ ਸੀ।

''ਦੋਹਾਂ ਸਿਪਾਹੀਆਂ ਨੇ ਡਿਊਟੀ ਪੂਰੀ ਨਿਭਾਈ ਬਈ, ਚਿੜੀ ਨ੍ਹੀ ਫਟਕਣ ਦਿੱਤੀ।'' ਕੋਈ ਆਖ ਰਿਹਾ ਸੀ।

''ਜੱਗ 'ਚ ਉਹਨਾਂ ਦਾ ਹਿੱਸਾ ਕੋਈ ਘੱਟ ਨ੍ਹੀ ਸੀ। ਸੈਂਟਰ ਖਤਮ ਹੁੰਦੇ ਈ ਬੋਤਲ ਮਿਲ ਜਾਂਦੀ। ਉਹ ਤਾਂ ਇਕ ਬੋਤਲ ਦੀ ਮਾਰ ਸੀ ਵਚਾਰੇ। ਸ਼ਰੀਫ ਬੜੇ ਸੀ'' ਦੂਜਾ ਕੋਈ

Scanned by CamScanner

ਗਲ ਦੀ ਹਾਮੀ ਭਰਦਾ।

ਗਿਆਨੀ ਮਾਸਟਰ ਆਖਦਾ ਫਿਰਦਾ, ''ਪਹਿਲਾਂ ਤਾਂ ਸਾਰਾ ਸਾਲ ਮਾਸਟਰ ਕਲਾਸ ਨ੍ਹੀ ਲੈਂਦੇ, ਫੇਰ ਨਕਲਾਂ 'ਤੇ ਹੋ ਜਾਂਦੇ ਨੇ। ਇਹ ਕੋਈ ਚੰਗੀ ਗੱਲ ਐ?''

ਜਿੰਨੇ ਦਿਨ ਸੈਂਟਰ ਚੱਲਿਆ, ਬੀਰਬਲ ਦਾਸ ਮੈਡੀਕਲ ਲੀਵ 'ਤੇ ਰਿਹਾ। ਉਹਦੇ ਕੋਲੋਂ ਇਹ ਵਰਤਾਰਾ ਝੱਲਿਆ ਨਹੀਂ ਗਿਆ ਸੀ। ਜਿਸ ਦਿਨ ਉਹ ਮੁੜਕੇ ਸਕੂਲ ਆਇਆ ਅਤੇ ਹਾਜ਼ਰੀ ਰਜਿਸਟਰ ਵਿਚ ਦਸਖ਼ਤ ਕਰ ਰਿਹਾ ਸੀ, ਹੈਡਮਾਸਟਰ ਉਹਦੇ ਨਾਲ ਮਿੰਨ੍ਹਾ-ਮਿੰਨ੍ਹਾ ਗੁੱਸੇ ਹੋਇਆ, ''ਜਦੋਂ ਥੋਡੀ ਲੋੜ ਸੀ, ਮਾਸਟਰ ਜੀ, ਤੁਸੀਂ ਘਰ ਬਹਿ ਗੇ ਜਾਕੇ। ਐਥੇ ਭੈਣ ਚੋਦ ਅਲਜਬਰਾ ਜੁਮੈਟਰੀ ਸਾਨੂੰ ਕਿੱਥੇ ਆਉਂਦਾ ਸੀ। ਬਾਹਰਲੇ ਸਕੂਲਾਂ ਦੇ ਮਾਸਟਰਾਂ ਨੇ ਢਾਹ-ਭੰਨ ਕੀਤੀ ਕੁਸ਼, ਤਾਂ ਕਿਤੇ ਜਾ ਕੇ ਗੱਲ ਬਣੀ।''

''ਏਸੇ ਕਰਕੇ ਤਾਂ ਮੈਂ ਆਇਆ ਨ੍ਹੀ, ਹੈਡ ਮਾਸਟਰ ਸਾਅਬ, ਤੁਸੀਂ ਜਾਣਦੇ ਈ ਓਂ। ਆਪਾਂ ਤਾਂ ਬਸ ਕਲਾਸ ਪੜ੍ਹਾਈ ਐ। ਸਟੂਡੈਂਟਾਂ ਨੂੰ ਸਭ ਪਤੈ।'' ਬੀਰਬਲ ਦਾਸ ਹਸਦਾ ਹਸਦਾ ਜਵਾਬ ਦੇ ਗਿਆ।

ਦਸਵੀਂ ਦਾ ਨਤੀਜਾ ਨਿਕਲਿਆ ਤਾਂ ਦੋ ਮੁੰਡੇ ਫੇਲ੍ਹ ਸਨ। ਤੇਤੀਆਂ ਵਿਚੋਂ ਪੰਦਰਾਂ ਮੁੰਡੇ ਕੁੜੀਆਂ ਦੀ ਫਸਟ ਡਵੀਜ਼ਨ ਸੀ। ਦਸ ਮੁੰਡੇ ਸੈਕੰਡ ਡਵੀਜ਼ਨ ਵਿਚ ਪਾਸ ਹੋਏ। ਅੱਠ ਦੀ ਥਰਡ ਡਵੀਜ਼ਨ। ਦੋ ਮੁੰਡੇ ਉਹ ਫੇਲ੍ਹ ਹੋਏ ਜਿਹਨਾਂ ਦੀਆਂ ਸਭ ਤੋਂ ਵੱਧ ਹਾਜ਼ਰੀਆਂ ਸਨ। ਤਰਸੇਮ ਲਾਲ ਦਾ ਮੁੰਡਾ ਸਭ ਤੋਂ ਵੱਧ ਨੰਬਰ ਲੈ ਕੇ ਫਸਟ ਡਵੀਜ਼ਨ ਵਿਚ ਪਾਸ ਹੋਇਆ ਸੀ। ਉਹਦੀ ਮਾਂ ਸੀਤਾ ਨੇ ਉਸ ਦਿਨ ਵੀ ਦੇਵੀ ਦੀ ਕੜਾਹੀ ਕੀਤੀ।

13

ਤਰਸੇਮ ਲਾਲ ਨੇ ਭਲੇ ਵੇਲਿਆਂ ਵਿਚ ਆਲਾ ਸਿੰਘ ਵਾਲੇ ਧਨੌਲਾ ਰੋਡ ਉੱਤੇ ਦਸ ਵਿਸਵੇ ਥਾਂ ਮੁੱਲ ਲੈ ਲਿਆ ਸੀ। ਉਹਨਾਂ ਦਿਨਾਂ ਵਿਚ ਤਾਂ ਪਲਾਟ ਕੌਡੀਆਂ ਦੇ ਭਾਅ ਮਿਲਦੇ ਹੁੰਦੇ। ਹੁਣ ਵਾਂਗ ਅੱਗ ਨਹੀਂ ਲੱਗੀ ਹੋਈ ਸੀ। ਹੁਣ ਤਾਂ ਪਲਾਟ ਐਨੇ ਮਹਿੰਗੇ ਸਨ, ਜਿਵੇਂ ਆਲਾ ਸਿੰਘ ਵਾਲਾ ਲੁਧਿਆਣਾ ਬਣਦਾ ਜਾ ਰਿਹਾ ਹੋਵੇ।

ਉਹਦੀ ਵਿਉਂਤ ਸੀ ਕਿ ਉਹ ਕਦੇ ਆਲਾ ਸਿੰਘ ਵਾਲੇ ਮਕਾਨ ਬਣਾ ਕੇ ਓਥੇ ਰਹਿਣ ਲੱਗੇਗਾ ਅਤੇ ਇੰਜ ਬਾਮ੍ਹਣ ਹੋਣ ਦੇ ਅਹਿਸਾਸ ਨੂੰ ਪਿੰਡ ਹੀ ਛੱਡ ਆਵੇਗਾ। ਉਹ ਨਹੀਂ ਚਾਹੁੰਦਾ ਸੀ ਕਿ ਉਹਦਾ ਲੜਕਾ ਸੁਰੇਸ਼ ਇਹਨਾਂ ਜੱਟਾਂ ਵਿਚ ਰਹੇ ਅਤੇ ਉਹਦੇ ਆਪਣੇ ਵਾਂਗ ਸਾਰੀ ਉਮਰ ਮੰਗ ਖਾਣੀ ਜਾਤ ਦਾ ਸੰਤਾਪ ਭੋਗੇ।

Scanned by CamScanner

ਜਦੋਂ ਸੁਰੇਸ਼ ਨੇ ਅੱਠਵੀਂ ਪਾਸ ਕੀਤੀ ਸੀ, ਉਸ ਤੋਂ ਅਗਲੇ ਸਾਲ ਹੀ ਤਰਸੇਮ ਨੇ ਫਿਰ ਤੁਰਕੇ ਹਾਊਸ ਲੋਨ ਪਾਸ ਕਰਵਾ ਲਿਆ ਸੀ ਅਤੇ ਆਲਾ ਸਿੰਘ ਵਾਲੇ ਆਪਣੇ ਪਲਾਟ ਵਿਚ ਮਕਾਨ ਵੀ ਬਣਵਾ ਲਿਆ। ਕੋਠੀ ਜਿਹਾ ਮਕਾਨ ਸੀ। ਤਿੰਨ ਪਾਸੇ ਪੰਜ ਪੰਜ ਫੁੱਟ ਥਾਂ ਛੱਡ ਕੇ ਕੰਧਾਂ ਕੱਢੀਆਂ ਸਨ। ਕਈ ਕਮਰੇ ਸਨ। ਪੰਜ ਵਿਸਵੇ ਵਿਚ ਪੂਰਾ ਛਤਾਅ ਸੀ। ਕਿਚਨ ਤੇ ਫਲੱਸ਼ ਨਵੇਂ ਢੰਗ ਦੇ ਬਣਵਾਏ। ਬਾਥ–ਰੂਮ ਜਿਵੇਂ ਪੂਰਾ ਕਮਰਾ ਹੋਵੇ। ਕਾਰ ਖੜ੍ਹਾਉਣ ਲਈ ਪੋਰਚ ਛੱਤਿਆ। ਉਹਦਾ ਸੁਪਨਾ ਸੀ ਕਿ ਸੁਰੇਸ਼ ਕੋਲ ਕਦੇ ਕਾਰ ਹੋਵੇਗੀ। ਦਸ ਵਿਸਵਿਆਂ ਦੀ ਚਾਰਦੀਵਾਰੀ ਪਹਿਲਾਂ ਕੀਤੀ ਹੋਈ ਸੀ। ਵੱਡਾ ਲੋਹੇ ਦਾ ਗੇਟ। ਇਕ ਸਾਲ ਦੇ ਅੰਦਰ ਅੰਦਰ ਹੀ ਇਹ ਸਭ ਹੋ ਗਿਆ ਅਤੇ ਮਕਾਨ ਉਹਨੇ ਕਿਰਾਏ ਉੱਤੇ ਚੜ੍ਹਾ ਦਿੱਤਾ। ਸੋਚਿਆ, ਜਦੋਂ ਕਦੇ ਆਪ ਰਿਹਾਇਸ਼ ਕੀਤੀ ਤਾਂ ਕਿਰਾਏਦਾਰ ਨੂੰ ਪਰ੍ਹੇ ਕਰ ਦਿਆਂਗੇ।

ਦਸਵੀਂ ਤੋਂ ਬਾਅਦ ਸੁਰੇਸ਼ ਨੂੰ ਆਲਾ ਸਿੰਘ ਵਾਲੇ ਦੇ ਦੇਸ਼ ਭਗਤ ਕਾਲਜ ਵਿਚ ਦਾਖਲ ਕਰਵਾ ਦਿੱਤਾ ਗਿਆ। ਤਰਸੇਮ ਉਹਨੂੰ ਮੈਡੀਕਲ ਦੇ ਸਬਜੈਕਟ ਦਿਵਾਉਣਾ ਚਾਹੁੰਦਾ ਸੀ। ਪਰ ਬੀਰਬਲ ਦਾਸ ਨੇ ਸਲਾਹ ਦਿੱਤੀ ਕਿ ਉਹ ਮੈਡੀਕਲ ਕਾਲਜ ਵਿਚ ਚੱਲ ਨਹੀਂ ਸਕੇਗਾ। ਉਹ ਸੁਰੇਸ਼ ਦੇ ਦਿਮਾਗ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਹੱਸਿਆ, ਹਰ ਬਾਪ ਚਾਹੁੰਦਾ ਹੈ ਕਿ ਉਹਦਾ ਮੁੰਡਾ ਡਾਕਟਰ ਬਣੇ ਜਾਂ ਇੰਜਨੀਅਰ । ਚੱਲ ਤੂੰ ਇਹਨੂੰ ਇੰਜਨੀਅਰ ਬਣਾ ਲੈ ਤੇ ਨਾਨ-ਮੈਡੀਕਲ ਦਿਵਾ ਦੇ। ਨਾਨ-ਮੈਡੀਕਲ ਵਿਚ ਚਲ ਪਵੇ ਤਾਂ ਵੀ ਗਨੀਮਤ ਸਮਝੀਂ। ਇਹਦੀ ਫਸਟ-ਡਵੀਜ਼ਨ ਵੀ ਪਰਖ ਲਈ ਜਾਵੇਗੀ। ਤਰਸੇਮ ਨੂੰ ਬੀਰਬਲ ਦਾਸ ਦੀ ਸਲਾਹ ਲੱਗੀ ਤਾਂ ਕੋਰੀ ਕਰਾਰੀ ਜਿਹੀ। ਪਰ ਉਹ ਉਹ ਦੀ ਕਦਰ ਕਰਦਾ ਸੀ।

ਸੁਰੇਸ਼ ਪਿੰਡੋਂ ਬੱਸ 'ਤੇ ਆਲਾ ਸਿੰਘ ਵਾਲੇ ਜਾਂਦਾ ਸੀ। ਦੁਪਹਿਰ ਨੂੰ ਬੱਸ 'ਤੇ ਹੀ ਮੁੜ ਆਉਂਦਾ। ਪਿੰਡ ਦੇ ਹੋਰ ਮੁੰਡੇ ਵੀ ਕਾਲਜ ਜਾਂਦੇ ਹਨ। ਦੁਪਹਿਰ ਦੀ ਥਾਂ ਕਦੇ ਕਦੇ ਆਥਣੇ ਪਿੰਡ ਵੜਦਾ। ਤਰਸੇਮ ਪੁੱਛਦਾ ਤਾਂ ਉਹ ਕੋਈ ਬਹਾਨਾ ਬਣਾਉਂਦਾ। ਉਦਾਸ ਜਿਹਾ ਰਹਿੰਦਾ ਸੀ। ਤਰਸੇਮ ਨੇ ਇਕ ਦਿਨ ਉਹਨੂੰ ਪੁੱਛਿਆ, ''ਪ੍ਰੋਫੈਸਰ ਜੋ ਪੜ੍ਹਾਉਂਦੇ ਨੇ ਕਲਾਸ 'ਚ, ਤੈਨੂੰ ਸਮਝ ਆ ਜਾਂਦੈ! ਤੇਰੇ ਪੱਲੇ ਪੈਂਦੈ ਕੁਸ਼?''

ਉਹਨੇ ਸਿਰ ਮਾਰ ਦਿੱਤਾ। ਕਹਿੰਦਾ, ''ਮੈਨੂੰ ਤਾਂ ਸਮਝ ਈ ਨ੍ਹੀ ਆਉਂਦਾ, ਉਹ ਕੀ ਬੋਲਦੇ ਨੇ?''

''ਅੰਗ੍ਰੇਜ਼ੀ ਆਲਾ ਪੀਰੀਅਡ ਵੀ ਸਮਝ 'ਚ ਨ੍ਹੀ ਆਉਂਦਾ?''

''ਨਾਂਹ। ਐਂ ਤਾਂ ਉਹ ਪੜ੍ਹਾਉਂਦਾ ਈ ਨ੍ਹੀ, ਜਿਮੇਂ ਤੁਸੀਂ ਸਾਨੂੰ ਦਸਮੀਂ 'ਚ

Scanned by CamScanner

ਪੜ੍ਹਾਉਂਦੇ ਹੁੰਦੇ।''

ਤਰਸੇਮ ਨੂੰ ਪਰੇਸ਼ਾਨੀ ਹੋਈ। ਕਹਿਣ ਲੱਗਿਆ, ''ਐਂ ਫੇਰ ਕਦੋਂ ਕੀਤੀ ਪਾਸ ਤੂੰ ਪ੍ਰੈੱਪ?''

ਮੁੰਡਾ ਕਹਿੰਦਾ, ''ਮੇਰੀ ਟਿਊਸ਼ਨ ਰਖਾ ਦਿਓ, ਪਾਪਾ। ਸਾਰੇ ਮੁੰਡੇ ਟਿਊਸ਼ਨਾਂ 'ਤੇ ਜਾਂਦੇ ਨੇ।''

''ਠੀਕ ਐ, ਟਿਊਸ਼ਨ 'ਤੇ ਲਵਾ ਦਿੰਨੇ ਆਂ।''

ਤੇ ਫੇਰ ਉਹਨੇ ਸਕੂਲ ਵਿਚ ਸਾਥੀ ਅਧਿਆਪਕਾਂ ਕੋਲ ਗੱਲ ਤੋਰੀ। ਹੈਡ ਮਾਸਟਰ ਨਾਲ ਸਲਾਹ ਕੀਤੀ। ਬੀਰਬਲ ਦਾਸ ਨੇ ਸਲਾਹ ਦਿੱਤੀ ਕਿ ਚਾਰੇ ਸਬਜੈਕਟਾਂ ਦੇ ਦੋ ਦੋ ਮਹੀਨੇ ਲਵਾ ਦੇ। ਪ੍ਰੋਫੈਸਰ ਬਥੇਰੇ ਟਿਊਸ਼ਨਾਂ ਕਰਦੇ ਨੇ, ਐਨ ਟੱਲੀ ਬਣਾ ਦੇਣਗੇ। ਆਲਾ ਸਿੰਘ ਵਾਲੇ ਤੋਂ ਆਉਣ ਵਾਲੇ ਅਧਿਆਪਕਾਂ ਨੇ ਵੀ ਇਹੀ ਆਖਿਆ ਸੀ।

ਸੁਰੇਸ਼ ਹੁਣ ਪਹਿਲੀ ਬੱਸ ਜਾਂਦਾ। ਮੈਥ ਵਾਲਾ ਪ੍ਰੋਫੈਸਰ ਸਵੇਰੇ ਅੱਠ ਤੋਂ ਨੌ ਵਜੇ ਤੱਕ ਟਿਊਸ਼ਨ ਪੜ੍ਹਾਉਂਦਾ ਸੀ। ਸੀਤਾ ਉਹਨੂੰ ਤੜਕੇ ਹੀ ਪਰੌਂਠੇ ਪਕਾਕੇ ਦਿੰਦੀ। ਇਕ ਪਰੌਂਠਾ ਉਹ ਘਰ ਹੀ ਚਾਹ ਨਾਲ ਖਾ ਜਾਂਦਾ ਸੀ। ਦੋ ਪਰੌਂਠੇ ਨਾਲ ਲੈ ਜਾਂਦਾ। ਦੁਪਹਿਰ ਵੇਲੇ ਸਾਰੇ ਪੀਰੀਅਡ ਖਤਮ ਹੋਣ ਬਾਅਦ ਉੱਥੇ ਹੀ ਕਿਸੇ ਚਾਹ ਦੀ ਦੁਕਾਨ 'ਤੇ ਖਾ ਲੈਂਦਾ। ਮਗਰੋਂ ਆਪਣੇ ਦੋਸਤਾਂ ਮਿੱਤਰਾਂ ਕੋਲ ਕਿਧਰੇ ਬੈਠਾ ਰਹਿੰਦਾ। ਕਾਲਜ ਵਿਚ ਹੋਸਟਲ ਵੀ ਸੀ। ਹੋਸਟਲ ਦੇ ਮੁੰਡਿਆਂ ਕੋਲ ਚਲਿਆ ਜਾਂਦਾ। ਅੰਗ੍ਰੇਜ਼ੀ ਵਾਲਾ ਪ੍ਰੋਫੈਸਰ ਚਾਰ ਵਜੇ ਟਿਊਸ਼ਨ ਸ਼ੁਰੂ ਕਰਦਾ। ਉਹਦੇ ਕੋਲ ਇਕ ਘੰਟਾ ਲਾ ਕੇ ਸੁਰੇਸ਼ ਪਿੰਡ ਆ ਜਾਂਦਾ। ਆਉਣ ਸਾਰ ਦੁਪਹਿਰ ਦੀ ਬਚੀ ਪਈ ਕੋਈ ਰੋਟੀ ਖਾਂਦਾ। ਚਾਹ ਪੀਂਦਾ ਅਤੇ ਸੌਂ ਜਾਂਦਾ। ਸੀਤਾ ਉਹਨੂੰ ਜਗਾਉਂਦੀ ਨਹੀਂ ਸੀ, ਅਖੇ ''ਸਾਰੇ ਦਿਨ ਦਾ ਮੇਰਾ ਪੁੱਤ ਥੱਕਿਆ ਆਇਐ। ਓਥੇ ਦਮਾਕ ਲਾਉਂਦੈ।''

ਤਰਸੇਮ ਕਦੇ ਕਦੇ ਉਹਨੂੰ ਪੁੱਛਦਾ, ''ਹੁਣ ਟਿਊਸ਼ਨ ਤੇ ਤਾਂ ਪੈਂਦੈ ਕੁਸ ਪਿੜ ਪੱਲੇ?''

ਉਹ ਜਵਾਬ ਦਿੰਦਾ, ''ਹਾਂ, ਹੁਣ ਤਾਂ ਪੂਰਾ ਸਮਝ 'ਚ ਆਉਂਦੈ।'' ਉਹ ਮੈਥ ਵਾਲੇ ਗੰਜੇ ਪ੍ਰੋਫੈਸਰ ਦੀਆ ਤਾਰੀਫਾਂ ਕਰਨ ਲਗਦਾ। ਅੰਗ੍ਰੇਜ਼ੀ ਵਾਲਾ ਵੀ ਬਹੁਤ ਪਿਆਰ ਨਾਲ ਪੜ੍ਹਾਉਂਦਾ ਸੀ। ਅਖੇ –''ਚੁਟਕਲੇ ਬੜੇ ਸੁਣਾਉਂਦੈ।''

''ਤੁਸੀਂ ਤਾਂ ਫੇਰ ਉਹਦੇ ਚੁਟਕਲੇ ਸੁਣਨ ਜਾਂਦੇ ਹੋਵੋਂਗੇ, ਪੜ੍ਹਦੇ ਕਿਹੜਾ ਓਂ?'' ਤਰਸੇਮ ਹੱਸਣ ਲਗਦਾ।

Scanned by CamScanner

''ਨਹੀਂ ਪਾਪਾ, ਐਂ ਨ੍ਹੀ। ਉਹ ਪੜ੍ਹਾਉਂਦਾ ਵੀ ਬਹੁਤ ਐ। ਕਦੇ ਕਦੇ ਉਹਦੀ ਮੈਡਮ ਵੀ ਪੜ੍ਹਾ ਦਿੰਦੀ ਐ।''

''ਉਹ ਵੀ ਪ੍ਰੋਫੈਸਰ ਐ?''

''ਨਹੀਂ, ਊਂ ਪੜ੍ਹੀ ਹੋਈ ਐ।''

ਮੈਥ ਤੇ ਅੰਗ੍ਰੇਜ਼ੀ ਦੇ ਤਿੰਨ-ਤਿੰਨ ਮਹੀਨੇ ਲਾ ਕੇ ਫੇਰ ਉਹਨੇ ਫਿਜ਼ਿਕਸ ਤੇ ਕਮਿਸਟਰੀ ਦੀ ਟਿਊਸ਼ਨ ਰੱਖ ਲਈ। ਹੁਣ ਉਹ ਸਵੇਰੇ ਪਹਿਲੀ ਬੱਸ ਨਹੀਂ ਜਾਂਦਾ ਸੀ। ਸਰਦੀਆਂ ਵੀ ਉੱਤਰ ਆਈਆਂ ਸਨ। ਸ਼ਾਮ ਨੂੰ ਕਾਲਜ ਟਾਈਮ ਤੋਂ ਬਾਅਦ ਫਿਜ਼ਿਕਸ ਤੇ ਕਮਿਸਟਰੀ ਦੇ ਪ੍ਰੋਫੈਸਰਾਂ ਕੋਲ ਘੰਟਾ-ਘੰਟਾ ਜਾਂਦਾ। ਖਾਸਾ ਆਥਣ ਹੋ ਚੁੱਕਿਆ ਹੁੰਦਾ। ਕਦੇ ਕਦੇ ਤਾਂ ਉਹ ਆਖਰੀ ਬੱਸ ਲੈ ਕੇ ਪਿੰਡ ਪਹੁੰਚਦਾ। ਸਵੇਰੇ-ਸਵੇਰੇ ਘਰੋਂ ਰੋਟੀ ਖਾ ਕੇ ਨਿਕਲਦਾ ਸੀ। ਫੇਰ ਸਾਰਾ ਦਿਨ ਆਲਾ ਸਿੰਘ ਵਾਲੇ ਚਾਹਾਂ ਚੂਹਾਂ ਪੀਂਦਾ ਰਹਿੰਦਾ। ਭੁੱਖ ਲਗਦੀ ਤਾਂ ਚਾਹ ਨਾਲ ਕੋਈ ਮੱਠੀ ਆਦਿ ਖਾ ਲੈਂਦਾ। ਫਿਜ਼ਿਕਸ-ਕਮਿਸਟਰੀ ਦੇ ਤਿੰਨ ਮਹੀਨੇ ਪੂਰੇ ਕਰਕੇ ਉਹ ਮਸਾਂ ਇਕ ਅੱਧ ਮਹੀਨਾ ਹੀ ਕਾਲਜ ਗਿਆ ਹੋਵੇਗਾ ਕਿ ਕਲਾਸਾਂ ਫਰੀਅ ਹੋ ਗਈਆਂ।

ਦਸੰਬਰ-ਟੈਸਟ ਵਿਚ ਉਹਨੇ ਚਾਰਾਂ ਸਬਜੈਕਟਾਂ ਵਿਚ ਥੋੜ੍ਹੇ-ਥੋੜ੍ਹੇ ਨੰਬਰ ਲਏ ਸਨ। ਪ੍ਰਿੰਸੀਪਲ ਤਾਂ ਉਹਦੀ ਫੀਸ ਵੀ ਨਹੀਂ ਭੇਜ ਰਿਹਾ ਸੀ। ਪਰ ਤਰਸੇਮ ਲਾਲ ਇਕ ਦਿਨ ਆਪ ਕਾਲਜ ਆਇਆ ਅਤੇ ਸੁਰੇਸ਼ ਦੇ ਟਿਊਸ਼ਨ ਵਾਲੇ ਪ੍ਰੋਫੈਸਰਾਂ ਦੀ ਮੱਦਦ ਨਾਲ ਉਹਦੀ ਫੀਸ ਚਲੀ ਗਈ। ਉਹ ਬੜਾ ਦੁੱਖੀ ਸੀ ਕਿ ਟਿਊਸ਼ਨ ਦੇ ਐਨੇ ਐਨੇ ਪੈਸੇ ਦੇ ਕੇ ਵੀ ਮੁੰਡੇ ਨੇ ਨੰਬਰ ਕਿੰਨੇ ਥੋੜੇ ਲਏ। ਸਾਲੀ ਫੀਸ ਮਸਾਂ ਗਈ ਐ। ਪ੍ਰੋਫੈਸਰਾਂ ਨੇ ਪੈਸੇ ਹੀ ਜੇਬਾਂ ਵਿਚ ਪਾਏ। ਪੜ੍ਹਾਇਆ ਕੀ? ਫੇਰ ਉਹਨੂੰ ਪਤਾ ਲੱਗਿਆ ਕਿ ਪ੍ਰਿੰਸੀਪਲ ਐਵੇਂ ਇਕ ਝਟਕਾ ਜਿਹਾ ਦਿੰਦਾ ਹੁੰਦੈ। ਫੀਸ ਸਭ ਦੀ ਚਲੀ ਜਾਂਦੀ ਹੈ।

ਪੇਪਰਾਂ ਤੱਕ ਸੁਰੇਸ਼ ਘਰ ਹੀ ਕਾਪੀਆਂ ਖੋਲ੍ਹਕੇ ਬੈਠਾ ਰਹਿੰਦਾ। ਟਿਊਸ਼ਨ ਵਾਲੇ ਪ੍ਰੋਫੈਸਰਾਂ ਨੇ ਜਿਹੜੇ ਨੋਟਸ ਬਣਾਕੇ ਦਿੱਤੇ ਸਨ, ਉਹਨਾਂ ਨੂੰ ਯਾਦ ਕਰਦਾ। ਪੇਪਰ ਹੋ ਗਏ। ਸੁਰੇਸ਼ ਨਿਰਾਸ਼ ਸੀ ਕਿ ਦਸਵੀਂ ਦੇ ਪੇਪਰਾਂ ਵਾਂਗ ਇਥੇ ਕਾਲਜ ਵਿਚ ਉਹਨੂੰ ਕਿਸੇ ਨੇ ਪੁੱਛਿਆ ਨਹੀਂ।

ਰਿਜ਼ਲਟ ਨਿੱਕਲਣ ਤੱਕ ਤਰਸੇਮ ਮਨ ਵਿਚ ਸਲਾਹਾਂ ਜਿਹੀਆਂ ਕਰਦਾ ਰਹਿੰਦਾ ਕਿ ਜੇ ਸੁਰੇਸ਼ ਵਧੀਆ ਨੰਬਰ ਲੈ ਗਿਆ ਤਾਂ ਉਹਨੂੰ ਕਿਹੜੇ ਇੰਜਨੀਅਰਿੰਗ ਕਾਲਜ ਵਿਚ ਦਾਖਲ ਕਰਵਾਇਆ ਜਾਵੇ। ਸੁਰੇਸ਼ ਆਖਦਾ ਕਿ ਉਹਦੇ ਪੇਪਰ ਵਧੀਆ ਹੋਏ ਹਨ। ਪਰ ਰਿਜ਼ਲਟ ਨਿੱਕਲਿਆ ਤਾਂ ਸਾਰੀਆਂ ਬਾਜ਼ੀਆਂ ਪੁੱਠੀਆਂ ਪੈ ਗਈਆਂ। ਸੁਰੇਸ਼ ਚਾਰਾਂ

Scanned by CamScanner

ਸਬਜੈਕਟਾਂ ਵਿਚੋਂ ਫੇਲ੍ਹ ਸੀ। ਸਿਰਫ ਇਕ ਪੰਜਾਬੀ ਵਿਚੋਂ ਪਾਸ। ਤਰਸੇਮ ਦਾ ਜੀਅ ਕਰਦਾ ਕਿ ਉਹ ਕੰਧਾਂ ਨਾਲ ਟੱਕਰਾਂ ਮਾਰੇ। ਉਹ ਚਾਹੁੰਦਾ ਕੀ ਸੀ ਅਤੇ ਹੋਇਆ ਕੀ? ਇਹ ਛੇ ਮਹੀਨੇ ਟਿਊਸ਼ਨਾਂ 'ਤੇ ਰਿਹਾ। ਓਥੇ ਜਾ ਕੇ ਕੁਤੜਾ ਕਰਦਾ ਕੀ ਸੀ? ਉਹਦਾ ਮਨ ਕਰਦਾ ਕਿ ਉਹ ਚਾਰਾਂ ਪ੍ਰੋਫੈਸਰਾਂ ਦੇ ਜਾ ਕੇ ਗੋਲੀ ਮਾਰੇ। ਕਦੇ ਉਹਦਾ ਮਨ ਕਰਦਾ ਕਿ ਉਹ ਸੁਰੇਸ਼ ਦੇ ਹੀ ਕਿਉਂ ਨਾ ਗੋਲੀ ਮਾਰੇ। ਇਹੋ ਜਿਹੀ ਔਲਾਦ ਨਾਲੋਂ ਤਾਂ ਉਹ ਔਂਤ ਚੰਗਾ ਸੀ। ਸੁਰੇਸ਼ ਨੇ ਉਹਦੀਆਂ ਸਾਰੀਆਂ ਆਸਾਂ ਉੱਤੇ ਪਾਣੀ ਫੇਰ ਦਿੱਤਾ ਸੀ। ਦਸਵੀਂ ਦੇ ਇਮਤਿਹਾਨਾਂ ਵੇਲੇ ਜਿਹੜਾ ਉਹਨੇ ਨਕਲ ਦਾ ਐਡਾ ਅਡੰਬਰ ਰਚਿਆ ਸੀ, ਉਹ ਫਜ਼ੂਲ ਸੀ। ਬੀਰਬਲ ਠੀਕ ਆਖਦਾ ਹੁੰਦਾ। ਸੁਰੇਸ਼ ਨੂੰ ਨਕਲ ਮਰਵਾ ਕੇ ਦਸਵੀਂ ਵਿਚੋਂ ਫਸਟ ਡਵੀਜ਼ਨ ਦਿਵਾਈ, ਇਕ ਭੁਲੇਖਾ ਖੜ੍ਹਾ ਕੀਤਾ। ਉਹ ਗਾਲਾਂ ਕੱਢਣ ਲੱਗਦਾ, ਤੜਫਦਾ, ''ਇਹ ਮਾਂ ਚੋਦ ਇਹਨਾਂ ਜੱਟਾਂ 'ਚ ਈ ਫਸਿਆ ਰਹੂਗਾ, ਇਹ ਨ੍ਹੀ ਗਾਹਾਂ ਤੁਰਦਾ।''

ਉਹ ਸੁਰੇਸ਼ ਨੂੰ ਕੁਝ ਵੀ ਨਾ ਆਖ ਸਕਿਆ। ਉਹਨੂੰ ਬੁਲਾਉਣਾ ਹੀ ਛੱਡ ਦਿੱਤਾ। ਸੀਤਾ ਉਹਦੇ ਦੁੱਖ ਨੂੰ ਜਾਣਦੀ ਸੀ। ਪਰ ਉਹ ਕੀ ਕਰਦੀ। ਉਹ ਮਾਂ ਸੀ। ਸੁਰੇਸ਼ ਨੂੰ ਚਾਰ ਦਿਨਾਂ ਲਈ ਉਹਨੇ ਨਾਨਕੇ ਭੇਜ ਦਿੱਤਾ। ਕਹਿੰਦੀ, ''ਜਾਹ, ਓਦੋਂ ਨੂੰ ਤੇਰੇ ਪਾਪਾ ਦਾ ਹਰਖ ਢੈਲਾ ਹੋ ਜੂ। ਫੇਰ ਸੋਚ ਲਾਂਗੇ, ਕੀ ਕਰੀਏ।''

ਨਾਨਕਿਆਂ ਤੋਂ ਆ ਕੇ ਸੁਰੇਸ਼ ਨੇ ਮਾਂ ਨੂੰ ਕਿਹਾ ਕਿ ਉਹਨੂੰ ਦੁਬਾਰਾ ਕਾਲਜ ਵਿਚ ਦਾਖਲਾ ਦਿਵਾ ਦਿੱਤਾ ਜਾਵੇ, ਉਹ ਪੜ੍ਹਨਾ ਚਾਹੁੰਦਾ ਹੈ। ਸੀਤਾ ਨੇ ਡਰਦੇ ਡਰਦੇ ਤਰਸੇਮ ਕੋਲ ਆਥਣੇ ਜਿਹੇ ਗੱਲ ਛੇੜੀ। ਉਹ ਭੱਜ ਕੇ ਪਿਆ, ''ਜਦੋਂ ਇਕ ਵਾਰੀ ਫੇਲ੍ਹ ਹੋ ਗਿਆ ਇਹ ਹੁਣ ਪਾਸ ਨਹੀਂ ਹੁੰਦਾ, ਚਾਹੇ ਦਸ ਵਾਰੀ ਦਾਖਲਾ ਦਿਵਾ ਦਿਓ। ਇਹਨੂੰ ਕਹਿ, ਕੋਈ ਹੋਰ ਕੰਮ ਕਰ ਲੈ, ਪੜ੍ਹਾਈ ਆਲਾ ਦਿਮਾਗ ਨ੍ਹੀ ਇਹਦਾ।''

''ਨਹੀਂ ਪਾਪਾ, ਮੈਨੂੰ ਆਰਟਸ ਦਿਵਾ ਦਿਓ। ਉਹ ਮੈਂ ਕਰ ਲੂੰ।'' ਸੁਰੇਸ਼ ਹੌਸਲੇ ਨਾਲ ਬੋਲਿਆ, ਝਿਜਕਿਆ ਨਹੀਂ।

''ਆਰਟਸ? ਆਰਟਸ ਪੜ੍ਹਕੇ ਕੀ ਕਰੇਂਗਾ। ਏਥੇ ਈ ਜਭਕਦਾ ਫਿਰੇਂਗਾ।''

''ਮੈਂ ਬੀ. ਏ. ਕਰੂੰਗਾ। ਫੇਰ ਕੋਈ ਕੋਰਸ ਕਰ ਲੂੰ।''

''ਚਲੋ ਜੀ, ਜੋ ਕਹਿੰਦੈ ਏਹੋ ਕਰਨ ਦਿਓ। ਜਦੋਂ ਆਪ ਕਹਿੰਦੈ ਹੁਣ। ਘਰੇ ਵਿਹਲਾ ਰਹਿ ਕੇ ਵੀ ਕੀ ਕਰੂ?'' ਸੀਤਾ ਨੇ ਪੋਲੇ ਬੋਲਾਂ ਵਿਚ ਜ਼ਬਾਨ ਖੋਲ੍ਹੀ।

''ਨਾਂਹ, ਮੇਰੇ ਕੋਲ ਪੈਸਾ ਨ੍ਹੀ ਹੈਗਾ, ਇਹਦੇ ਉੱਤੇ ਪੱਟਣ ਨੂੰ।'' ਤਰਸੇਮ ਹਰਖ ਨਾਲ ਭਰਿਆ ਪਿਆ ਸੀ।

Scanned by CamScanner

''ਹੋਰ ਫੇਰ ਕੀ ਕਰੂ ਏਹੇ? ਜ਼ਮੀਨ ਆਪਣੇ ਕੋਲ ਨ੍ਹੀ, ਬਈ ਵਾਹੀ ਕਰਲੇ। ਬਾਣੀਏ ਹੁੰਦੇ ਤਾਂ ਦੁਕਾਨ 'ਤੇ ਬਹਿ ਜਾਂਦਾ। ਬਾਮ੍ਹਣਾਂ ਆਲਾ ਕੰਮ ਵੀ ਨ੍ਹੀ ਕਰਦੇ ਆਪਾਂ।'' ਸੀਤਾ ਦਲੀਲਾਂ ਉੱਤੇ ਉੱਤਰ ਆਈ।

ਤਰਸੇਮ ਦਾ ਦਿਮਾਗ ਕੁਝ ਠੰਡਾ ਹੋਇਆ। ਉਹ ਅੰਦਰੇ-ਅੰਦਰ ਪਹਿਲਾਂ ਵੀ ਸੋਚ ਰਿਹਾ ਹੋਵੇਗਾ ਕਿ ਮੁੰਡੇ ਦਾ ਹੁਣ ਕੀ ਕੀਤਾ ਜਾਵੇ ਪਰ ਉਹ ਝੁਕਣਾ ਨਹੀਂ ਚਾਹੁੰਦਾ ਸੀ। ਸੁਰੇਸ਼ ਉਹਨੂੰ ਬੁਰਾ ਲੱਗ ਰਿਹਾ ਸੀ। ਕੁਝ ਦੇਰ ਚੁੱਪ ਰਹਿ ਕੇ ਉਹ ਬੋਲਿਆ, ''ਠੀਕ ਐ, ਦਾਖਲ ਕਰਵਾ ਦਿੰਨਾਂ। ਪਰ ਹੋਰ ਸਾਰਾ ਖਰਚ ਇਹ ਆਪ ਕਰੂ, ਕਿਤੋਂ ਕਰੇ। ਓਥੇ ਆਲਾ ਸਿੰਘ ਵਾਲੇ ਕੋਈ ਨਿੱਕੀ ਮੋਟੀ ਨੌਕਰੀ ਕਰ ਲੇ। ਮੈਂ ਇਹਨੂੰ ਕਿਤਾਬਾਂ ਨਹੀਂ ਲੈ ਕੇ ਦੇਣੀਆਂ। ਨਾ ਇਹਦੀ ਫੀਸ ਭਰਾਂ ਮੈਂ। ਉਹ ਆਪੇ ਕਰੇ।''

ਸੀਤਾ ਚੁੱਪ ਸੀ। ਸੁਰੇਸ਼ ਦਾ ਚਿਹਰਾ ਗੰਭੀਰ ਹੋ ਗਿਆ। ਉਹ ਬੋਲਿਆ, ''ਚੰਗਾ ਫੇਰ, ਨੌਕਰੀ ਕੋਈ ਦਿਵਾ ਦਿਓ ਮੈਨੂੰ। ਮੈਂ ਤਾਂ ਕਿਸੇ ਨੂੰ ਜਾਣਦਾ ਨ੍ਹੀ।''

''ਠੀਕ ਐ। ਤੜਕੇ ਚੱਲਾਂਗੇ ਆਲਾ ਸਿੰਘ ਆਲੇ। ਦਾਖਲ ਕਰਵਾ ਦਿੰਨਾਂ ਤੈਨੂੰ।''

ਸੀਤਾ ਦਾ ਚਿਹਰਾ ਖਿੜ ਉੱਠਿਆ। ਚੁੰਨੀ ਨਾਲ ਮੂੰਹ ਪੂੰਝ ਕੇ ਉਹ ਬੋਲੀ, ''ਬੱਸ, ਰਾਜ਼ੀ ਐਂ ਹੁਣ? ਤੜਕੇ ਵਗ ਜਿਓ ਪਿਓ-ਪੁੱਤ। ਹੋ ਜਾ ਦਾਖਲ।''

ਸੁਰੇਸ਼ ਜ਼ਿੰਮੇਵਾਰੀ ਦੇ ਅਹਿਸਾਸ ਵਿਚ ਥੱਲੇ ਲਹਿ ਗਿਆ ਸੀ। ਉਹ ਹੱਸਿਆ ਨਹੀਂ। ਚੁੱਪ ਕਰਕੇ ਹੀ ਏਧਰ-ਓਧਰ ਕਿਧਰੇ ਹੋ ਗਿਆ। ਤਰਸੇਮ ਖਾਸੀ ਰਾਤ ਤੱਕ ਸੋਚਦਾ ਰਿਹਾ ਕਿ ਸੁਰੇਸ਼ ਨੂੰ ਆਲਾ ਸਿੰਘ ਵਾਲੇ ਕਿਹੜੇ ਕੰਮ ਉੱਤੇ ਲਗਵਾਇਆ ਜਾਵੇ। ਕੰਮ ਬਹੁਤਾ ਔਖਾ ਵੀ ਨਾ ਹੋਵੇ ਅਤੇ ਉਹ ਆਪਣਾ ਖਰਚ ਵੀ ਕੱਢ ਸਕੇ। ਉਹ ਮੁੰਡੇ ਨੂੰ ਸਬਕ ਜ਼ਰੂਰ ਸਿਖਾਉਣਾ ਚਾਹੁੰਦਾ ਸੀ। ਸਾਲਾ ਮੇਰਾ ਪੈਸੇ ਬਰਬਾਦ ਕਰਕੇ ਟਿਊਸ਼ਨਾਂ ਤੇ ਫੇਲ੍ਹ ਹੋ ਕੇ ਬਹਿ ਗਿਆ।

ਅਗਲੇ ਦਿਨ ਉਹ ਆਲਾ ਸਿੰਘ ਵਾਲੇ ਗਏ ਅਤੇ ਸੁਰੇਸ਼ ਪ੍ਰੈੱਪ ਵਿਚ ਦੁਬਾਰਾ ਦਾਖਲ ਹੋ ਗਿਆ। ਸਬਜੈਕਟ ਆਰਟਸ ਦੇ ਭਰ ਦਿੱਤੇ। ਤੇ ਫੇਰ ਉਹ ਸੁਰੇਸ਼ ਨੂੰ ਲੈ ਕੇ ਭਗਤ ਰਾਮ ਦੀ ਦੁਕਾਨ ਉੱਤੇ ਆ ਗਿਆ। ਭਗਤ ਰਾਮ ਇਕ ਸਕੂਲ ਵਿਚ ਉਹਦੇ ਨਾਲ ਪੜ੍ਹਾਉਂਦਾ ਹੁੰਦਾ। ਬੀ. ਏ. ਬੀ. ਐੱਡ. ਸੀ। ਦਿਮਾਗ ਦਾ ਬੜਾ ਤਿੱਖਾ। ਉਹਨੇ ਰਿਟਾਇਰ ਹੋਣ ਤੋਂ ਦਸ ਸਾਲ ਪਹਿਲਾਂ ਪੈਨਸ਼ਨ ਲੈ ਲਈ ਸੀ। ਹਿਸਾਬੀ ਕਿਤਾਬੀ ਬੰਦਾ ਸੀ। ਉਹਨੇ ਹਿਸਾਬ ਲਾਇਆ ਸੀ ਕਿ ਜਿੰਨੀ ਉਹਦੀ ਪੈਨਸ਼ਨ ਬਣੇਗੀ ਅਤੇ ਗ੍ਰੇਚਟੀ, ਕੰਮਿਊਟੇਸ਼ਨ ਤੇ ਪੀ. ਐਫ. ਦਾ ਸਾਰਾ ਪੈਸਾ ਬੈਂਕ ਵਿਚ ਜਮ੍ਹਾਂ ਕਰਵਾ ਕੇ ਜਿਹੜਾ

Scanned by CamScanner

ਬਿਆਜ ਮਿਲੇਗਾ, ਇਹ ਸਾਰਾ ਉਹਦੀ ਹੁਣ ਦੀ ਤਨਖਾਹ ਜਿੰਨਾ ਹੀ ਹੋਵੇਗਾ। ਫੇਰ ਕਿਉਂ ਨਾ ਪੈਨਸ਼ਨ ਲੈ ਕੇ ਕੋਈ ਹੋਰ ਕੰਮ ਕੀਤਾ ਜਾਵੇ। ਉਹਦਾ ਮੁੰਡਾ ਦਸਵੀਂ ਪਾਸ ਕਰ ਗਿਆ ਸੀ। ਉਹਨੇ ਮੁੰਡੇ ਨੂੰ ਵੀ ਅੱਗੇ ਨਹੀਂ ਪੜ੍ਹਾਇਆ। ਪਿਓ ਪੁੱਤ ਕੰਮ ਵਿਚ ਪੈ ਗਏ। ਹੁਣ ਇਸੇ ਕੰਮ ਵਿਚ ਉਹ ਲੱਖਾਂ ਵਿਚ ਖੇਡਦੇ ਸਨ।

ਕੰਮ ਕੀ ਸੀ? ਬਠਿੰਡੇ ਬਰੈੱਡ ਬਣਨ ਦੀ ਇਕ ਵੱਡੀ ਬੇਕਰੀ ਖੁੱਲ੍ਹੀ। ਲੱਖਾਂ ਰੁਪਿਆ ਖਰਚ ਕੀਤਾ ਸੀ ਅਗਲਿਆਂ ਨੇ। 'ਰਜ਼ੀਆ' ਨਾਂ ਦੀ ਇਸ ਬਰੈੱਡ ਦੀ ਅਖਬਾਰਾਂ ਵਿਚ ਅਤੇ ਟੈਲੀਵਿਜ਼ਨ ਉੱਤੇ ਬਹੁਤ ਇਸ਼ਤਿਹਾਰਬਾਜ਼ੀ ਸੀ। ਉਹ ਲੋਕ ਮੌਜੂਦਾ ਤੌਰ-ਤਰੀਕੇ ਸਭ ਜਾਣਦੇ ਸਨ। ਪਹਿਲਾਂ ਨੇੜੇ-ਤੇੜੇ ਦੇ ਸ਼ਹਿਰਾਂ ਅਤੇ ਵੱਡੇ ਕਸਬਿਆਂ ਵਿਚ ਬ੍ਰੈੱਡ ਨਮੂਨੇ ਵਜੋਂ ਮੁਫ਼ਤ ਭੇਜਦੇ ਰਹੇ। ਫੇਰ ਥੋੜ੍ਹੀ ਕੀਮਤ ਉੱਤੇ ਸਪਲਾਈ ਕਰਨ ਲਗੇ। ਹੁਣ ਹਾਲ ਇਹ ਸੀ ਕਿ ਇਹਨਾਂ ਚਾਰ ਪੰਜ ਜ਼ਿਲ੍ਹਿਆਂ ਵਿਚ ਦੂਰ ਤੱਕ ਉਹਨਾਂ ਦੀ ਬ੍ਰੈੱਡ ਜਾਂਦੀ ਸੀ। ਟਰੱਕਾਂ ਦੇ ਟਰੱਕ ਆਥਣ ਨੂੰ ਤੁਰਦੇ। ਆਲਾ ਸਿੰਘ ਵਾਲੇ ਭਗਤ ਰਾਮ ਕੋਲ 'ਰਜ਼ੀਆ' ਦੀ ਏਜੰਸੀ ਸੀ। ਉਹਨਾਂ ਦੀ ਦੁਕਾਨ ਉੱਤੇ 'ਰਜ਼ੀਆ' ਦਾ ਹੀ ਬੋਰਡ ਲੱਗਿਆ ਹੋਇਆ ਸੀ। ਸਾਰੇ ਸ਼ਹਿਰ ਵਿਚ 'ਰਜ਼ੀਆ' ਸਪਲਾਈ ਹੁੰਦੀ। ਮੁੰਡੇ ਰੱਖੇ ਹੋਏ ਸਨ। ਸਕੂਟਰੀਆਂ ਲੱਦ ਕੇ ਤੜਕੇ ਹੀ ਤੁਰ ਜਾਂਦੇ ਅਤੇ ਚਾਹ ਤੇ ਬਸਾਤੀ ਦੀਆਂ ਦੁਕਾਨਾਂ 'ਤੇ ਲੋੜ ਮੁਤਾਬਕ ਦਿੰਦੇ।

ਰਾਮ ਰਮਈਆ ਕਰਕੇ ਤਰਸੇਮ ਨੇ ਬੈਠਣ ਸਾਰ ਗੱਲ ਛੇੜੀ, ''ਭਗਤ ਰਾਮ, ਇਹ ਮੁੰਡੇ ਆਪਣਾ। ਇਹਨੂੰ ਆਪਾਂ ਕੰਮ 'ਤੇ ਲਾਉਣੈ। ਇਹਨੂੰ ਦਸ-ਵੀਹ ਦੁਕਾਨਾਂ ਦੇ ਦੇ।''

''ਤੇਰਾ ਮੁੰਡੈ?'' ਭਗਤ ਰਾਮ ਨੇ ਉਹਨੂੰ ਸਿਰ ਤੋਂ ਪੈਰਾਂ ਤੱਕ ਦੇਖਿਆ।

''ਹਾਂ, ਇਹੀ ਐ ਇੱਕੋ, ਸਵਾ ਲੱਖ ਖਾਲਸਾ।''

''ਉਹ ਤਾਂ ਠੀਕ ਐ, ਤਰਸੇਮ ਲਾਲ। ਇਹਨੂੰ ਕਿਉਂ ਪਾਉਨੈ ਏਸ ਕੰਮ 'ਚ। ਤੇਰੇ ਕੋਲ ਤਾਂ ਚੰਗੀ ਗੁੰਜ਼ੈਸ ਐ। ਕਿਸੇ ਹੋਰ ਕੰਮ 'ਚ ਪਾ, ਜੇ ਕੰਮ ਤੇ ਵੀ ਲਾਉਣੈ। ਇਹ ਪੜ੍ਹਦਾ ਨ੍ਹੀ?''

''ਪੜ੍ਹਦਾ ਵੀ ਐ।''

''ਫੇਰ ਕੀ ਕਮੀ ਪੈ ਗੀ ਬਈ?''

''ਇਹਨੂੰ ਸਿੱਧਾ ਕਰਨੈਂ। ਇਹਨੂੰ ਪਤਾ ਲੱਗ ਜੂ, ਪੈਸਾ ਕੀ ਚੀਜ਼ ਹੁੰਦੈ। ਕਿਵੇਂ ਕਮਾਇਆ ਜਾਂਦੈ।''

''ਆਹ ਗੱਲ ਐ। ਕਿਉਂ ਕਾਕਾ, ਸੁਣ ਲੀ ਆਵਦੇ ਪਾਪਾ ਜੀ ਦੀ ਗੱਲ?''

Scanned by CamScanner

ਭਗਤ ਰਾਮ ਨੇ ਮੁੰਡੇ ਨੂੰ ਫੇਰ ਜੋਹਿਆ। ਫੇਰ ਕਹਿਣ ਲੱਗਿਆ, ''ਇਕ ਗੱਲ ਐ ਤਰਸੇਮ ਲਾਲ ਸਾਡੇ ਕੋਲ ਤਾਂ ਮਜ੍ਹਬੀ-ਰਾਮਦਾਸੀਆਂ ਦੇ ਮੁੰਡੇ ਇਹ ਕੰਮ ਕਰਦੇ ਐ, ਤੁਸੀਂ ਤਾਂ ਯਾਰ.....।''

''ਅੱਜ ਦੀ ਘੜੀ ਤਾਂ ਸਭ ਤੋਂ ਭੈੜਾ ਆਂ ਮੈਂ। ਬੱਸ, ਇਹ ਗੱਲ ਫੇਰ ਕਰਾਂਗੇ।'' ਤਰਸੇਮ ਲਾਲ ਨੇ ਅੱਖਾਂ 'ਤੇ ਰੁਮਾਲ ਫੇਰਿਆ।

''ਯਾਰ, ਮੈਨੂੰ ਤਾਂ ਸ਼ਰਮ ਜੀ ਆਉਂਦੀ ਐ। ਆਪਾਂ 'ਕੱਠੇ ਪੜ੍ਹਾਉਂਦੇ ਰਹੇ ਐ।'' ਭਗਤ ਰਾਮ ਚਾਹੁੰਦਾ ਨਹੀਂ ਸੀ।

''ਨਹੀਂ, ਕੋਈ ਸ਼ਰਮ ਨ੍ਹੀ। ਬੋਲ, ਤੜਕੇ ਨੂੰ ਆ ਜੇ ਇਹੇ?''

''ਭੇਜਦੀਂ ਫੇਰ। ਮੁੰਡਾ ਨਾਲ ਜਾ ਕੇ ਦਸ ਬਾਰਾਂ ਦੁਕਾਨਾ ਦੱਸ ਆਊਗਾ। ਫੇਰ ਵਧਾ ਦਿਆਂਗੇ। ਮ੍ਹੀਨੇ ਦਾ ਦੋ ਸੌ ਦਿਆਂਗੇ।''

''ਬਹੁਤ ਐ, ਇਹਨੂੰ ਦੋ ਸੌ ਮੁੱਕਦਾ ਨਹੀਂ।''

ਐਨੇ ਨੂੰ ਚਾਹ ਦੇ ਤਿੰਨ ਗਿਲਾਸ ਆ ਚੁੱਕੇ ਸਨ। ਚਾਹ ਪੀ ਕੇ ਉਹ ਭਗਤ ਰਾਮ ਦਿਉਂ ਤੁਰ ਆਏ।

ਸੁਰੇਸ਼ ਸੂਰਜ ਚੜ੍ਹਨ ਤੋਂ ਪਹਿਲਾਂ ਸਾਈਕਲ ਉੱਤੇ ਆਲਾ ਸਿੰਘ ਵਾਲੇ ਪਹੁੰਚ ਜਾਂਦਾ। ਬੱਸ ਦਾ ਕੋਈ ਵਸਾਹ ਨਹੀਂ ਸੀ। ਕਦੇ ਲੇਟ ਆਉਂਦੀ ਤਾਂ ਉਹ ਰਜ਼ੀਆ ਤੋਂ ਬ੍ਰੈੱਡ ਚੁੱਕਣ ਲਈ ਪਛੜ ਜਾਂਦਾ ਸੀ। ਭਗਤ ਰਾਮ ਦਾ ਮੁੰਡਾ ਅੱਖਾਂ ਕੱਢਦਾ। ਨਾਲੇ ਦੁਕਾਨਾਂ ਉੱਤੇ ਜਾਣ ਲਈ ਸਾਈਕਲ ਵੀ ਚਾਹੀਦਾ ਹੁੰਦਾ। ਸਾਰੀਆਂ ਦੁਕਾਨਾ ਨਿਬੇੜਕੇ ਉਹ ਕਿਸੇ ਦੁਕਾਨ 'ਤੇ ਚਾਹ ਪੀਂਦਾ। ਮਿੱਠੀ ਬ੍ਰੈੱਡ ਖਾ ਕੇ ਸਵੇਰ ਦਾ ਨਾਸ਼ਤਾ ਕਰ ਲੈਂਦਾ। ਐਨੇ ਨੂੰ ਕਾਲਜ ਜਾਣ ਦਾ ਵੇਲਾ ਹੋ ਜਾਂਦਾ। ਉਹ ਦਿਲਚਸਪੀ ਨਾਲ ਪੜ੍ਹ ਰਿਹਾ ਸੀ। ਆਰਟਸ ਦੇ ਸਬਜੈਕਟ ਉਹਨੂੰ ਸੁਖਾਲੇ ਲਗਦੇ। ਉਹ ਧਿਆਨ ਵੀ ਦਿੰਦਾ ਸੀ।

ਬ੍ਰੈੱਡਾਂ ਦਾ ਕੰਮ ਕਰਦੇ ਨੂੰ ਉਹਨੂੰ ਚਾਰ ਮਹੀਨੇ ਹੋ ਚੁੱਕੇ ਸਨ। ਗੂੜ੍ਹਾ ਸਿਆਲ ਉੱਤਰ ਆਇਆ ਸੀ। ਪਰ ਉਹ ਪਾਲੇ ਦੀ ਪਰਵਾਹ ਨਾ ਕਰਦਾ। ਓਸੇ ਲਗਨ ਨਾਲ ਸਵੇਰੇ ਸਦੇਹਾਂ ਉਠਦਾ। ਆਪੇ ਪਾਣੀ ਗਰਮ ਕਰਦਾ, ਨ੍ਹਾ ਲੈਂਦਾ, ਆਪੇ ਚਾਹ ਬਣਾਉਂਦਾ ਅਤੇ ਪਹਿਲਾਂ ਵਾਂਗ ਹੀ ਤਿਆਰ ਹੋ ਕੇ ਆਲਾ ਸਿੰਘ ਵਾਲੇ ਚਲਿਆ ਜਾਂਦਾ। ਇਕ ਘਸਮੈਲੀ ਜਿਹੀ ਗਰਮ ਮੋਟੀ ਚਾਦਰ ਉਹਦੇ ਪਿੰਡੇ ਨੂੰ ਨਿੱਘ ਦਿੰਦੀ ਅਤੇ ਉਹ ਕਕਰੀਲੀ ਹਵਾ ਤੋਂ ਬਚਿਆ ਰਹਿੰਦਾ।

ਜਿਹੜਾ ਦੋ ਸੌ ਰੁਪਿਆ ਉਹਨੂੰ ਰਜ਼ੀਆ ਵਲੋਂ ਮਿਲਦਾ ਸੀ, ਉਹਦੇ ਵਿਚੋਂ ਉਹ

Scanned by CamScanner

ਅੱਸੀ ਨੱਬੇ ਰੁਪਏ ਹੀ ਖਰਚ ਕਰਦਾ, ਬਾਕੀ ਪੈਸੇ ਮਾਂ ਨੂੰ ਫੜਾ ਦਿੰਦਾ। ਏਦਾਂ ਸੀਤਾ ਕੋਲ ਉਹਦਾ ਚਾਰ ਪੰਜ ਸੌ ਰੁਪਿਆ ਜਮ੍ਹਾ ਹੋ ਚੁੱਕਿਆ ਸੀ। ਸੀਤਾ ਉਹ ਨੂੰ ਤਰਸੇਮ ਤੋਂ ਚੋਰੀਓਂ ਕੁਝ ਪੈਸੇ ਆਪਣੇ ਵਲੋਂ ਦੇ ਦਿੰਦੀ ਸੀ। ਫੇਰ ਵੀ ਪੁੱਤ ਸੀ। ਮਾਂ ਦਾ ਕਾਲਜਾ ਮਚਦਾ ਸੀ। ਉਹਨੂੰ ਮੁੰਡੇ ਉੱਤੇ ਤਰਸ ਆਉਂਦਾ ਕਿ ਉਹ ਐਨੀ ਠੰਡ ਵਿਚ ਸਦੇਹਾਂ ਉੱਠ ਕੇ ਸ਼ਹਿਰ ਜਾਂਦਾ ਹੈ। ਜੇ ਉਹਨੂੰ ਠੰਡ ਲੱਗ ਗਈ ਤਾਂ ਉਹ ਮੰਜੇ ਉੱਤੇ ਪਿਆ ਰਹੇਗਾ। ਜਿੰਨੇ ਕਮਾਉਂਦਾ ਹੈ, ਓਦੂੰ ਵੱਧ ਡਾਕਟਰ ਦੀਆਂ ਦਵਾਈਆਂ ਉੱਤੇ ਲੱਗ ਜਾਣਗੇ। ਕਿੰਨਾ ਔਖਾ ਹੁੰਦਾ ਹੈ। ਖੂਹ ਵਿਚ ਪੈ ਗਈਆਂ ਪੜ੍ਹਾਈਆਂ। ਮੁੰਡੇ ਦਾ ਨਾਸ ਮਾਰਿਆ ਪਿਆ ਹੈ। ਅੰਦਰੋਂ ਤਾਂ ਤਰਸੇਮ ਵੀ ਹੁਣ ਢਲ ਗਿਆ ਸੀ। ਉਹ ਵੀ ਮਹਿਸੂਸ ਕਰਦਾ। ਉਹਨੂੰ ਲਗਦਾ ਕਿ ਸੁਰੇਸ਼ ਹੁਣ ਅਸਲੀ ਰਾਹ ਉੱਤੇ ਆ ਗਿਆ ਹੈ। ਮਹੀਨਾ ਖਤਮ ਹੋਣ 'ਤੇ ਉਹਨੇ ਇਕ ਦਿਨ ਆਥਣੇ ਜਿਹੇ ਸੁਰੇਸ਼ ਨੂੰ ਪੁੱਛਿਆ, ''ਹੁਣ ਤਾਂ ਪਤਾ ਲੱਗ ਗਿਆ ਕਿ ਪੈਸਾ ਕੀ ਹੁੰਦੈ, ਇਹ ਕਿਵੇਂ ਬਣਦੈ?''

ਸੁਰੇਸ਼ ਮੁਸਕਰਾ ਰਿਹਾ ਸੀ।

''ਤੇਰੀ ਪੜ੍ਹਾਈ ਕਿਵੇਂ ਚੱਲ ਰਹੀ ਐ?''

''ਦਸੰਬਰ–ਟੈਸਟ ਵਿਚ ਮੈਂ ਸਾਰੇ ਸਬਜੈਕਟਾਂ 'ਚੋਂ ਪਾਸ ਆਂ।'' ਮੁੰਡੇ ਨੇ ਹੁੱਬ ਕੇ ਜਵਾਬ ਦਿੱਤਾ।

''ਹੁਣ ਫੇਰ ਬ੍ਰੈੱਡਾਂ ਦਾ ਕੰਮ ਬੰਦ ਕਰਦੇ।''

''ਕਿਉਂ ਪਾਪਾ?''

''ਬੱਸ ਤੈਨੂੰ ਦੱਸਣਾ ਸੀ ਕਿ ਪੈਸਾ ਕੀ ਹੁੰਦੈ।''

'ਪੇਪਰਾਂ ਦੀ ਫੀਸ ਜਿਹੜੀ ਜਾਣੀ ਆਂ, ਉਹ ਵੀ ਮੈਂ ਆਪ ਭਰੂੰ।''

''ਕਿਉਂ, ਤੇਰੇ ਕੋਲ ਕਿੱਥੋਂ ਆ'ਗੇ ਪੈਸੇ?''

''ਮਾਂ ਕੋਲ ਮੇਰੇ ਪੈਸੇ ਜਮ੍ਹਾਂ ਨੇ।''

ਸੁਰੇਸ਼ ਦੀਆਂ ਗੱਲਾਂ ਸੁਣ ਕੇ ਤਰਸੇਮ ਅੰਦਰੋਂ ਗਦ ਗਦ ਸੀ। ਬੋਲਿਆ, ''ਨਹੀਂ, ਉਹ ਪੈਸੇ ਰੱਖ ਤੂੰ। ਫੀਸ ਮੈਥੋਂ ਲੈ ਜਾ।''

ਸੁਰੇਸ਼ ਨੇ ਪ੍ਰੈੱਪ ਚੰਗੇ ਨੰਬਰਾਂ ਵਿਚ ਪਾਸ ਕਰ ਲਈ। ਸੈਕੰਡ ਡਵੀਜ਼ਨ ਤਾਂ ਨਹੀਂ ਬਣੀ ਪਰ ਵਾਹਵਾ ਨੰਬਰ ਸਨ। ਤਰਸੇਮ ਖੁਸ਼ ਸੀ ਕਿ ਚਲੋ, ਹੁਣ ਅੱਗੇ ਤਾਂ ਤੁਰਿਆ ਹੈ।

ਸੁਰੇਸ਼ ਨੇ ਬੀ. ਏ. ਦਾ ਪਹਿਲਾ ਭਾਗ ਫਸਟ ਡਵੀਜ਼ਨ ਵਿਚ ਪਾਸ ਕੀਤਾ। ਹੁਣ ਉਹ ਸਾਈਕਲ ਉੱਤੇ ਨਹੀਂ ਜਾਂਦਾ ਸੀ। ਬੱਸ ਤੇ ਜਾਂਦਾ। ਬੀ. ਏ. ਵਿਚ ਦਾਖਲਾ ਲੈ ਕੇ

Scanned by CamScanner

ਉਹਨੇ ਸਾਈਕਲ ਛੱਡ ਦਿੱਤਾ ਸੀ। ਸੰਕੋਚ ਨਾਲ ਖਰਚ ਕਰਦਾ। ਉਹਨੂੰ ਮਹਿੰਗੇ ਕੱਪੜੇ ਪਹਿਨਣ ਦਾ ਬਹੁਤਾ ਸ਼ੌਕ ਨਹੀਂ ਸੀ। ਨਾ ਹੀ ਦੁਕਾਨਾਂ ਉੱਤੇ ਖਾਣ ਪੀਣ ਦਾ ਕੋਈ ਲਾਲਚ ਨਹੀਂ। ਸਾਊ ਬਣ ਕੇ ਰਹਿੰਦਾ। ਕਾਲਜ ਤੋਂ ਬਾਅਦ ਸਿੱਧਾ ਪਿੰਡ ਆਉਂਦਾ। ਗਲਤ ਮੁੰਡਿਆਂ ਨਾਲ ਉੱਠਣ ਬੈਠਣ ਨਹੀਂ ਸੀ। ਉਹਨੇ ਬੀ. ਏ. ਫਾਈਨਲ ਤੱਕ ਕੋਈ ਟਿਊਸ਼ਨ ਨਹੀਂ ਰੱਖੀ। ਅੰਗ੍ਰੇਜ਼ੀ ਉਹਨੂੰ ਤਰਸੇਮ ਪੜ੍ਹਾਉਂਦਾ ਰਹਿੰਦਾ ਸੀ। ਬਾਕੀ ਵਿਸ਼ਿਆਂ ਦੀਆਂ ਕਿਤਾਬਾਂ ਪੰਜਾਬੀ ਵਿਚ ਸਨ। ਉਹਨਾਂ ਕਿਤਾਬਾਂ ਨੂੰ ਤਰਸੇਮ ਆਪ ਵੀ ਪੜ੍ਹਦਾ ਅਤੇ ਸੁਰੇਸ਼ ਨੂੰ ਸਮਝਾਉਣ ਬੈਠ ਜਾਂਦਾ। ਗਾਈਡਾਂ ਵੀ ਸੁਰੇਸ਼ ਦਾ ਵੱਡਾ ਸਹਾਰਾ ਸਨ। ਬੀ. ਏ. ਫਾਈਨਲ ਵਿਚ ਵੀ ਸੁਰੇਸ਼ ਦੀ ਫਸਟ ਡਵੀਜ਼ਨ ਸੀ।

14

ਬੀ. ਏ. ਤੋਂ ਬਾਅਦ ਸੁਰੇਸ਼ ਬਾਰੇ ਸੋਚਿਆ ਗਿਆ ਕਿ ਉਹਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕਿਸੇ ਐਮ. ਏ. ਵਿਚ ਦਾਖਲ ਕਰਵਾ ਦਿੱਤਾ ਜਾਵੇ। ਪਰ ਤਰਸੇਮ ਬੜੀ ਸ਼ਿੱਦਤ ਨਾਲ ਵਿਚਾਰ ਕਰਦਾ ਅਤੇ ਨਿਰਾਸ਼ ਜਿਹਾ ਹੋ ਜਾਂਦਾ। ਐਮ. ਏ. ਕਰਕੇ ਵੀ ਉਹ ਕੀ ਕਰੇਗਾ। ਮੁੰਡੇ ਪਹਿਲਾਂ ਹੀ ਐਮ. ਏ. ਕਰਕੇ ਹਰਲ ਹਰਲ ਕਰਦੇ ਵਿਹਲੇ ਤੁਰੇ ਫਿਰਦੇ ਹਨ। ਬਾਣੀਆਂ ਦਾ ਐਮ. ਏ. ਪਾਸ ਮੁੰਡਾ ਅਖੀਰ ਨੂੰ ਦੁਕਾਨ ਉੱਤੇ ਬਹਿ ਜਾਂਦਾ ਹੈ। ਜੱਟਾਂ ਦੇ ਐਮ. ਏ. ਪਾਸ ਮੁੰਡੇ ਟਰੈਕਟਰ ਚਲਾਉਂਦੇ ਹਨ ਅਤੇ ਨਖਿੱਧ ਖੇਤੀ ਦਾ ਨਰਕ ਭੋਗਦੇ ਹਨ। ਸਗੋਂ ਪੜ੍ਹ ਲਿਖ ਕੇ ਨਿਕੰਮੇ ਹੋ ਜਾਂਦੇ ਹਨ। ਇਕ ਅਣਪੜ੍ਹ ਕਿਸਾਨ ਉਹਨਾਂ ਨਾਲੋਂ ਬਿਹਤਰ ਹੁੰਦਾ ਹੈ। ਕਿੰਨੇ ਹੀ ਮੁੰਡੇ ਐਮ. ਏ. ਕਰਕੇ ਅਖੀਰ ਨੂੰ ਕਿਸੇ ਕਾਰੋਬਾਰ ਵਿਚ ਪੈ ਜਾਂਦੇ ਹਨ। ਕੌਣ ਪੁੱਛਦਾ ਹੈ, ਨਿਰੀ ਐਮ. ਏ. ਨੂੰ, ਐਮ. ਏ. ਤੋਂ ਬਾਅਦ ਕੋਈ ਕੋਰਸ ਵੀ ਕੀਤਾ ਤਾਂ ਨੌਕਰੀ ਕਿੱਥੇ ਧਰੀ ਪਈ ਹੈ। ਸਾਰੇ ਮਹਿਕਮਿਆਂ ਵਿਚ ਨੌਕਰੀਆਂ ਮੁੱਲ ਵਿਕਦੀਆਂ ਹਨ। ਲੱਖਾਂ ਦੇ ਭਾਅ। ਐਨਾ ਅਤੇ ਇਹੋ ਜਿਹਾ ਕੁਝ ਉਹ ਕਰ ਨਹੀਂ ਸਕੇਗਾ।

ਕਦੇ ਤਰਸੇਮ ਦੇ ਦਿਲ ਵਿਚ ਆਉਂਦੀ ਕਿ ਉਹ ਸੁਰੇਸ਼ ਨੂੰ ਬੀ. ਐਡ. ਕਰਵਾ ਦੇਵੇ। ਮਾਸਟਰ ਲੱਗ ਜਾਵੇਗਾ। ਪਰ ਕਦੋਂ ਜਾ ਕੇ ਨੌਕਰੀ ਮਿਲੇਗੀ, ਇਹ ਹਨੇਰੇ ਵਿਚ ਸੀ। ਬੀ. ਐਡ. ਮਾਸਟਰ ਪ੍ਰਾਈਵੇਟ ਸਕੂਲਾਂ ਵਿਚ ਧੱਕੇ ਖਾਂਦੇ ਫਿਰਦੇ ਹਨ, ਜੋ ਉਹਨਾਂ ਨੂੰ ਬਹੁਤ ਥੋੜੀ ਤਨਖਾਹ ਦਿੰਦੇ ਹਨ। ਇਕ ਤਰ੍ਹਾਂ ਦਾ ਮਜ਼ਾਕ ਕਰਦੇ ਹਨ। ਪ੍ਰਬੰਧਕ-ਕਮੇਟੀ ਵਾਲੇ ਜੁੱਤੀਆਂ ਵੀ ਚਟਾਉਂਦੇ ਹਨ। ਨਾਲੇ ਉਹ ਆਪ ਕਿੰਨੇ ਹੀ ਵਰ੍ਹਿਆਂ ਤੋਂ ਸਕੂਲ

Scanned by CamScanner

ਮਾਸਟਰ ਸੀ। ਕੀਹ ਐ, ਸਕੂਲ-ਮਾਸਟਰੀ ਵਿਚ! ਇਕ ਵਾਰ ਸਕੂਲ-ਮਾਸਟਰ ਬਣਿਆ, ਸਾਰੀ ਉਮਰ ਸਕੂਲ-ਮਾਸਟਰ ਹੀ ਰਹਿੰਦਾ ਹੈ। ਸਮਾਜ ਵਿਚ ਕੋਈ ਸਥਾਨ ਨਹੀਂ ਰਹਿ ਗਿਆ ਹੈ ਸਕੂਲ ਮਾਸਟਰ ਦਾ। ਉਹ ਕੁਝ ਵੀ ਫੈਸਲਾ ਨਾ ਕਰ ਸਕਿਆ ਕਿ ਬੀ. ਏ. ਤੋਂ ਬਾਅਦ ਸੁਰੇਸ਼ ਨੂੰ ਕਿੱਧਰ ਤੋਰਿਆ ਜਾਵੇ। ਉਹ ਸੁਰੇਸ਼ ਦੀ ਪਸੰਦ ਪੁੱਛਦਾ ਤਾਂ ਉਹ ਕੋਈ ਵੀ ਜਵਾਬ ਨਹੀਂ ਦਿੰਦਾ ਸੀ। ਉਹਦੀ ਚੁਪ ਦਾ ਮਤਲਬ ਸੀ ਕਿ ਉਹਨੂੰ ਆਪ ਨੂੰ ਕੁਝ ਪਤਾ ਨਹੀਂ ਸੀ ਕਿ ਉਹ ਆਪ ਕੀ ਬਣਨਾ ਚਾਹੁੰਦਾ ਹੈ। ਜਿੱਧਰ ਨੂੰ ਉਹਦਾ ਬਾਪ ਤੋਰ ਦੇਵਗਾ, ਉਹ ਤੁਰ ਪਵੇਗਾ।

ਉਹਨੇ ਆਪਣੇ ਕੁਝ ਸਿਆਣੇ ਮਿੱਤਰਾਂ ਕੋਲ ਗੱਲ ਕੀਤੀ। ਬੀਰਬਲ ਦਾਸ ਨੂੰ ਆਪਣੇ ਘਰ ਲਿਜਾ ਕੇ ਸਲਾਹ ਕੀਤੀ। ਹਰ ਇਕ ਦੀਆਂ ਵੱਖਰੀਆਂ ਵੱਖਰੀਆ ਸਲਾਹਾਂ ਸਨ। ਪਰ ਜਿਹੜੀਆਂ ਉਹ ਸਲਾਹਾਂ ਦਿੰਦੇ ਸਨ, ਉਹਨਾਂ ਦਾ ਭਵਿੱਖ ਕੋਈ ਨਹੀਂ ਦਿਸਦਾ ਸੀ। ਭਵਿੱਖ ਤੋਂ ਭਾਵ ਨੌਕਰੀ ਕਿਧਰੇ ਨਹੀਂ ਸੀ। ਨੌਕਰੀ ਇਕ ਜੂਆ ਸੀ, ਇਕ ਲਾਟਰੀ ਸੀ, ਨਿਸ਼ਚਿਤ ਕੁਝ ਨਹੀਂ ਸੀ। ਲੋਕ ਆਪਣੇ ਮੁੰਡੇ ਕੁੜੀਆਂ ਨੂੰ ਅੰਨ੍ਹੀ ਦੀ ਥੇਹ ਅੱਗੇ ਹੀ ਅੱਗੇ ਪੜ੍ਹਾਈ ਜਾ ਰਹੇ ਸਨ।

ਇਕ ਦਿਨ ਸਵੇਰੇ-ਸਵੇਰੇ ਬਾਹਰ ਖੇਤਾਂ ਵਲ ਜੰਗਲ ਪਾਣੀ ਜਾਂਦਿਆਂ ਤਰਸੇਮ ਦੇ ਦਿਮਾਗ ਵਿਚ ਗੱਲ ਆਈ ਕਿ ਕਿਉਂ ਨਾ ਕੋਈ ਆਪਣਾ ਕੰਮ ਸ਼ੁਰੂ ਕੀਤਾ ਜਾਵੇ। ਆਲਾ ਸਿੰਘ ਵਾਲੇ ਉਹਦਾ ਐਡਾ ਵੱਡਾ ਪਲਾਟ ਹੈ। ਪੰਜ ਵਿਸਵੇ ਥਾਂ ਖਾਲੀ ਪਈ ਹੈ। ਓਥੇ ਜਾ ਕੇ ਡੇਅਰੀ-ਫਾਰਮ ਖੋਲ੍ਹ ਲਿਆ ਜਾਵੇ। ਪਹਿਲਾਂ ਚਾਰ-ਪੰਜ ਮੱਝਾਂ ਤੋਂ ਕੰਮ ਸ਼ੁਰੂ ਕੀਤਾ ਜਾਵੇ। ਮੱਝਾਂ ਦਾ ਕੰਮ ਕਰਨ ਨੂੰ ਸੀਤਾ ਬਥੇਰੀ ਤਕੜੀ ਹੈ। ਖੇਤੀ ਦਾ ਕੰਮ ਕਰਨ ਵਾਲੇ ਘਰ ਦੀ ਧੀ ਹੈ। ਉਹ ਆਪ ਵੀ ਤਾਂ ਰਿਟਾਇਰ ਹੋਣ ਵਾਲਾ ਹੈ। ਰਿਟਾਇਰ ਹੋ ਕੇ ਘਰ ਤਾਂ ਵਿਹਲੇ ਬੈਠਿਆ ਜਾਣਾ ਨਹੀਂ। ਉਹਦੀ ਸਿਹਤ ਤਕੜੀ ਹੈ। ਕਿਸੇ ਕੰਮ ਵਿਚ ਪੈਣਾ ਪਵੇਗਾ। ਰਿਟਾਇਰ ਹੋਣ ਬਾਅਦ ਜਿਹੜਾ ਬੰਦਾ ਵਿਹਲਾ ਰਹਿੰਦਾ ਹੈ, ਉਹ ਛੇਤੀ ਮਰ ਜਾਂਦਾ ਹੈ। ਉਹ ਛੇਤੀ ਨਹੀਂ ਮਰਨਾ ਚਾਹੇਗਾ, ਉਹਨੇ ਆਪਣੇ ਮੁੰਡੇ ਸੁਰੇਸ਼ ਨੂੰ ਕੁਝ ਬਣਿਆ ਦੇਖਣਾ ਹੈ।

ਪਲਾਟ ਦੀ ਇਕ ਬਾਹੀ ਸੱਠ ਫੁੱਟ ਲੰਬੀ ਸੀ। ਚਾਲ੍ਹੀ ਫੁੱਟ ਲੰਬਾਈ ਵਿਚ ਉਹਨੇ ਦਸ ਫੁੱਟ ਚੌੜੇ ਸ਼ੈੱਡ ਛੱਤ ਦਿੱਤੇ। ਇੱਟ-ਬਾਲੇ ਦੀ ਛੱਤ ਪਾਈ। ਓਥੇ ਸ਼ੈੱਡਾਂ ਦਾ ਕੰਮ ਸ਼ੁਰੂ ਕਰਦਿਆਂ ਹੀ ਉਹਨੇ ਕਿਰਾਏਦਾਰ ਨੂੰ ਆਖ ਦਿੱਤਾ ਸੀ ਕਿ ਉਹ ਇਕ ਮਹੀਨੇ ਦੇ ਅੰਦਰ ਅੰਦਰ ਮਕਾਨ ਖਾਲੀ ਕਰ ਦੇਵੇ। ਉਹਨਾਂ ਨੇ ਪਿੰਡੋਂ ਆਕੇ ਆਪ ਏਥੇ ਰਿਹਾਇਸ਼ ਸ਼ੁਰੂ ਕਰਨੀ ਹੈ। ਕਿਰਾਏਦਾਰ ਉਹਦਾ ਵਾਕਫਕਾਰ ਹੀ ਸੀ। ਉਹ ਕਿਸੇ ਝਗੜੇ ਵਿਚ ਨਹੀਂ ਪਿਆ। ਮਹੀਨਾ ਡੇਢ ਮਹੀਨਾ ਲਾ ਕੇ ਉਹਨੇ ਹੋਰ ਮਕਾਨ ਲੱਭ ਲਿਆ।

Scanned by CamScanner

ਸ਼ੈੱਡਾਂ ਦੇ ਨਾਲ ਹੀ ਵੀਹ ਫੁੱਟ ਥਾਂ ਵਿਚ ਇਕ ਵੱਡਾ ਕੋਠਾ ਛੱਤ ਦਿੱਤਾ। ਉਹ ਤੂੜੀ ਰੱਖਣ ਲਈ ਸੀ। ਕੋਠੇ ਦੇ ਨਾਲ ਹੀ ਦੋ ਕਮਰੇ ਬਣਾ ਦਿੱਤੇ। ਇਕ ਕਮਰਾ ਆਪਣੇ ਬੈਠਣ ਉੱਠਣ ਲਈ ਅਤੇ ਇਕ ਕਮਰਾ ਨੌਕਰ ਦੀ ਰਿਹਾਇਸ਼ ਲਈ। ਖਾਲੀ ਪਲਾਟ ਦੇ ਐਨ ਵਿਚਕਾਰ ਜਿਹੇ ਖੇਲ੍ਹ ਬਣਾਈ ਅਤੇ ਇਕ ਸਿਰੇ ਉੱਤੇ ਪਾਣੀ ਦੀ ਟੂਟੀ ਫਿੱਟ ਕਰਵਾ ਲਈ। ਸ਼ਹਿਰ ਦੇ ਇਸ ਪਾਸੇ ਹੁਣ ਕਾਫੀ ਆਬਾਦੀ ਹੋ ਗਈ ਸੀ। ਪਾਣੀ ਅਤੇ ਬਿਜਲੀ ਦੀ ਸਹੂਲਤ ਆਮ ਸੀ। ਬੱਸ ਇਕ ਸੀਵਰੇਜ ਇਥੋਂ ਤੱਕ ਨਹੀਂ ਆਇਆ ਸੀ।

ਸਭ ਕੁਝ ਮੁਕੰਮਲ ਕਰਕੇ ਉਹ ਟਰੱਕ ਵਿਚ ਪਿੰਡ ਦਾ ਸਾਰਾ ਸਾਮਾਨ ਚੁੱਕ ਲਿਆਇਆ। ਸ਼ਹਿਰ ਦੀ ਆਪਣੀ ਕੋਠੀ ਵਿਚ ਰਿਹਾਇਸ਼ ਕਰ ਲਈ। ਸੁਰੇਸ਼ ਨੂੰ ਉਹ ਨਾਲ ਦੀ ਨਾਲ ਹਿਦਾਇਤਾਂ ਜਿਹੀਆਂ ਦਿੰਦਾ ਰਹਿੰਦਾ ਸੀ। ਉਹਦਾ ਹੌਸਲਾ ਕਾਇਮ ਕਰਦਾ ਕਿ ਡੇਅਰੀ ਦੇ ਕੰਮ ਵਿਚ ਬਹੁਤ ਲਾਭ ਹੈ। ਭੱਠਲਾਂ ਦੇ ਕਿੰਨੇ ਹੀ ਬ੍ਰਾਹਮਣ ਪਰਿਵਾਰ ਏਥੇ ਆ ਕੇ ਮੱਝਾਂ ਦਾ ਕੰਮ ਕਰਨ ਲੱਗੇ ਹਨ। ਤੀਹ-ਤੀਹ ਚਾਲੀ- ਚਾਲੀ ਮੱਝਾਂ ਹਨ। ਹੁਣ ਲੱਖਾਂ ਵਿਚ ਖੇਡਦੇ ਹਨ। ਸ਼ਹਿਰ ਵਿਚ ਪਲਾਟ ਲੈ ਕੇ ਧਰੀ ਜਾਂਦੇ ਹਨ। ਏਸ ਕੰਮ ਵਿਚ ਬਰਕਤ ਬਹੁਤ ਹੈ। ਮਨੁੱਖ ਲਈ ਦੁੱਧ ਇਕ ਜ਼ਰੂਰੀ ਚੀਜ਼ ਹੈ। ਜ਼ਰੂਰੀ ਚੀਜ਼ ਦਾ ਵਪਾਰ ਘਾਟੇ ਵਾਲਾ ਸੌਦਾ ਨਹੀਂ ਹੁੰਦਾ। ਹਾਂ, ਮਿਹਨਤ ਪੂਰੀ ਕਰਨੀ ਪੈਂਦੀ ਹੈ। ਸਵੇਰੇ ਤਿੰਨ ਵਜੇ ਉੱਠਦੇ ਨੇ ਮੱਝਾਂ ਵਾਲੇ, ਰਾਤ ਨੂੰ ਨੌ-ਦਸ ਵਜੇ ਸੌਂਦੇ ਹਨ। ਪੈਸਾ ਬਣਦਾ ਹੋਵੇ ਤਾਂ ਨੀਂਦ ਵੀ ਨੇੜੇ ਨਹੀਂ ਹੁੰਦੀ। ਨਾਲੇ ਜਦੋਂ ਪੂਰੀ ਚੜ੍ਹਾਈ ਹੋਵੇ ਫੇਰ ਤਾਂ ਸਾਰਾ ਕੰਮ ਨੌਕਰ ਚਾਕਰ ਹੀ ਕਰਦੇ ਹਨ। ਆਪ ਤਾਂ ਬਸ ਨਿਗਰਾਨੀ ਹੀ ਨਿਗਰਾਨੀ ਹੈ। ਨੌਕਰ ਬਥੇਰੇ ਭਈਏ ਮਿਲ ਜਾਣਗੇ।

ਉਹਨਾਂ ਦਿਨਾਂ ਵਿਚ ਹੀ ਧਨੌਲੇ ਦੀ ਮੰਡੀ ਲੱਗੀ। ਧਨੌਲਾ ਮੰਡੀ ਮੱਝਾਂ ਦੇ ਵਪਾਰ ਲਈ ਮਾਲਵੇ ਦੀ ਮਸ਼ਹੂਰ ਮੰਡੀ ਸੀ। ਦੂਰ-ਦੂਰ ਤੋਂ ਵਪਾਰੀ ਆਉਂਦਾ। ਹਥਨੀਆਂ ਵਰਗੀਆਂ ਮਹੀਆਂ, ਕੁੰਢੇ ਸਿੰਗ, ਥੱਲ-ਥੱਲ ਕਰਦਾ, ਕਸਵਾਂ ਪਿੰਡਾ। ਮਖਣੀ ਜਿਹਾ ਮੁਲਾਇਮ, ਤੁਰੀਆਂ ਜਾਂਦੀਆਂ ਪਾਣੀ ਦੀਆਂ ਪੋਟਲੀਆਂ। ਖਾਨਦਾਨੀ ਰਵੇ ਦੀਆਂ ਮੱਝਾਂ। ਐਡੇ ਐਡੇ ਲੇਵੇ। ਬਾਲਟੀ ਵਿਚ ਧਾਰ ਕੱਢਣ ਲੱਗੋ ਤਾਂ ਜਿਵੇਂ ਬੱਦਲਾਂ ਦੀ ਮਿੰਨ੍ਹੀ ਮਿੰਨ੍ਹੀ ਗੜਗੜਾਹਟ ਸੁਣਕੇ ਮੋਰ ਬੋਲਦੇ ਹੋਣ।

ਤਰਸੇਮ ਆਪਣੇ ਪਿੰਡ ਦੇ ਇਕ ਬੰਦੇ ਨੂੰ ਨਾਲ ਲਿਜਾਕੇ ਧਨੌਲੇ ਦੀ ਮੰਡੀ ਤੋਂ ਤਿੰਨ ਮੱਝਾਂ ਖਰੀਦ ਲਿਆਇਆ। ਬੰਦਾ ਉਹ ਮੱਝਾਂ ਦਾ ਪਾਰਖੂ ਸੀ। ਉਹਦੇ ਆਪਣੇ ਘਰ ਵਿਚ ਦੋ ਦੋ ਮੱਝਾਂ ਬੱਝੀਆਂ ਰਹਿੰਦੀਆਂ। ਸੁਰੇਸ਼ ਵੀ ਉਹਨਾਂ ਦੇ ਨਾਲ ਗਿਆ ਸੀ। ਮੱਝਾਂ ਦਾ ਲੈਣ ਦੇਣ ਦੇਖਕੇ ਸੁਰੇਸ਼ ਨੂੰ ਲੱਗਿਆ ਤਾਂ ਅਜੀਬ ਪਰ ਹੁਣ ਮੱਝਾਂ ਵਿਚ ਦਿਲਚਸਪੀ ਪੈਦਾ ਹੋਈ। ਇਹ ਵੀ ਕਿਹਾ ਅਦਭੁੱਤ ਸੰਸਾਰ ਹੈ। ਸੋਨੇ ਵਾਂਗ ਪਰਖ ਦੇਖ ਕੇ ਕਿਵੇਂ ਮੱਝਾਂ

Scanned by CamScanner

ਖਰੀਦੀਆਂ ਜਾ ਰਹੀਆਂ ਸਨ।

ਉਹਨਾਂ ਦਿਨਾਂ ਵਿਚ ਬਿਹਾਰੀ ਭਈਏ ਪੰਜਾਬ ਵਿਚ ਆਮ ਹੋ ਗਏ ਸਨ। ਉਹ ਹਰ ਕਿਸਮ ਦਾ ਕੰਮ ਕਰਦੇ। ਖੇਤਾਂ ਦਾ ਕੰਮ, ਘਰ ਦਾ ਕੰਮ। ਪਿੰਡਾਂ ਦੇ ਕੰਮ, ਸ਼ਹਿਰਾਂ ਦੇ ਕੰਮ, ਆਲਾ ਸਿੰਘ ਵਾਲੇ ਵਿਚ ਰਿਕਸ਼ਿਆਂ ਦਾ ਸਾਰਾ ਕੰਮ ਭਈਆਂ ਕੋਲ ਸੀ। ਓਥੋਂ ਦੀਆਂ ਦੋ ਤਿੰਨ ਫੈਕਟਰੀਆਂ ਵਿਚ ਭਈਏ ਹੀ ਭਈਏ ਸਨ। ਪੜ੍ਹੇ ਲਿਖੇ ਭਈਏ, ਅਣਪੜ੍ਹ ਭਈਏ। ਫੈਕਟਰੀਆਂ ਦੇ ਇਲਾਕੇ ਵਿਚ ਹੀ ਭਈਆਂ ਨੇ ਆਪਣੇ ਛੋਟੇ-ਮੋਟੇ ਮਕਾਨ ਬਣਾ ਲਏ ਸਨ। ਉਹ ਆਪਣੇ ਪਰਿਵਾਰਾਂ ਨੂੰ ਵੀ ਇਥੇ ਲੈ ਆਏ। ਉਹਨਾਂ ਦੇ ਰਾਸ਼ਨ-ਕਾਰਡ ਬਣੇ ਹੋਏ ਸਨ। ਉਹਨਾਂ ਦੀਆਂ ਵੋਟਾਂ ਬਣ ਗਈਆਂ। ਮਿਉਂਸਪਲ ਕੌਂਸਲ ਦੀਆਂ ਵੋਟਾਂ, ਵਿਧਾਨ-ਸਭਾ ਦੀਆਂ ਵੋਟਾਂ। ਸਿਆਸੀ ਲੋਕ ਉਹਨਾਂ ਦਾ ਪੱਖ ਪੂਰਦੇ ਅਤੇ ਆਪਣੇ ਵੋਟ ਬੈਂਕ ਵਧਾਉਂਦੇ ਰਹਿੰਦੇ। ਜੱਦੀ-ਪੁਸ਼ਤੀ ਪੰਜਾਬੀ ਲੋਕ ਹਸਦੇ, ਭਈਆਂ ਨੇ ਨਵੀਂ ਹੀ ਭਾਸ਼ਾ ਬਣਾ ਰੱਖੀ ਸੀ। ਜੋ ਨਾ ਹਿੰਦੀ ਹੁੰਦੀ, ਨਾ ਪੰਜਾਬੀ, ਪਰ ਏਧਰਲੇ ਪੰਜਾਬੀ ਲੋਕ ਉਸ ਭਾਸ਼ਾ ਨੂੰ ਬਖੂਬੀ ਸਮਝਦੇ। ਪੰਜਾਬ ਵਿਚ ਇਕ ਨਵਾਂ ਹੀ ਭਾਸ਼ਾ ਸਭਿਆਚਾਰ ਪੈਦਾ ਹੁੰਦਾ ਜਾ ਰਿਹਾ ਸੀ। ਤਰਸੇਮ ਨੇ ਮੱਝਾਂ ਦੇ ਕੰਮ ਦਾ ਇਕ ਮਾਹਰ ਭਈਆ ਨੌਕਰ ਰੱਖ ਲਿਆ। ਉਹਨੂੰ ਓਥੇ ਹੀ ਰਿਹਾਇਸ਼ ਲਈ ਕਮਰਾ ਦੇ ਦਿੱਤਾ। ਉਹ ਮੱਝਾਂ ਨੂੰ ਨ੍ਹਵਾਉਂਦਾ ਸੀ। ਪਾਣੀ ਪਿਆਉਂਦਾ। ਉਹਨਾਂ ਦਾ ਗੋਹਾ-ਕੂੜਾ ਸਾਂਭਦਾ। ਉਹ ਸੀਤਾ ਨਾਲ ਧਾਰਾਂ ਵੀ ਕਢਵਾ ਦਿੰਦਾ ਸੀ। ਅਸਲੀ ਨਾਂ ਤਾਂ ਉਹਦਾ ਸ਼ੰਭੂ ਪ੍ਰਸ਼ਾਦ ਸੀ, ਪਰ ਉਹਦਾ ਗੋਲ ਮਟੋਲ ਜਿਹਾ ਮੂੰਹ ਹੋਣ ਕਰਕੇ ਉਹਨੂੰ ਲੱਡੂ ਆਖਦੇ। ਇਹ ਨਾਂ ਉਹਦਾ ਉਹਦੇ ਘਰਦਿਆਂ ਨੇ ਧਰਿਆ ਸੀ, ਜੋ ਇਥੇ ਪੰਜਾਬ ਵਿਚ ਵੀ ਕਿਵੇਂ ਨਾ ਕਿਵੇਂ ਪਹੁੰਚ ਗਿਆ ਸੀ। ਚੌੜ-ਚੌੜ ਵਿਚ ਹੀ ਲੱਡੂ ਨੇ ਸੁਰੇਸ਼ ਨੂੰ ਧਾਰਾਂ ਕੱਢਣ ਲਾ ਲਿਆ। ਪਹਿਲਾਂ ਪਹਿਲਾਂ ਤਾਂ ਉਹਦੇ ਹੱਥਾਂ ਦੇ ਗੂਠੇ ਦੁਖਦੇ ਰਹੇ। ਪਹਿਲਾਂ ਪਹਿਲਾਂ ਹੁੰਦਾ ਈ ਐ, ਸੀਤਾ ਉਹਨੂੰ ਆਖਦੀ। ਪਰ ਫੇਰ ਸੁਰੇਸ਼ ਨੂੰ ਆਦਤ ਹੋ ਗਈ। ਗੂਠੇ ਤਿੰਨ-ਚਾਰ ਦਿਨ ਹੀ ਦੁਖੇ। ਫੇਰ ਤਾਂ ਸੁਰੇਸ਼ ਆਪ ਧਾਰ ਕਢਦਾ ਸਾਰੀਆਂ ਮ੍ਹੈਸਾਂ ਦੀ। ਦੋ ਮੱਝਾਂ ਦੀ ਧਾਰ ਲੱਡੂ ਕੱਢ ਲੈਂਦਾ। ਘਰ ਜੋਗਾ ਰੱਖ ਕੇ ਬਾਕੀ ਸਾਰਾ ਢੋਲ ਵਾਲੇ ਨੂੰ ਪਾ ਦਿੰਦੇ। ਸਵੇਰੇ ਵੀ ਅਤੇ ਆਥਣੇ ਵੀ। ਢੋਲਾਂ ਵਾਲੇ ਕੋਲ ਕਾਲਾ ਮੋਟਰ ਸਾਈਕਲ ਸੀ। ਦੂਰੋਂ ਹੀ ਖੜਕਾਟ ਪਾਉਂਦਾ ਆਉਂਦਾ। ਇਹ ਮੁੰਡਾ ਉਹਨਾਂ ਦੇ ਪਿੰਡਾਂ ਦਾ ਹੀ ਸੀ। ਉਹ ਹੋਰ ਪਿੰਡਾਂ ਤੋਂ ਵੀ ਦੁੱਧ ਲਿਆਉਂਦਾ ਸੀ। ਤੜਕੇ ਸਦੇਹਾਂ ਦੁੱਧ ਚੁਆ ਕੇ ਦਿਨ ਚੜ੍ਹਦੇ ਨੂੰ ਆਲਾ ਸਿੰਘ ਵਾਲੇ ਹਲਵਾਈਆਂ ਦੇ ਪਾ ਆਉਂਦਾ। ਸ਼ਹਿਰ ਦੇ ਕੁਝ ਘਰਾਂ ਵਿਚ ਵੀ ਉਹ ਦੁੱਧ ਦਿੰਦਾ ਸੀ।

ਤਰਸੇਮ ਦੀ ਡੇਅਰੀ ਤੋਂ ਆਲੇ ਦੁਆਲੇ ਦੇ ਘਰ ਵੀ ਦੁੱਧ ਲਿਜਾਣ ਲੱਗੇ। ਅੱਧਾ ਕਿਲੋ, ਇਕ ਕਿਲੋ, ਦੋ ਕਿਲੋ। ਉਹ ਦੁੱਧ ਵਿਚ ਪਾਣੀ ਘੱਟ ਪਾਉਂਦੇ । ਇਸ ਕਰਕੇ

Scanned by CamScanner

ਉਹਨਾਂ ਦੀ ਪੈਂਠ ਬਣ ਗਈ ਸੀ। ਫੇਰ ਤਾਂ ਦੂਰ ਦੂਰ ਤੋਂ ਲੋਕ ਡੋਲੂ ਫੜਕੇ ਆਉਣ ਲੱਗੇ। ਔਰਤਾਂ ਆਉਂਦੀਆਂ, ਬੰਦੇ ਆਉਂਦੇ। ਛੋਟੇ ਮੁੰਡੇ ਸਾਈਕਲ 'ਤੇ ਆਉਂਦੇ ਅਤੇ ਚਾਅ-ਚਾਅ ਵਿਚ ਹੀ ਡੋਲੂ ਭਰਵਾ ਕੇ ਲੈ ਜਾਂਦੇ। ਮੱਝਾਂ ਲਈ ਖਾਣਾ-ਦਾਣਾ ਤਰਸੇਮ ਆਪ ਖਰੀਦ ਕੇ ਲਿਆਉਂਦਾ। ਸੀਤਾ ਮੱਝਾਂ ਦੇ ਕੰਮ ਵਿਚ ਹੀ ਰੁਝੀ ਰਹਿੰਦੀ। ਆਂਢੀਆਂ ਗੁਆਂਢੀਆਂ ਨੂੰ ਓਹੀ ਦੁੱਧ ਮਿਣ ਕੇ ਪਾਉਂਦੀ। ਤੀਵੀਆਂ ਦੀਆਂ ਗੱਲਾਂ ਵਿਚ ਉਹਨੂੰ ਪਤਾ ਹੀ ਨਹੀਂ ਲਗਦਾ ਸੀ ਕਿ ਦਿਨ ਕਿੰਨਾ ਚੜ੍ਹ ਆਇਆ ਹੈ। ਸ਼ਾਮ ਚਾਰ ਵਜੇ ਹੀ ਉਹ ਧਾਰਾਂ ਕੱਢ ਲੈਂਦੇ। ਦੋ ਘੰਟੇ ਦੁੱਧ ਦਾ ਕਾਰੋਬਾਰ ਚਲਦਾ ਰਹਿੰਦਾ। ਕੋਲ ਬੈਠਾ ਸੁਰੇਸ਼ ਦੁੱਧ ਦਾ ਹਿਸਾਬ ਕਿਤਾਬ ਲਿਖਦਾ ਰਹਿੰਦਾ। ਮਹੀਨਾ ਮੁੱਕਣ ਤੇ ਉਹ ਗਾਹਕਾਂ ਦੀਆਂ ਚਿੱਟਾਂ ਬਣਾ ਦਿੰਦਾ। ਪੰਜ ਚਾਰ ਦਿਨਾਂ ਵਿਚ ਹੀ ਸਾਰੇ ਪੈਸੇ ਉਗਰਾਹੇ ਜਾਂਦੇ। ਕੰਮ ਫੈਲਦਾ ਦੇਖਕੇ ਤਰਸੇਮ ਨੇ ਇਸ ਦੌਰਾਨ ਪੰਜ ਮੱਝਾਂ ਹੋਰ ਲਿਆ ਬੰਨ੍ਹੀਆਂ ਸਨ। ਹੁਣ ਤਾਂ ਮੱਝਾਂ ਹੀ ਸਾਰੇ ਟੱਬਰ ਦਾ ਸੰਸਾਰ ਬਣ ਗਿਆ ਸੀ। ਤਰਸੇਮ, ਸੀਤਾ, ਸੁਰੇਸ਼ ਅਤੇ ਲੱਡੂ ਇਸੇ ਕੰਮ ਵਿਚ ਲੱਗੇ ਰਹਿੰਦੇ। ਉਹ ਸਵੇਰੇ ਤਿੰਨ ਵਜੇ ਉਠਦੇ ਸਨ, ਰਾਤ ਨੂੰ ਸਦੇਹਾਂ ਨੌ ਵਜੇ ਸੌਂ ਜਾਂਦੇ।

15

ਮੱਝਾਂ ਦੇ ਗੋਹੇ-ਮੂਤ ਵਿਚੋਂ ਸਾਰੇ ਟੱਬਰ ਨੂੰ ਸੂਗ ਨਹੀਂ ਆਉਂਦੀ ਸੀ। ਜਿਵੇਂ ਉਹਨਾਂ ਦੀਆਂ ਨਾਸਾਂ ਏਸੇ ਗੰਧ ਦੀਆਂ ਆਦੀ ਹੋ ਗਈਆਂ ਹੋਣ। ਉਹਨਾਂ ਦੇ ਘਰ ਦੇ ਭਾਂਡਿਆਂ ਵਿਚੋਂ ਵੀ ਗੋਹੇ ਦਾ ਮੁਸ਼ਕ ਮਾਰਦਾ। ਕੋਠੀ ਦੇ ਕਮਰਿਆਂ ਵਿਚ ਤੂੜੀ ਦੇ ਡੱਕੇ ਖਿੰਡੇ ਦਿਸਦੇ। ਕਦੇ ਇਹਨਾਂ ਕਮਰਿਆਂ ਵਿਚ ਪੋਚਾ ਲਗਦਾ ਹੁੰਦਾ। ਹੁਣ ਤਾਂ ਕੋਈ ਇਹਨਾਂ ਨੂੰ ਸੁੰਭਰਦਾ ਮਸਾਂ। ਲੱਡੂ ਹੀ ਦੁਪਹਿਰੇ ਜਿਹੇ ਕਮਰਿਆਂ ਵਿਚ ਝਾੜੂ ਲਾਉਂਦਾ, ਬਸ ਜਿਵੇਂ ਕੂੜਾ ਇਕੱਠਾ ਕਰਨਾ ਹੋਵੇ। ਮੱਝਾਂ ਵਾਲੇ ਸ਼ੈੱਡਾਂ ਦਾ ਗੋਹਾ ਕੂੜਾ ਇਕੱਠਾ ਕਰਨ ਅਤੇ ਕਮਰਿਆਂ ਦਾ ਕੂੜਾ ਇਕੱਠਾ ਕਰਨ ਵਿਚ ਥੋੜ੍ਹਾ ਹੀ ਫਰਕ ਸੀ। ਹੁਣ ਇਹ ਉਹ ਘਰ ਨਹੀਂ ਰਹਿ ਗਿਆ ਸੀ, ਜਿੱਥੇ ਪੈਂਟਾਂ-ਬੁਸ਼ਰਟ ਪ੍ਰੈਸ ਕਰਕੇ ਗਲ ਤੇੜ ਪਾਏ ਜਾਂਦੇ ਹੋਣ। ਟੈਰੀਕਾਟ ਦੇ ਕੱਪੜੇ ਸਨ, ਧੋ ਕੇ ਝੰਜਕ ਦਿੱਤੇ ਜਾਂਦੇ, ਵਲ ਨਿੱਕਲ ਜਾਂਦੇ ਅਤੇ ਸੁੱਕਿਆਂ ਤੋਂ ਪਹਿਨ ਲਏ ਜਾਂਦੇ। ਲੱਡੂ ਤਾਂ ਅੱਧ ਸੁੱਕੇ ਕੱਪੜੇ ਵੀ ਗਲ ਪਾ ਲੈਂਦਾ। ਇਹੋ-ਜਿਹੀ ਆਦਤ ਸੁਰੇਸ਼ ਦੀ ਬਣਦੀ ਜਾ ਰਹੀ ਸੀ। ਸੀਤਾ ਅਤੇ ਤਰਸੇਮ ਲਗਦਾ ਜਿਵੇਂ ਧੁਰ-ਦਰਗਾਹੋਂ ਮੱਝਾਂ ਦਾ ਕੰਮ ਹੀ ਕਰਦੇ ਆਏ ਹੋਣ। ਤਰਸੇਮ ਐਮ. ਏ. ਪੜ੍ਹਿਆ ਲਗਦਾ ਹੀ ਨਹੀਂ ਸੀ। ਗਲ-ਤੇੜ ਪਜਾਮਾ ਕੁੜਤਾ ਅਤੇ ਸਿਰ ਨੂੰ ਚਾਰ ਖਾਨਾ ਦੁਪੱਟਾ ਵਲ੍ਹੇਟਿਆ ਹੁੰਦਾ। ਇਹੋ ਹਾਲ ਸੁਰੇਸ਼ ਦਾ ਸੀ। ਲੱਡੂ ਤੇ ਸੁਰੇਸ਼ ਵਿਚ ਦੇਖਣ ਪੱਖੋਂ ਥੋੜ੍ਹਾ ਹੀ

Scanned by CamScanner

ਫਰਕ ਸੀ। ਮੱਝਾਂ ਦਾ ਸ਼ੈੱਡ ਉਹਨਾਂ ਨੇ ਧਰਤੀ ਤੋਂ ਇਕ ਫੁੱਟ ਉੱਚੇ ਫਰਸ਼ ਵਾਲਾ ਬਣਾਇਆ ਸੀ। ਇੱਟਾਂ ਦਾ ਪੱਕਾ ਫਰਸ਼। ਢਲ੍ਹਵੇਂ ਫਰਸ਼ ਦੇ ਇਕ ਪਾਸੇ ਨਾਲੀ ਸੀ, ਜਿਸ ਰਾਹੀਂ ਮੱਝਾਂ ਦਾ ਪਿਸ਼ਾਬ ਇਕ ਸਿਰੇ ਉੱਤੇ ਡੂੰਘੇ ਚੁਬੱਚੇ ਵਿਚ ਜਮ੍ਹਾ ਹੁੰਦਾ ਰਹਿੰਦਾ। ਸਵੇਰੇ-ਸਵੇਰੇ ਇਹ ਚੁਬੱਚਾ ਖਾਲੀ ਕਰ ਦਿੱਤਾ ਜਾਂਦਾ। ਅਗਲੀ ਸਵੇਰ ਨੂੰ ਫੇਰ ਭਰਿਆ ਹੁੰਦਾ। ਚੁਬੱਚੇ ਵਿਚੋਂ ਪਿਸ਼ਾਬ ਬਾਲਟੀ ਨਾਲ ਕੱਢ ਕੇ ਮਕਾਨ ਤੋਂ ਬਾਹਰ ਵੱਡੀ ਨਾਲੀ ਵਿਚ ਡੋਲ੍ਹ ਦਿੱਤਾ ਜਾਂਦਾ। ਏਦਾਂ ਹੀ ਇਕ ਵੱਡਾ ਸਾਰਾ ਹੋਰ ਚੁਬੱਚਾ ਸੀ, ਜੋ ਖਾਲੀ ਪਲਾਟ ਦੇ ਇਕ ਖੂੰਜੇ ਵਿਚ ਸੀ। ਇਸ ਵਿਚ ਗੋਹਾ ਇਕੱਠਾ ਹੁੰਦਾ ਰਹਿੰਦਾ। ਗੋਹੇ ਲਈ ਸੀ ਸਾਈਕਲ ਰੇੜ੍ਹੀ। ਬਰਸਾਤ ਦੀ ਰੁੱਤ ਨੂੰ ਛੱਡ ਕੇ ਬਾਕੀ ਮਹੀਨਿਆਂ ਵਿਚ ਗੋਹਾ ਵਿਕਦਾ ਰਹਿੰਦਾ। ਲੋਕ ਆਪ ਹੀ ਰੇੜ੍ਹੀਆਂ ਭਰ ਕੇ ਲੈ ਜਾਂਦੇ ਅਤੇ ਅਗਾਂਹ ਲਿਜਾ ਕੇ ਉਹਦੀਆਂ ਪਾਥੀਆਂ ਪਥਦੇ। ਸੁੱਕੀਆਂ ਪਾਥੀਆਂ ਪੇਂਡੂ ਘਰਾਂ ਵਿਚ ਆਮ ਹੀ ਵਿਕਦੀਆਂ ਰਹਿੰਦੀਆਂ ਸਨ। ਖਾਸ ਕਰਕੇ ਲੋਹੜੀ ਲਈ ਹਰ ਕੋਈ ਪਾਥੀਆਂ ਖਰੀਦ ਕੇ ਰਖਦਾ। ਕੈਸਾ ਜ਼ਮਾਨਾ ਆ ਗਿਆ ਸੀ, ਲੋਹੜੀ ਦੇ ਦਿਨਾਂ ਵਿਚ ਪਿੰਡਾਂ ਤੋਂ ਪਾਥੀਆਂ ਟਰੈਕਟਰ ਟਰਾਲੀ ਵਿਚ ਵਿਕਣ ਆਉਂਦੀਆਂ। ਸ਼ਹਿਰ ਦੀ ਕਲਚਰ ਕਿੱਥੇ ਦੀ ਕਿੱਥੇ ਪਹੁੰਚ ਚੁੱਕੀ ਸੀ। ਭਾਂਡੇ ਮਾਂਜਣ ਲਈ ਚੁੱਲ੍ਹਿਆਂ ਦੀ ਸੁਆਹ ਵੀ ਗਲੀਆਂ ਵਿਚ ਵਿਕਣ ਆਉਂਦੀ।

ਤਰਸੇਮ ਦੇ ਘਰ ਪੰਜਵੇਂ-ਸੱਤਵੇਂ ਦਿਨ ਹੀ ਤੂੜੀ ਦੀ ਟਰਾਲੀ ਆਉਂਦੀ। ਪੰਜਵੇਂ ਸੱਤਵੇਂ ਦਿਨ ਹੀ ਕੱਕੇ ਰੇਤੇ ਦੀ ਟਰਾਲੀ ਆਉਂਦੀ। ਕੱਕਾ ਰੇਤਾ ਹਰ ਰੋਜ਼ ਸਵੇਰੇ ਸ਼ੈੱਡ ਦੇ ਫਰਸ਼ ਉੱਤੇ ਵਿਛਾਇਆ ਜਾਂਦਾ ਸੀ। ਮੁਤਰਾਲ ਖਿੱਚ ਕੇ ਇਕ ਪਾਸੇ ਕਰ ਦਿੱਤੀ ਜਾਂਦੀ ਅਤੇ ਫੇਰ ਰੇਤਾ ਵਿਛਾਇਆ ਜਾਂਦਾ। ਖਾਲੀ ਪਲਾਟ ਵਿਚ ਹੀ ਰੂੜੀ ਲੱਗੀ ਹੋਈ ਸੀ। ਕੂੜਾ ਰੂੜੀ ਉੱਤੇ ਸੁੱਟਿਆ ਜਾਂਦਾ। ਖੇਤਾਂ ਵਿਚ ਖਾਦ ਪਾਉਣ ਲਈ ਰੂੜੀ ਵਿਕ ਜਾਂਦੀ ਸੀ।

ਸੀਤਾ, ਤਰਸੇਮ ਅਤੇ ਸੁਰੇਸ਼ ਮੱਝਾਂ ਦਾ ਕੰਮ ਕਰਨ ਕਰਕੇ ਇਕ ਤਰ੍ਹਾਂ ਨਾਲ ਮੱਝਾਂ ਦੀ ਜੂਨ ਹੀ ਭੋਗ ਰਹੇ ਸਨ। ਚਾਹੇ ਉਹਨਾਂ ਦਾ ਜੀਵਨ ਇਕ ਮੁਤਰਾਲ ਬਣਕੇ ਰਹਿ ਗਿਆ ਸੀ। ਪਰ ਹੁਣ ਉਹਨਾਂ ਕੋਲ ਪੈਸਾ ਸੀ। ਉਹਨਾਂ ਕੋਲ ਵੀਹ ਮੱਝਾਂ ਦਾ ਮੋਟਾ ਧਨ ਸੀ। ਚਾਰ-ਪੰਜ ਸਾਲਾਂ ਦੇ ਅੰਦਰ ਅੰਦਰ ਹੀ ਉਹਨਾਂ ਨੇ ਦਸ ਦਸ ਵਿਸਵਿਆਂ ਦੇ ਚਾਰ ਪਲਾਟ ਖਰੀਦ ਲਏ ਸਨ। ਉਹਨਾਂ ਕੋਲ ਬੈਂਕਾਂ ਵਿਚ ਪੈਸਾ ਜਮ੍ਹਾ ਸੀ। ਤਰਸੇਮ ਨੂੰ ਤਸੱਲੀ ਸੀ ਕਿ ਉਹ ਜੱਟਾਂ ਦੇ ਸੰਘੱਟ ਵਿਚੋਂ ਬਾਹਰ ਨਿੱਕਲ ਆਇਆ ਹੈ। ਇਥੇ ਹੁਣ ਉਹਦੀ ਤੀਵੀਂ ਜੱਟਾਂ ਦੇ ਘਰਾਂ ਵਲ ਨਹੀਂ ਝਾਕਦੀ। ਇਥੇ ਹੁਣ ਉਹਨੂੰ ਕੋਈ ਘ੍ਰਿਣਾ ਭਰੀ 'ਮ੍ਹਾਰਾਜ' ਨਹੀਂ ਬੁਲਾਉਂਦਾ। ਜੱਟ ਦੀ 'ਮ੍ਹਾਰਾਜ' ਸੁਣਦਿਆਂ ਹੀ ਉਹ ਬਾਮ੍ਹਣ ਹੋ ਜਾਂਦਾ ਸੀ। ਬਾਮ੍ਹਣ, ਇਕ ਮੰਗ ਖਾਣੀ ਜਾਤ।

Scanned by CamScanner

16

ਵੀਹ ਮੱਝਾਂ ਦੀ ਡੇਅਰੀ ਤਰਸੇਮ ਮਾਸਟਰ ਦੀ ਬੜੀ ਮਸ਼ਹੂਰ ਡੇਅਰੀ ਸੀ। ਹੁਣ ਉਹਦੇ ਕੋਲ ਦੋ ਭਈਏ ਸਨ। ਲੱਡੂ ਆਪਣੇ ਹੀ ਛੋਟੇ ਭਾਈ ਕੰਨੂ ਨੂੰ ਇਥੇ ਲੈ ਆਇਆ ਸੀ। ਕੰਨੂ ਗੋਹਾ ਕੂੜਾ ਕਰਦਾ ਅਤੇ ਮੱਝਾਂ ਨੂੰ ਨਿੱਤ ਨਵਾਉਂਦਾ ਸੀ ਅਤੇ ਪਾਣੀ ਪਿਆਉਂਦਾ। ਧਾਰਾਂ ਕੱਢਣ ਦਾ ਕੰਮ ਲੱਡੂ ਹੀ ਕਰਦਾ। ਲੱਡੂ ਦੀ ਇਕ ਤਰ੍ਹਾਂ ਦੀ ਸਰਦਾਰੀ ਸੀ। ਉਹ ਵਿਆਹਿਆ ਹੋਇਆ ਸੀ। ਦੋ ਬੱਚੇ ਸਨ। ਪਰ ਉਹ ਇਥੇ ਪੰਜਾਬ ਵਿਚ ਆਪਣੀ ਜ਼ਨਾਨੀ ਨੂੰ ਕਦੇ ਨਹੀਂ ਲੈ ਕੇ ਆਇਆ ਸੀ। ਸਾਲ ਵਿਚ ਇਕ ਜਾਂ ਦੋ ਵਾਰ ਆਪਣੇ ਪਿੰਡ ਜਾ ਆਉਂਦਾ। ਜ਼ਨਾਨੀ ਨੂੰ ਪੈਸੇ ਦੇ ਆਉਂਦਾ। ਦਸ-ਦਸ ਦਿਨ ਰਹਿ ਆਉਂਦਾ ਸੀ। ਇਥੋਂ ਵੀ ਹਰ ਮਹੀਨੇ ਮਨੀਆਰਡਰ ਭੇਜਦਾ ਰਹਿੰਦਾ। ਧਾਰਾਂ ਦਾ ਕੰਮ ਪਿੱਛੋਂ ਕੰਨੂ ਕਰ ਲੈਂਦਾ। ਦੋ -ਚਾਰ ਮੱਝਾਂ ਦੀਆਂ ਧਾਰਾਂ ਸੁਰੇਸ਼ ਵੀ ਕਢਦਾ। ਦੋਵੇਂ ਬਿਹਾਰੀ ਭਈਏ ਇਕੋ ਕਮਰੇ ਵਿਚ ਮੌਜਾਂ ਨਾਲ ਰਹਿੰਦੇ। ਉਹਨਾਂ ਦੀਆਂ ਤਨਖਾਹਾਂ ਸਨ। ਰੋਟੀ ਤਰਸੇਮ ਦੇ ਘਰੋਂ ਸੀ।

ਹੁਣ ਤਰਸੇਮ ਤੇ ਸੀਤਾ ਕੰਮ ਵਿਚ ਐਨੇ ਗੁਆਚੇ ਨਹੀਂ ਰਹਿੰਦੇ ਸਨ। ਸੁਰੇਸ਼ ਹੀ ਸਭ ਸਾਂਭਦਾ। ਸੀਤਾ ਰੋਟੀ-ਟੁੱਕ ਦਾ ਕੰਮ ਕਰਨ ਦੀ ਜ਼ਿੰਮੇਵਾਰੀ ਨਿਭਾਉਂਦੀ ਬੱਸ। ਪਹਿਲਾਂ ਵਾਂਗ ਲਿੱਬੜੀ ਤਿੱਬੜੀ ਨਹੀਂ ਰਹਿੰਦੀ ਸੀ। ਉਹਨੇ ਬਥੇਰਾ ਕੀਤਾ ਸੀ। ਹੁਣ ਸਭ ਰੰਗ ਭਾਗ ਲੱਗੇ ਹੋਏ ਸਨ। ਹੁਣ ਕਿਉਂ ਕਰੇ ਉਹ ਸਿਰ ਸੁੱਟਕੇ ਕੰਮ। ਤਰਸੇਮ ਵੀ ਪਹਿਨ-ਪੱਚਰ ਕੇ ਰਹਿੰਦਾ। ਉਹਦੇ ਕੋਲ ਚਾਰ ਪੈਸੇ ਸੀ। ਉਹ ਪਲਾਟਾਂ ਦਾ ਮਾਲਕ ਸੀ। ਚੇਤਕ ਬਜਾਜ ਸਕੂਟਰ ਲੈ ਕੇ ਏਧਰ ਓਧਰ ਘੁੰਮਦਾ ਰਹਿੰਦਾ। ਸਕੂਲ ਮਾਸਟਰੀ ਤੋਂ ਰਿਟਾਇਰ ਹੋ ਚੁਕਿਆ ਸੀ। ਮਹੀਨੇ ਦੀ ਪੈਨਸ਼ਨ ਉਹਦੇ ਯਾਦ ਨਹੀਂ ਸੀ। ਦੋ ਤਿੰਨ ਮਹੀਨਿਆਂ ਬਾਅਦ ਇਕੱਠੀ ਪੈਨਸ਼ਨ ਬੈਂਕ ਵਿਚੋਂ ਲੈ ਕੇ ਆਉਂਦਾ। ਕਦੇ ਕਦੇ ਤਾਂ ਛੇ ਮਹੀਨੇ ਲੰਘ ਜਾਂਦੇ। ਉਹਨੂੰ ਯਾਦ ਹੀ ਨਹੀਂ ਰਹਿੰਦਾ ਸੀ ਕਿ ਪੈਨਸ਼ਨ ਕਢਵਾਉਣੀ ਹੈ। ਸੁਰੇਸ਼ ਕੋਲ ਹੀਰੋ ਹਾਂਡਾ ਮੋਟਰ ਸਾਈਕਲ ਸੀ। ਵਿਹਲ ਮਿਲੀ ਤੋਂ ਉਹ ਵੀ ਏਧਰ-ਓਧਰ ਸ਼ਹਿਰ ਦਾ ਚੱਕਰ ਮਾਰਦਾ। ਉਹਦੀ ਗੋਗੜ ਨਿੱਕਲ ਆਈ ਸੀ। ਤੀਹ ਸਾਲ ਦਾ ਹੋ ਗਿਆ ਸੀ। ਸੀਤਾ ਤਾਂ ਉਹਨੂੰ ਵਿਆਹੁਣ ਬਾਰੇ ਹਮੇਸ਼ਾ ਹੀ ਸੋਚਦੀ ਰਹੀ ਸੀ, ਪਰ ਤਰਸੇਮ ਉਹਨੂੰ ਪਹਿਲਾਂ ਸੈੱਟ ਕਰਨਾ ਚਾਹੁੰਦਾ ਸੀ। ਹੁਣ ਉਹ ਵੀ ਇਰਾਦਾ ਰਖਦਾ ਸੀ ਕਿ ਸੁਰੇਸ਼ ਵਿਆਹ ਕਰਵਾ ਲਵੇ। ਏਦੂੰ ਬਾਅਦ ਤਾਂ ਉਹ ਉਤਾਰ ਉਮਰ ਦਾ ਹੋਣ ਲੱਗ ਪਵੇਗਾ। ਨਾਲੇ ਹੁਣ ਤਾਂ ਉਹਨਾਂ ਕੋਲ ਸਭ ਕੁਝ ਹੈ। ਸੁਰੇਸ਼ ਕੰਮ ਵਿਚ ਪੂਰਾ ਖੁਭ ਚੁੱਕਿਆ

Scanned by CamScanner

ਹੈ। ਤਰਸੇਮ ਨੇ ਏਧਰ ਓਧਰ ਗੱਲ ਕੀਤੀ ਤਾਂ ਰਿਸ਼ਤੇ ਆਉਣ ਲੱਗੇ। ਦਸ-ਦਸ ਜਮਾਤਾਂ ਪੜ੍ਹੀਆਂ ਕੁੜੀਆਂ ਦੇ ਚਾਰ-ਪੰਜ ਰਿਸ਼ਤੇ ਆਏ ਸਨ। ਪਰ ਉਹ ਗਰੀਬ ਘਰਾਂ ਦੀਆਂ ਕੁੜੀਆਂ ਸਨ। ਤਰਸੇਮ ਚੰਗੇ ਖਾਂਦੇ ਪੀਂਦੇ ਘਰ ਦਾ ਰਿਸ਼ਤਾ ਚਾਹੁੰਦਾ ਸੀ। ਇਕੋ ਮੁੰਡਾ ਸੀ। ਵਿਆਹ ਠਾਠ ਨਾਲ ਕਰਨਾ ਚਾਹੁੰਦਾ। ਉਹ ਇਹ ਵੀ ਚਾਹੁੰਦਾ ਸੀ ਕਿ ਕੁੜੀ ਪੇਂਡੂ ਮਾਹੌਲ ਦੀ ਹੋਵੇ, ਖੇਤੀ ਦਾ ਕੰਮ ਕਰਨ ਵਾਲੇ ਘਰ ਦੀ, ਜਿਹੜੀ ਪਸ਼ੂਆਂ ਦਾ ਕੰਮ ਜਾਣਦੀ ਹੋਵੇ ਅਤੇ ਸੁਰੇਸ਼ ਨਾਲ ਉਹਦੀ ਜੋੜੀ ਬਣ ਜਾਵੇ। ਹੱਡਾਂ ਪੈਰਾਂ ਦੀ ਖੁੱਲ੍ਹੀ ਹੋਵੇ। ਮੱਝਾਂ ਦੇ ਕੰਮ ਤੋਂ ਅੱਕੇ ਥੱਕੇ ਨਾ। ਉਹ ਆਖਦਾ, ਚੰਚਲ ਤੇ ਮੁਲਾਇਮ ਕੁੜੀ ਨੇ ਇਥੇ ਨਹੀਂ ਕੱਟਣਾ।

ਕਾਲੇਕਿਆਂ ਦੇ ਜੱਟ-ਬਾਮ੍ਹਣਾਂ ਦੀ ਕੁੜੀ ਸਵਿੱਤਰੀ ਦੇਵੀ ਦੇਹ ਦੀ ਨਰੋਈ ਸੀ। ਉਹ ਡਾਂਡੇ-ਖਾਂਡੇ ਵਾਲੇ ਬਾਮ੍ਹਣ ਸਨ। ਖੇਤੀ ਕਰਦੇ, ਪਿੰਡ ਦੇ ਜੱਟਾਂ ਨਾਲੋਂ ਉੱਤੇ ਸਨ। ਦੋ ਭਰਾ ਸਨ ਅਤੇ ਉਹ ਇਕੱਲੀ ਭੈਣ। ਭਰਾ ਆਪ ਤਾਂ ਨਹੀਂ ਪੜ੍ਹੇ ਪਰ ਉਹਨਾਂ ਨੇ ਭੈਣ ਨੂੰ ਪੜ੍ਹਾਇਆ। ਉਹ ਸਵਿੱਤਰੀ ਤੋਂ ਵੱਡੇ ਸੀ। ਦੋਵੇਂ ਵਿਆਹੇ-ਵਰੇ, ਬਹੂਆਂ ਖੇਤੀ ਵਾਲੇ ਘਰ ਦੀਆਂ।

ਸਵਿੱਤਰੀ ਨੇ ਬੀ. ਏ. ਤਾਂ ਆਲਾ ਸਿੰਘ ਵਾਲੇ ਤੋਂ ਕੀਤੀ ਸੀ। ਪਿੰਡ ਵਿਚ ਦੀ ਬੱਸ ਲੰਘਦੀ ਸੀ। ਹੋਰ ਕੁੜੀਆਂ ਵੀ ਸਨ। ਮੁੰਡੇ ਵੀ ਜਾਂਦੇ ਸਨ। ਬੀ. ਏ. ਤੋਂ ਬਾਅਦ ਉਹ ਪਟਿਆਲੇ ਪੰਜਾਬੀ ਯੂਨੀਵਰਸਿਟੀ ਵਿਚ ਪੜ੍ਹਨ ਲੱਗੀ। ਬੀ. ਏ. ਤੱਕ ਉਹਦੀ ਪੰਜਾਬੀ ਚੰਗੀ ਸੀ। ਐਮ. ਏ. ਉਹ ਪੰਜਾਬੀ ਦੀ ਕਰ ਰਹੀ ਸੀ। ਹੋਸਟਲ ਵਿਚ ਰਹਿੰਦੀ। ਭਰਾ ਉਹਨੂੰ ਖੁੱਲ੍ਹਾ ਖਰਚ ਭੇਜਦੇ ਅਤੇ ਚਾਹੁੰਦੇ ਕਿ ਉਹਨਾਂ ਦੀ ਭੈਣ ਪੜ੍ਹ ਲਿਖ ਕੇ ਕੁਝ ਬਣ ਜਾਵੇ ਅਤੇ ਉਹ ਉਹਦਾ ਵਿਆਹ ਕਿਸੇ ਅਫਸਰ ਮੁੰਡੇ ਨਾਲ ਕਰਨ। ਪੂਰਾ ਦੇਣ ਲੈਣਗੇ। ਦਹੇਜ ਵਿਚ ਕਾਰ ਵੀ ਦੇ ਸਕਦੇ ਹਨ। ਸਵਿੱਤਰੀ ਅਠਵੰਜਾ ਫੀਸਦੀ ਨੰਬਰ ਲੈ ਕੇ ਪਾਸ ਹੋਈ।

ਉਹਦਾ ਸੁਪਨਾ ਬਣਿਆ ਕਿ ਉਹ ਯੂ. ਜੀ. ਸੀ. ਦਾ ਟੈਸਟ ਪਾਸ ਕਰਕੇ ਕਾਲਜ ਲੈਕਚਰ ਬਣੇਗੀ। ਉਹਦਾ ਵਿਆਹ ਕਿਸੇ ਡਾਕਟਰ ਇੰਜਨੀਅਰ ਨਾਲ, ਕਿਸੇ ਐਸ. ਡੀ. ਓ.-ਐਸ. ਡੀ. ਐਮ. ਨਾਲ ਜਾਂ ਕਿਸੇ ਪ੍ਰੋਫੈਸਰ ਮੁੰਡੇ ਨਾਲ ਹੋ ਜਾਵੇਗਾ। ਉਹ ਮੌਜਾਂ ਕਰੇਗੀ। ਉਹਨੇ ਪੰਜ ਵਾਰ ਯੂ. ਜੀ. ਸੀ. ਦਾ ਟੈਸਟ ਦਿੱਤਾ, ਪਰ ਕਲੀਅਰ ਨਹੀਂ ਹੋਈ। ਉਹਦੇ ਹਿਰਾਸ ਟੁੱਟ ਗਏ। ਕਿੱਥੇ ਤਾਂ ਉਹ ਚਾਹੁੰਦੀ ਸੀ ਕਿ ਲੈਕਚਰਾਰ ਲੱਗ ਕੇ ਪੀ. ਐਚ. ਡੀ. ਕਰੇਗੀ। ਪਰ ਕਿੱਥੇ ਹੁਣ ਉਹ ਤੋਂ ਟੈਸਟ ਵੀ ਕਲੀਅਰ ਨਹੀਂ ਹੋ ਰਿਹਾ ਸੀ। ਉਹ ਚੌਵੀ ਪੱਚੀ ਸਾਲਾਂ ਦੀ ਹੋ ਚੁੱਕੀ ਸੀ। ਭਰਾ ਉਹਨੂੰ ਵਿਆਹੁਣ ਬਾਰੇ ਸੋਚਣ ਲੱਗੇ। ਪਹਿਲਾਂ ਤਾਂ ਉਹ ਚੋਰੀਓਂ-ਚੋਰੀਓਂ ਮੁੰਡਾ ਲੱਭਦੇ ਰਹੇ। ਫੇਰ ਗੱਲ ਰਿਸ਼ਤੇਦਾਰੀਆਂ

Scanned by CamScanner

ਵਿਚ ਜਾ ਪਹੁੰਚੀ। ਉਹ ਜਾਣ ਪਛਾਣ ਵਾਲਿਆਂ ਨੂੰ ਸ਼ਰੇਆਮ ਕਹਿਣ ਲੱਗੇ। ਕੁੜੀ ਆਪ ਹੀ ਆਪਣੀਆਂ ਸ਼ਾਦੀ-ਸ਼ੁਦਾ ਸਹੇਲੀਆਂ ਕੋਲ ਗੱਲ ਛੇੜ ਬਹਿੰਦੀ। ਕੋਈ ਅਫਸਰ ਮੁੰਡਾ ਹੋਵੇ, ਚੰਗੀ ਨੌਕਰੀ ਉੱਤੇ ਲੱਗਿਆ ਹੋਇਆ। ਉਹ ਵਿਆਹ ਵਧੀਆ ਕਰਨਗੇ। ਪੂਰਾ ਪੈਸਾ ਲਾਉਣਗੇ। ਦਾਜ ਦਹੇਜ ਨਾਲ ਅਗਲੇ ਦਾ ਘਰ ਭਰ ਦੇਣਗੇ। ਫੇਰ ਅਖਬਾਰ ਵਿਚ ਵੀ ਦਿੱਤਾ ਗਿਆ। ਅਖਬਾਰਾਂ ਵਿਚੋਂ ਮੁੰਡੇ ਲੱਭ-ਲੱਭ ਸਵਿੱਤਰੀ ਆਪ ਹੀ ਆਪਣਾ ਵੇਰਵਾ ਭੇਜਦੀ, ਜਨਮ-ਪੱਤਰੀ ਦੀ ਫੋਟੋ-ਸਟੇਟ ਭੇਜਦੀ। ਪਰ ਕਿਧਰੇ ਵੀ ਕੋਈ ਗੱਲ ਨਹੀਂ ਬਣ ਰਹੀ ਸੀ। ਜਿਥੇ-ਜਿਥੇ ਵੀ ਗੱਲ ਤੁਰਦੀ ਲਗਦੀ। ਅਗਲਾ ਨੌਕਰੀ ਕਰਦੀ ਕੁੜੀ ਚਾਹੁੰਦਾ ਸੀ। ਜਾਂ ਕੋਈ ਕੋਰਸ ਕੀਤਾ ਹੋਵੇ ਤਾਂ ਕਿ ਨੌਕਰੀ ਮਿਲ ਸਕੇ। ਜ਼ਮਾਨਾ ਆਰਥਿਕਤਾ ਦਾ ਸੀ। ਲੋਕ ਵੀ ਸੱਚੇ ਸਨ। ਔਰਤ ਵੀ ਕਮਾਉਂਦੀ ਹੋਵੇ ਤਾਂ ਗੱਲ ਕਿਤੇ ਦੀ ਕਿਤੇ ਜਾ ਪਹੁੰਚਦੀ ਹੈ। ਘਰਾਂ ਦੇ ਖਰਚ ਵਧਦੇ ਜਾ ਰਹੇ ਸਨ। ਔਰਤ-ਮਰਦ ਦੋਵੇਂ ਕਮਾਉਂਦੇ ਹੋਣ ਤਾਂ ਕਿਤੇ ਜਾ ਕੇ ਕਬੀਲਦਾਰੀ ਤੁਰਦੀ ਹੈ। ਨਹੀਂ ਤਾਂ ਅੱਗੇ ਜਾ ਕੇ ਬੱਚਿਆਂ ਦੀ ਪੜ੍ਹਾਈ ਸਮੇਂ ਸੰਕਟ ਖੜ੍ਹਾ ਹੋ ਜਾਂਦਾ ਹੈ। ਪੜ੍ਹੀ ਲਿਖੀ ਕਿੰਨੀ ਹੋਵੇ, ਘਰ ਵਿਚ ਵਿਹਲੀ ਰਹਿੰਦੀ ਤੀਵੀਂ ਵਾਧੂ ਜਿਹੀ ਲਗਦੀ ਹੈ।

ਸਵਿੱਤਰੀ ਅਠਾਈ ਸਾਲਾਂ ਦੀ ਹੋ ਚੁੱਕੀ ਸੀ। ਕਿਧਰੋਂ ਵੀ ਕੋਈ ਗੱਲ ਨਹੀਂ ਬਣੀ ਤਾਂ ਉਹਨਾਂ ਨੇ ਫੈਸਲਾ ਕੀਤਾ ਕਿ ਨੌਕਰੀ ਕਰਦੇ ਮੁੰਡੇ ਦੀ ਗੱਲ ਛੱਡੋ ਹੁਣ, ਕੋਈ ਅਜਿਹਾ ਮੁੰਡਾ ਦੇਖੋ ਜਿਹੜਾ ਕੋਈ ਵੀ ਕੰਮ ਕਰਦਾ ਹੋਵੇ, ਬੱਸ ਪੈਰਾਂ ਸਿਰ ਹੋਵੇ। ਕੁੜੀ ਦੂਜੇ ਹੱਥਾਂ ਵੱਲ ਨਾ ਝਾਕਦੀ ਹੋਵੇ। ਅਜਿਹੇ ਕਈ ਮੁੰਡੇ ਦੇਖੇ ਸਨ। ਕਿਸੇ ਨੂੰ ਕੁੜੀ ਪਸੰਦ ਨਾ ਆਉਂਦੀ, ਕੋਈ ਮੁੰਡਾ ਸਵਿੱਤਰੀ ਨੂੰ ਜੱਚਦਾ ਨਹੀਂ ਸੀ। ਉਹਦੇ ਅੰਦਰ ਅਜੇ ਵੀ ਕਿਧਰੇ ਸਵੈਮਾਨ ਬੈਠਾ ਹੋਇਆ ਸੀ ਕਿ ਉਹ ਐਮ. ਏ. ਪਾਸ ਹੈ। ਪਲੱਸ-2 ਮਗਰ ਲੱਗ ਕੇ ਕਿਵੇਂ ਤੁਰ ਪਵੇ। ਸੁਰੇਸ਼ ਦਾ ਮੱਝਾਂ ਦਾ ਐਡਾ ਵੱਡਾ ਕਾਰੋਬਾਰ ਦੇਖਕੇ, ਉਹ ਪਲਾਟਾਂ ਦਾ ਮਾਲਕ ਵੀ ਹੈ, ਇਕੱਲਾ ਮੁੰਡਾ ਹੈ, ਆਪਣੀ ਕੋਠੀ ਅਤੇ ਖੁੱਲ੍ਹਾ ਮਾਹੌਲ, ਅਖੀਰ ਸਵਿੱਤਰੀ ਦੇ ਭਰਾ ਸੁਰੇਸ਼ ਨੂੰ ਸ਼ਗਨ ਕਰ ਗਏ।

ਭਰਾਵਾਂ ਦੇ ਘਰ ਹਮੇਸ਼ਾ ਦੋ ਮੱਝਾਂ ਸੱਜਰ-ਸੂਈਆਂ ਰਹਿੰਦੀਆਂ ਸਨ। ਭਰਜਾਈਆਂ ਧਾਰਾਂ ਕਢਦੀਆਂ ਅਤੇ ਕੱਖ-ਕੰਡਾ ਪਾਉਂਦੀਆਂ। ਹੋਰ ਪਸ਼ੂ ਵੀ ਸਨ। ਸਵਿੱਤਰੀ ਵੀ ਧਾਰ ਕੱਢਣ ਜਾਣਦੀ ਸੀ। ਉਹ ਵੀ ਕਦੇ ਭਰਜਾਈਆਂ ਦਾ ਹੱਥ ਵਟਾਉਂਦੀ। ਭਰਜਾਈਆਂ ਹੱਸਦੀਆਂ, ''ਨੀ ਸਵਿੱਤਰੀ, ਗੋਹਾ-ਕੂੜਾ ਵੀ ਕਰਿਆ ਕਰ, ਕੀ ਪਤਾ ਕੋਈ ਅਹਿਆ ਜਾ ਘਰ ਈ ਮਿਲੇ ਤੈਨੂੰ।'' ਸਵਿੱਤਰੀ ਉਦਾਸ ਹੋ ਜਾਂਦੀ। ਪਰ ਚਾਅ-ਚਾਅ ਵਿਚ ਹੀ ਧਾਰ ਕੱਢਣ ਲਗਦੀ। ਉਹ 'ਚੰਭ ਵਜੋਂ ਹੀ ਪਾਥੀਆਂ ਪੱਥ ਦਿੰਦੀ। ਗੋਹੇ ਦੇ ਬੱਠਲ ਰੂੜੀ ਉਤੇ ਸੁੱਟਣ ਲਗਦੀ। ਉਹਨੂੰ ਮੱਝਾਂ ਦੀ ਮੁਤਰਾਲ ਵਿਚੋਂ ਮੁਸ਼ਕ ਨਹੀਂ ਆਉਂਦਾ ਸੀ।

Scanned by CamScanner

ਸਵਿਤਰੀ ਕੱਦ ਦੀ ਥੋੜੀ ਮਧਰੀ ਸੀ, ਮੋਟੀਆਂ ਮੋਟੀਆਂ ਅੱਖਾਂ, ਸਰੀਰ ਦੀ ਭਰਵੀਂ ਤੇ ਨਰੋਈ ਸੀ। ਉਹ ਇਸ ਘਰ ਵਿਚ ਆਉਂਦੇ ਹੀ ਕੰਮਾਂ ਵਿਚ ਖੁਭ ਗਈ। ਸਵੇਰੇ ਸ਼ਾਮ ਉਹ ਇਲਾਕੇ ਦੇ ਗਾਹਕਾਂ ਨੂੰ ਦੁੱਧ ਮਿਣ ਕੇ ਦਿੰਦੀ। ਰਜਿਸਟਰ ਵਿਚ ਇਕੱਲੇ ਇਕੱਲੇ ਦਾ ਹਿਸਾਬ ਵੀ ਲਿਖਦੀ ਜਾਂਦੀ। ਮਹੀਨੇ ਦੇ ਅਖੀਰ ਉੱਤੇ ਘਰਾਂ ਦੇ ਦੁੱਧ ਦਾ ਹਿਸਾਬ ਵੀ ਉਹ ਕਰਦੀ ਅਤੇ ਚਿਟਾਂ ਬਣਾ ਦਿੰਦੀ। ਪੈਸੇ ਆਉਣ ਲਗਦੇ ਤਾਂ ਉਹੀ ਫੜਦੀ ਜਾਂਦੀ। ਬਾਅਦ ਵਿਚ ਸਾਰਾ ਹਿਸਾਬ ਸੁਰੇਸ਼ ਨੂੰ ਫੜਾ ਦਿੰਦੀ। ਧਾਰਾਂ ਕੱਢਣ ਦਾ ਕੰਮ ਦੋਵੇਂ ਭਈਏ ਕਰਦੇ। ਦੋ ਚਾਰ ਮੱਝਾਂ ਦੀਆਂ ਧਾਰਾਂ ਸੁਰੇਸ਼ ਵੀ ਕੱਢ ਦਿੰਦਾ ਸੀ। ਸਵੇਰੇ-ਸਵੇਰੇ ਸਵਿੱਤਰੀ ਵੀ ਇਕ ਦੋ ਮੱਝਾਂ ਚੋਅ ਲੈਂਦੀ ਸੀ। ਮੱਝਾਂ ਦੇ ਕੰਮ ਤੋਂ ਵਿਹਲੀ ਹੋ ਕੇ ਰੋਟੀ ਟੁੱਕ ਦਾ ਵੀ ਸਵਿੱਤਰੀ ਹੀ ਕਰਦੀ। ਉਹਨੇ ਸੀਤਾ ਨੂੰ ਇਕ ਤਰ੍ਹਾਂ ਨਾਲ ਰਾਜ ਦੁਆਰੇ ਉੱਤੇ ਬਿਠਾ ਦਿੱਤਾ ਸੀ। ਤਰਸੇਮ ਵੀ ਹੁਣ ਘਰ ਦਾ ਕੋਈ ਕੰਮ ਨਾ ਕਰਦਾ। ਸਾਰੇ ਕੰਮ ਸੁਰੇਸ਼ ਜਿੰਮੇ ਸਨ। ਸੁਰੇਸ਼ ਤੇ ਸਵਿੱਤਰੀ ਨੂੰ ਕਦੇ ਯਾਦ--ਚੇਤਾ ਵੀ ਨਹੀਂ ਰਹਿ ਗਿਆ ਸੀ ਕਿ ਉਹਨਾਂ ਨੂੰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਿਉਂ ਨਹੀਂ ਮਿਲੀ। ਉਹ ਹੁਣ ਪੈਸੇ ਵਾਲੇ ਸਨ। ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਉਹਨਾਂ ਨੂੰ ਮੁਹਈਆ ਸਨ। ਘਰ ਦੀ ਸਰਦਾਰੀ ਸੀ। ਮੁਲਾਜ਼ਮਾਂ ਵਾਲੀ ਗੁਲਾਮੀ ਨਹੀਂ ਸੀ। ਮੁਲਾਜ਼ਮਾਂ ਵਾਲੀਆਂ ਥੁੜ੍ਹਾਂ ਲੋੜਾਂ ਨਹੀਂ ਸਨ। ਤਰਸੇਮ ਨੂੰ ਸਭ ਤੋਂ ਵੱਡੀ ਤਸੱਲੀ ਇਹ ਸੀ ਕਿ ਉਹ ਆਪਣਾ ਪਿੰਡ ਛੱਡ ਕੇ ਇਥੇ ਆਲਾ ਸਿੰਘ ਵਾਲੇ ਬੈਠਾ ਬਾਮ੍ਹਣ ਹੋਣ ਦੇ ਅਹਿਸਾਸ ਤੋਂ ਮੁਕਤ ਹੈ। ਇਹ ਤਸੱਲੀ ਵੀ ਸੀ ਕਿ ਉਹਦਾ ਮੁੰਡਾ ਸੁਰੇਸ਼ ਆਜ਼ਾਦ ਫਿਜ਼ਾ ਵਿਚ ਸਾਹ ਲੈ ਰਿਹਾ ਹੈ। ਇਥੇ ਉਹਨੂੰ ਕੋਈ ਲਾਗੀ ਕਹਿਣ ਵਾਲਾ ਨਹੀਂ ਸੀ।

17

ਆਸਾ ਸਿੰਘ ਦੀ ਸਾਰੀ ਉਮਰ ਜੱਟਾਂ ਦੇ ਜਾਂਘੀਏ ਅਤੇ ਕੱਫਣ ਸਿਉਣ ਵਿਚ ਲੰਘੀ ਸੀ। ਪਿੰਡ ਵਿਚ ਦਰਜੀਆਂ ਦਾ ਇਹ ਇੱਕੋ ਘਰ ਸੀ। ਸੰਤਾਲੀ ਤੋਂ ਪਹਿਲਾਂ ਇਕ ਮੁਸਲਮਾਨ ਛੀਂਬਾ ਹੁੰਦਾ। ਪਰ ਫੇਰ ਆਸਾ ਸੂੰ ਇਕੱਲਾ ਰਹਿ ਗਿਆ। ਉਹ ਇਕੱਲਾ ਹੀ ਬਹੁਤ ਕੰਮ ਕਰਦਾ। ਸਵੇਰੇ ਸਦੇਹਾਂ ਉੱਠਦਾ ਅਤੇ ਮਸ਼ੀਨ ਲੈ ਕੇ ਬੈਠ ਜਾਂਦਾ। ਦਿਨ ਵੇਲੇ ਸੌਂਦਾ ਨਹੀਂ ਸੀ। ਰਾਤ ਨੂੰ ਵੀ ਕਪੜੇ ਸਿਉਂਦਾ। ਉਹਦੀ ਨਿਗਾਹ ਤਿੱਖੀ ਸੀ। ਸੁਰਮਾ ਪਾ ਕੇ ਰਖਦਾ ਹੁੰਦਾ ਆਸਾ ਸੂੰ। ਵੱਡੀ ਲਾਲਟੈਣ ਦੇ ਚਾਨਣ ਵਿਚ ਉਹਨੂੰ ਵਧੀਆ ਦਿਸਦਾ ਸੀ। ਮਸ਼ੀਨ ਦੀ ਸੂਈ ਵਿਚ ਧਾਗਾ ਆਸਾਨੀ ਨਾਲ ਪਾ ਲੈਂਦਾ।

ਪਿੰਡ ਵਿਚ ਜੱਟਾਂ ਦੇ ਐਨੇ ਘਰ ਸਨ। ਉਹ ਸੇਪੀ ਦਾ ਕੰਮ ਕਰਦਾ। ਜੱਟ ਹਾੜ੍ਹੀ-

Scanned by CamScanner

ਸੌਣੀ ਉਹਨੂੰ ਦਾਣੇ ਦਿੰਦੇ। ਹਾੜ੍ਹੀ ਵੇਲੇ ਕਣਕ-ਛੋਲੇ ਅਤੇ ਸੌਣੀ ਵੇਲੇ ਮੱਕੀ-ਬਾਜਰਾ ਤੇ ਮੋਠ-ਮੂੰਗੀ ਵੀ। ਜਿਹਨਾਂ ਦੇ ਇੱਖ ਬੀਜਿਆ ਹੁੰਦਾ, ਗੁੜ ਦੀਆਂ ਭੇਲੀਆਂ ਦਿੰਦੇ। ਕਣਕ ਵੇਲੇ ਤੂੜੀ ਦੀਆਂ ਪੰਡਾਂ ਵੀ ਆ ਜਾਂਦੀਆਂ। ਲੋਕ ਆਸਾ ਸੂੰ ਦਾ ਐਨਾ ਆਦਰ-ਮਾਣ ਕਰਦੇ ਕਿ ਅਗਲੇ ਦਾ ਸੀਰੀ ਤੂੜੀ ਦੀ ਪੰਡ ਉਹਦੇ ਘਰ ਸੁੱਟ ਕੇ ਜਾਂਦਾ। ਆਸਾ ਸੂੰ ਮੈਂਸ ਰਖਦਾ ਸੀ। ਕੱਖ-ਪੱਠਾ ਜੱਟਾਂ ਦੇ ਖੇਤੋਂ ਆਉਂਦਾ। ਅਗਲਾ ਉਹਨੂੰ ਅੱਧਾ ਕਿਆਰਾ ਚਰ੍ਹੀ, ਮੱਕੀ ਜਾਂ ਚਾਰਾ ਦੇ ਦਿੰਦਾ ਸੀ। ਸਭ ਰੰਗ ਭਾਗ ਲੱਗੇ ਹੋਏ ਸਨ।

ਸੇਪੀ ਦੇ ਕੰਮ ਵਿਚ ਉਹ ਜੱਟਾਂ ਦੇ ਘਰਾਂ ਦੇ ਕੱਪੜੇ ਸਿਉਂ ਕੇ ਦਿੰਦਾ। ਸਾਰਾ ਸਾਲ ਸਿਉਂਦਾ ਰਹਿੰਦਾ। ਉਹਨਾਂ ਦਿਨਾਂ ਵਿਚ ਖੱਦਰ ਹੁੰਦਾ ਸੀ। ਬੰਦੇ ਖੱਦਰ ਦਾ ਕੁੜਤਾ-ਜਾਂਘੀਆ ਪਹਿਨਦੇ। ਸਿਰ ਨੂੰ ਮਲਮਲ ਦਾ ਸਾਫਾ ਬੰਨ੍ਹਦੇ ਅਤੇ ਤੇਜ਼ ਮੁੱਲ ਦੀ ਚਾਦਰ। ਬੰਦੇ ਕੋਲ ਦੋ ਕੁੜਤੇ ਹੁੰਦੇ ਅਤੇ ਇਕ ਜਾਂਘੀਆ। ਏਸੇ ਨਾਲ ਸਾਰਾ ਸਾਲ ਲੰਘ ਜਾਂਦਾ। ਤੀਵੀਆਂ ਖੱਦਰ ਦੀਆਂ ਕੁੜਤੀਆਂ-ਸੁੱਥਣਾਂ ਪਾਉਂਦੀਆਂ। ਸਲਾਰੀ ਹੁੰਦੀ। ਗਰਮੀ ਵਿਚ ਮੁੱਲ ਦੀ ਚੁੰਨੀ।

ਜੱਟਾਂ ਤੋਂ ਆਸਾ ਸੂੰ ਕੱਪੜੇ ਸਿਉਣ ਦੇ ਪੈਸੇ ਨਹੀਂ ਲੈਂਦਾ ਸੀ। ਉਹਨਾਂ ਨਾਲ ਤਾਂ ਹਾੜ੍ਹੀ ਸੌਣੀ ਦੀ ਸੇਪੀ ਸੀ। ਦੂਜੀਆਂ ਜਾਤਾਂ ਤੋਂ ਪੈਸੇ ਲੈਂਦਾ। ਇਹ ਉਹਨੂੰ ਨਕਦ ਕਮਾਈ ਸੀ। ਕੁੜਤੇ ਦੀ ਅਠਿਆਨੀ ਲੈਂਦਾ, ਕੁੜਤੀ-ਸੁੱਥਣ ਦੀ ਵੀ ਅਠਿਆਨੀ-ਅਠਿਆਨੀ। ਜਾਂਘੀਏ ਮੁਫਤ ਵਿਚ ਸਿਉਂ ਦਿੰਦਾ।

ਆਸਾ ਸੂੰ ਦੇ ਚਾਰ ਮੁੰਡੇ ਹੋਏ ਅਤੇ ਤਿੰਨ ਕੁੜੀਆਂ। ਮੁੰਡੇ ਜਦੋਂ ਨਿਆਣੇ ਸਨ ਅਤੇ ਪਿੰਡ ਦਾ ਕੰਮ ਵਧਿਆ ਹੋਇਆ ਸੀ ਤਾਂ ਉਹਨੇ ਢਿਲਵਾਂ ਤੋਂ ਆਪਣਾ ਛੋਟਾ ਸਾਲਾ ਇੱਥੇ ਬੁਲਾ ਲਿਆ। ਉਹਨੂੰ ਨਾਜਰ ਦਾ ਸਹਾਰਾ ਹੋ ਗਿਆ। ਉਹ ਏਥੇ ਆ ਕੇ ਕੰਮ ਸਿੱਖਿਆ ਸੀ। ਆਸਾ ਸੂੰ ਨੇ ਹੁਣ ਦੂਜੀਆਂ ਜਾਤਾਂ ਲਈ ਕੁੜਤੇ ਦਾ ਰੁਪਈਆ ਕਰ ਦਿੱਤਾ ਸੀ। ਕੁੜਤੀ ਅਤੇ ਸੁੱਥਣ ਦਾ ਵੀ ਰੁਪਈਆਂ ਲੈਂਦਾ।

ਆਸਾ ਸੂੰ ਦੇ ਚਾਰੇ ਮੁੰਡੇ ਜਦੋਂ ਉੱਠ ਖੜ੍ਹੇ ਤਾਂ ਐਨੇ ਨੂੰ ਪਿੰਡਾਂ ਵਿਚ ਟੈਰੀਕਾਟ ਦਾ ਕੱਪੜਾ ਆ ਗਿਆ। ਇਹਨਾਂ ਦਿਨਾਂ ਵਿਚ ਸੇਪੀ ਦਾ ਕੰਮ ਵੀ ਖਾਸਾ ਘਟ ਗਿਆ ਸੀ। ਜੱਟਾਂ ਦੇ ਜਵਾਨ ਮੁੰਡੇ ਅਤੇ ਬਹੂਆਂ ਆਲਾ ਸਿੰਘ ਵਾਲੇ ਜਾਣ ਲੱਗੇ ਸਨ। ਖੱਦਰ ਨੂੰ ਛੱਡ ਕੇ ਲੋਕ ਮੁੱਲ ਦੇ ਕੱਪੜੇ ਪਾਉਣ ਲੱਗੇ। ਟੈਰੀਕਾਟ ਦੇ ਕਮੀਜ਼ ਦੀ ਸਿਲਾਈ ਆਸਾ ਸੂੰ ਦੇ ਮੁੰਡਿਆਂ ਨੇ ਪੰਜ ਰੁਪਏ ਕਰ ਦਿੱਤੀ। ਕੁੜਤੀ ਅਤੇ ਸੁੱਥਣ ਦੇ ਵੀ ਪੰਜ ਰੁਪਏ। ਸ਼ਹਿਰ ਵਿਚ ਸਿਲਾਈ ਦਾ ਰੇਟ ਵੱਧ ਸੀ। ਆਸਾ ਸੂੰ ਦੇ ਘਰ ਹੁਣ ਪੰਜ ਮਸ਼ੀਨਾਂ ਸਨ। ਚਾਰੇ ਮੁੰਡੇ ਅਤੇ ਉਹਨਾਂ ਦਾ ਮਾਮਾ ਮਸ਼ੀਨ ਚਲਾਉਂਦੇ। ਆਸਾ ਸੂੰ ਆਪ ਵਿਹਲਾ ਹੋ ਗਿਆ। ਤਿੰਨੇ ਕੁੜੀਆਂ

Scanned by CamScanner

ਕੁੜਤੇ-ਕੁੜਤੀਆਂ ਦੇ ਕਾਜ ਕਰਦੀਆਂ ਅਤੇ ਬਟਨ ਲਾਉਂਦੀਆਂ ਸਨ। ਅੰਨ੍ਹੀ ਕਮਾਈ ਸੀ। ਇਹੋ ਜਿਹੀ ਨਕਦ ਪੈਸਿਆਂ ਦੀ ਕਮਾਈ ਦਾ ਵੇਲਾ ਉਦੋਂ ਸੀ, ਜਦੋਂ ਸੰਤਾਲੀ ਤੋਂ ਬਾਅਦ ਪਿੰਡਾਂ ਵਿਚ ਪੈਰਾਸੂਟ ਦਾ ਕੱਪੜਾ ਪਹੁੰਚਿਆ ਸੀ। ਇਹ ਹਵਾਈ ਜ਼ਹਾਜ਼ਾ ਤੋਂ ਥੱਲੇ ਉੱਤਰਨ ਵਾਲੀਆਂ ਛਤਰੀਆਂ ਦਾ ਕੰਡਮ ਕੱਪੜਾ ਸੀ, ਮੋਮੀ ਤੇ ਸਖਤ। ਪਿੰਡਾਂ ਦੇ ਲੋਕਾਂ ਨੇ ਬੜੇ ਕਮੀਜ਼ ਸਿਲਵਾਏ। ਤੀਵੀਆਂ ਨੇ ਕੁੜਤੀਆਂ ਵੀ। ਉਹ ਤਾਂ ਫਟਦਾ ਹੀ ਨਹੀਂ ਸੀ। ਫੇਰ ਧੋ ਕੇ ਪਾਓ ਤਾਂ ਓਹੋ ਜਿਹੇ ਦਾ ਓਹੋ ਜਿਹਾ। ਹੁਣ ਇਹ ਟੈਰੀਕਾਟ ਵੀ ਅਜੀਬ ਕੱਪੜਾ ਸੀ। ਗਰਮੀਆਂ ਵਿਚ ਤੇੜ ਸਿਰ ਦੇ ਕੱਪੜੇ ਨ੍ਹਾਉਣ ਲੱਗੇ, ਧੋ ਕੇ ਸੁੱਕਣੇ ਪਾ ਦਿਓ, ਨ੍ਹਾਉਣ ਤੋਂ ਬਾਅਦ ਸੁੱਕੇ ਪਏ ਹੁੰਦੇ। ਚਮਕ ਪੂਰੀ, ਕੱਪੜੇ ਵਿਚ ਵੱਟ ਨਹੀਂ ਪੈਂਦਾ ਸੀ।

ਆਸਾ ਸੂੰ ਨੇ ਹੌਲੀ ਹੌਲੀ ਕਰਕੇ ਚਾਰੇ ਮੁੰਡੇ ਵਿਆਹ ਲਏ ਅਤੇ ਤਿੰਨੇ ਕੁੜੀਆਂ ਵੀ। ਉਹ ਹਰ ਸਾਲ ਇਕ ਵਿਆਹ ਕਰਦਾ ਸੀ। ਨਾਜ਼ਰ ਵੀ ਉਹਨੇ ਆਪ ਵਿਆਹਿਆ। ਜਦੋਂ ਭਾਣਜੇ ਕੰਮ ਦੀ ਪੂਰੀ ਚੜ੍ਹਾਈ ਉੱਤੇ ਸਨ ਤਾਂ ਨਾਜਰ ਬਹੂ ਲੈ ਕੇ ਢਿਲਵਾਂ ਨੂੰ ਚਲਿਆ ਗਿਆ। ਉਹ ਆਪਣੀ ਮਰਜ਼ੀ ਨਾਲ ਗਿਆ ਸੀ। ਜਨਾਨੇ-ਮਰਦਾਨੇ ਕੱਪੜਿਆਂ ਦਾ ਪੂਰਾ ਕਾਰੀਗਰ ਸੀ। ਢਿੱਲਵੀਂ ਪਿੰਡ ਜਾ ਕੇ ਕੰਮ ਕਰਨ ਲੱਗਿਆ।

ਆਸਾ ਸੂੰ ਹੁਣ ਪਹਿਨ-ਪੱਚਰ ਕੇ ਰਹਿੰਦਾ। ਚਿੱਟਾ ਕਮੀਜ਼ ਪਜਾਮਾ ਅਤੇ ਚਿੱਟੀ ਪਗੜੀ ਬੰਨ੍ਹਦਾ। ਉਹਦਾ ਪਗੜੀ ਬੰਨ੍ਹਣ ਦਾ ਅੰਦਾਜ਼ ਜੱਟਾਂ ਨਾਲੋਂ ਵੱਖਰਾ ਸੀ। ਪੋਚ ਕੇ ਬੰਨ੍ਹੀ ਹੁੰਦੀ। ਹੱਥ ਵਿਚ ਖੂੰਡੀ ਰੱਖਦਾ। ਆਥਣ-ਸਵੇਰ ਪਿੰਡ ਦਾ ਗੇੜਾ ਲਾਉਂਦਾ। ਚੁੱਪ ਕੀਤਾ ਜਿਹਾ ਅਗਲੇ ਦੇ ਘਰ ਅੰਦਰ ਜਾਂਦਾ ਅਤੇ ਸਿਲਾਈ ਦੇ ਉਧਾਰ ਦੀ ਗੱਲ ਬਾਣੀਆਂ ਵਾਂਗ ਛੇੜਦਾ। ਲੋਕ ਉਹਦੀ ਇੱਜ਼ਤ ਕਰਦੇ। ਉਹਨੂੰ ਬੈਠਣ ਨੂੰ ਪੀੜ੍ਹੀ ਦਿੰਦੇ। ਪਰ ਬਹੁਤਾ ਉਧਾਰ ਹਾੜੀ ਸੌਣੀ ਹੀ ਨਿਬੇੜਦੇ। ਸੱਥ ਵਿਚ ਚੌਕੜੀ ਉੱਤੇ ਬੰਦੇ ਬੈਠੇ ਦੇਖ ਕੇ ਆਸਾ ਸੂੰ ਵੀ ਖੜ੍ਹ ਜਾਂਦਾ ਅਤੇ ਕਿਸੇ ਨਾਲ ਏਧਰ-ਓਧਰ ਦੀ ਕੋਈ ਗੱਲ ਛੇੜਦਾ। ਬੰਦੇ ਉਹਨੂੰ ਚੌਕੜੀ ਉੱਤੇ ਬਿਠਾ ਲੈਂਦੇ ਸਨ। ਕੋਈ ਉਹਨੂੰ ਗਿਆਨੀ ਜੀ ਕਹਿ ਕੇ ਆਦਰ ਨਾਲ ਬੋਲਦਾ। ਮੂੰਹ ਉੱਤੇ ਆਸਾ ਸੂੰ-ਆਸਾ ਸੂੰ ਕਰਦੇ। ਪਰ ਜਦੋਂ ਉਹ ਉਥੋਂ ਤੁਰ ਜਾਂਦਾ ਤਾਂ ਉਹ ਦੀ ਪਿੱਠ ਵਲ ਝਾਕ ਕੇ ਕੋਈ ਹੱਸਣ ਲੱਗਦਾ, ''ਜਾਰ, ਆਪਣੇ ਨਾਲੋਂ ਤਾਂ ਛੀਂਬਾ ਈ ਚੰਗੈ, ਧੋਤੇ ਕੱਪੜੇ ਪਾਉਂਦੈ।''

''ਪੱਗ ਦੇਖੀ ਸੀ, ਕਿਮੇਂ ਲੜ ਤੇ ਲੜ ਚਿਣਿਆ ਪਿਐ।'' ਕੋਈ ਹੋਰ ਹਸਦ ਕਰਦਾ।

''ਖੂੰਡੀ ਖੜਕਾਕੇ ਤੁਰਦੈ, ਜਿਮੇਂ ਜੱਟਾਂ ਦੇ ਉਤੋਂ ਦੀ ਹੋਵੇ। ਛਿੰਬੋੜ ਦੀ ਮੜਕ ਤਾਂ ਦੇਖ'' ਤੀਜਾ ਜਿਵੇਂ ਬਹੁਤਾ ਹੀ ਮੱਚਿਆ ਪਿਆ ਹੋਵੇ।

Scanned by CamScanner

18

ਆਸਾ ਸਿੰਘ ਮਰੇ ਤੋਂ ਕੁਝ ਸਾਲ ਤਾਂ ਚਾਰੇ ਭਰਾ ਇਕੱਠੇ ਰਹੇ, ਫੇਰ ਅੱਡ ਹੋ ਗਏ। ਮਕਾਨ ਖੁੱਲ੍ਹਾ ਸੀ, ਚਾਰ ਵੰਡਾਂ ਪਾ ਲਈਆਂ। ਸੇਪੀ ਦਾ ਕੰਮ ਖਤਮ ਹੋ ਚੁੱਕਿਆ ਸੀ। ਹੁਣ ਉਹ ਸਮੇਂ ਨਹੀਂ ਰਹੇ ਸਨ। ਪਿੰਡ ਦੇ ਲੋਕ ਉਹਨਾਂ ਤੋਂ ਪੈਸੇ ਦੇ ਕੇ ਕੱਪੜੇ ਸਿਲਵਾਉਂਦੇ। ਖੱਦਰ ਕੋਈ ਪਹਿਨਦਾ ਹੀ ਨਹੀਂ ਸੀ। ਤਾਣੀ ਬੁਣਨ ਦਾ ਕੰਮ ਜੱਟਾਂ ਦੀਆਂ ਕੁੜੀਆਂ ਬਹੂਆਂ ਆਪ ਹੀ ਕਰਦੀਆਂ। ਇਹ ਖੱਦਰ ਘਰ ਦੇ ਹੋਰ ਕੰਮਾਂ ਵਿਚ ਵਰਤਿਆ ਜਾਂਦਾ। ਕੁੜੀਆਂ-ਬਹੂਆਂ ਖੇਸ ਬੁਣਦੀਆਂ, ਚਤਹੀਆਂ ਬੁਣਦੀਆਂ ਅਤੇ ਚਾਰਖਾਨੇ ਦਾ ਖੱਦਰ, ਜੋ ਗੁਦੈਲੇ ਆਦਿ ਲਈ ਕੰਮ ਆਉਂਦਾ। ਸੜਕਾਂ ਨਿੱਕਲ ਚੁੱਕੀਆਂ ਸਨ। ਸੜਕਾਂ ਰਾਹੀਂ ਪਿੰਡ ਸ਼ਹਿਰਾਂ ਨਾਲ ਜੁੜ ਚੁੱਕੇ ਸਨ। ਵੱਡੀਆਂ ਸੜਕਾਂ ਤੋਂ ਪਿੰਡਾਂ ਨੂੰ ਲਿੰਕ-ਸੜਕਾਂ ਜਾਂਦੀਆਂ। ਇਕ ਪਿੰਡ ਦੂਜੇ ਪਿੰਡ ਨਾਲ ਜੁੜ ਗਿਆ। ਇਕ ਤਰ੍ਹਾਂ ਨਾਲ ਪਿੰਡ ਨੇੜੇ-ਨੇੜੇ ਹੋ ਗਏ ਅਤੇ ਸ਼ਹਿਰ ਸੜਕਾਂ ਦੇ ਪੈਰ ਲਾ ਕੇ ਪਿੰਡਾਂ ਵਿਚ ਆ ਵੜਿਆ।

ਚਾਰਾਂ ਭਰਾਵਾਂ ਕੋਲ ਹੁਣ ਇਕ ਇਕ ਮੱਝ ਸੀ। ਕੱਖ-ਪੱਠਾ ਉਹ ਜੱਟਾਂ ਤੋਂ ਮੁੱਲ ਲੈਂਦੇ। ਚਰ੍ਹੀ, ਮੱਕੀ ਜਾਂ ਹਰੇ ਚਾਰੇ ਦਾ ਕਿਆਰਾ ਖਰੀਦ ਲੈਂਦੇ। ਜੱਟਾਂ ਤੇ ਦੂਜੀਆਂ ਜਾਤਾਂ ਦੇ ਮੁੰਡੇ-ਕੁੜੀਆਂ ਨਵੀਂ ਕਿਸਮ ਦੇ ਕੱਪੜੇ ਪਹਿਨਣ ਲੱਗੇ। ਇਹ ਨਵੀਂ ਕਿਸਮ ਦੇ ਕੱਪੜੇ ਸ਼ਹਿਰਾਂ ਵਿਚ ਸਿਉਂਤੇ ਜਾਂਦੇ ਸਨ। ਬੱਸਾਂ ਆਮ ਹੋ ਗਈਆਂ ਸਨ। ਪਿੰਡਾਂ ਦੇ ਲੋਕ ਦੁਪਹਿਰੇ ਜਾ ਕੇ ਆਥਣ ਨੂੰ ਘਰ ਮੁੜ ਆਉਂਦੇ। ਸ਼ਾਮ ਦੀਆਂ ਬੱਸਾਂ ਪਿੰਡਾਂ ਦੀਆਂ ਸਵਾਰੀਆਂ ਨਾਲ ਹੀ ਭਰੀਆਂ ਹੁੰਦੀਆਂ। ਪਿੰਡ ਵਿਚ ਕੱਪੜੇ ਸਿਉਣ ਦਾ ਐਨਾ ਕੰਮ ਨਹੀਂ ਰਹਿ ਗਿਆ ਸੀ। ਛੋਟਾ ਭਗਵੰਤ ਅਤੇ ਉਸ ਤੋਂ ਵੱਡਾ ਬਖਤੌਰ ਸ਼ਹਿਰ ਜਾਣ ਲੱਗੇ। ਆਲਾ ਸਿੰਘ ਵਾਲਾ ਬਹੁਤੀ ਦੂਰ ਨਹੀਂ ਸੀ। ਬੱਸ ਸਾਈਕਲ ਦੀ ਮਾਰ ਸੀ। ਉਹ ਨਿੱਤ ਸਵੇਰੇ ਦੁਕਾਨਾਂ ਖੁੱਲ੍ਹਣ ਵੇਲੇ ਨੂੰ ਸ਼ਹਿਰ ਪਹੁੰਚ ਜਾਂਦੇ ਅਤੇ ਆਥਣੇ ਹਨ੍ਹੇਰੇ ਹੋਏ ਪਿੰਡ ਮੁੜਦੇ। ਦੋਵਾਂ ਭਰਾਵਾਂ ਨੇ ਕੱਪੜੇ ਦੀਆਂ ਅੱਡ-ਅੱਡ ਦੁਕਾਨਾਂ ਉੱਤੇ ਫੱਟੇ ਰੱਖੇ ਹੋਏ ਸਨ। ਦੁਕਾਨ ਤੋਂ ਕੱਪੜਾ ਖਰੀਦਣ ਵਾਲੇ ਪੇਂਡੂ ਲੋਕ ਓਥੇ ਬੈਠੇ ਦਰਜ਼ੀ ਨੂੰ ਹੀ ਕੱਪੜੇ ਸਿਊਣੇ ਦੇ ਦਿੰਦੇ। ਦੁਪਹਿਰੇ ਦਿੱਤਾ ਕਮੀਜ਼ ਪਜਾਮਾ, ਕੁੜਤੀ ਸਲਵਾਰ ਜਾਂ ਨਿੱਕਰਾਂ ਕਛਹਿਰੇ ਉਹ ਆਥਣ ਤੱਕ ਪਿਛਲੀ ਬੱਸ ਜਾਣ ਤੋਂ ਪਹਿਲਾਂ ਪਹਿਲਾਂ ਸਿਉਂ ਦਿੰਦੇ। ਪਿੰਡ ਦੇ ਦਰਜ਼ੀ ਕੋਲ ਨਿੱਤ ਦੇ ਗੇੜੇ ਮਾਰਨ ਨਾਲੋਂ ਇਹ ਵਧੀਆ ਗੱਲ ਸੀ। ਫੱਟੇ ਵਾਲੇ ਦਰਜੀ ਨੂੰ ਪੈਸੇ ਵੀ ਨਕਦ ਮਿਲਦੇ। ਦੁਕਾਨਾਂ ਉੱਤੇ ਬੈਠੇ ਉਹ ਦਰਜੀ ਬਾਣੀਆਂ ਦੇ ਹੋਰ ਨਿੱਕੇ ਮੋਟੇ ਕੰਮ ਵੀ ਕਰਦੇ

Scanned by CamScanner

ਰਹਿੰਦੇ ਸਨ। ਦੁਕਾਨ ਉੱਤੇ ਗਾਹਕ ਦਰਜੀ ਕਰਕੇ ਵੀ ਆਉਂਦਾ। ਦੋਵੇਂ ਧਿਰਾਂ ਦੀ ਬਣੀ ਹੁੰਦੀ।

ਭਗਵੰਤ ਅਤੇ ਬਖਤੌਰ ਨੇ ਸ਼ਹਿਰ ਵਿਚ ਹੀ ਛੋਟੇ-ਛੋਟੇ ਪਲਾਟ ਖਰੀਦ ਲਏ, ਬਾਹਰ ਖੁੱਲ੍ਹੀਆਂ ਆਬਾਦੀਆਂ ਵਿਚ, ਸਸਤੇ ਭਾਅ ਦੇ ਪਲਾਟ। ਫੇਰ ਹੌਲੀ-ਹੌਲੀ ਕਰਕੇ ਮਕਾਨ ਛੱਤ ਲਏ। ਸਰਦਾਰਗੜ੍ਹ ਛੱਡ ਹੀ ਦਿੱਤਾ। ਫੇਰ ਤਾਂ ਉਹ ਦੁਕਾਨਾਂ ਉੱਤੇ ਵੀ ਕੰਮ ਕਰਦੇ ਅਤੇ ਘਰ ਲਿਜਾ ਕੇ ਵੀ। ਉਹਨਾਂ ਦੀਆਂ ਜਨਾਨੀਆਂ ਕਾਜ-ਬਟਨ ਅਤੇ ਤਿਰਪਾਈ ਦਾ ਕੰਮ ਕਰਦੀਆਂ ਸਨ। ਬੱਚੇ ਸਕੂਲਾਂ-ਕਾਲਜਾਂ ਵਿਚ ਪੜ੍ਹਨ ਜਾਂਦੇ।

ਸਭ ਤੋਂ ਵੱਡੇ ਬੁੱਧ ਸਿੰਘ ਦੇ ਕੋਈ ਔਲਾਦ ਨਹੀਂ ਸੀ। ਉਹਨੇ ਬਥੇਰਾ ਕੰਮ ਕੀਤਾ ਸੀ। ਪਰ ਵੱਡਾ ਹੋ ਕੇ ਬੀਮਾਰ ਰਹਿਣ ਲੱਗਿਆ। ਫੇਰ ਮਰ ਗਿਆ। ਉਹਦੇ ਘਰਵਾਲੀ ਮਸ਼ੀਨ ਦਾ ਕੰਮ ਜਾਣਦੀ ਸੀ। ਪਹਿਲਾਂ ਪਹਿਲਾਂ ਤਾਂ ਉਹ ਖੁਦ ਔਰਤਾਂ ਦੇ ਕੱਪੜੇ ਸਿਉਂਦੀ ਰਹੀ, ਫੇਰ ਭਤੀਜੇ ਨੂੰ ਸਰਦਾਰਗੜ੍ਹ ਲੈ ਆਈ। ਭਤੀਜਾ ਹੀ ਫੇਰ ਸਿਲਾਈ ਦਾ ਕੰਮ ਕਰਦਾ। ਉਹਦੇ ਕਈ ਭਤੀਜੇ ਸਨ। ਸਭ ਤੋਂ ਛੋਟੇ ਨੂੰ ਉਹ ਲੈ ਆਈ ਸੀ। ਫੇਰ ਉਹਨੂੰ ਵਿਆਹ ਲਿਆ। ਉਹ ਵੀ ਫੇਰ ਕੁਝ ਸਾਲਾਂ ਬਾਅਦ ਆਲਾ ਸਿੰਘ ਵਾਲੇ ਜਾਣ ਲੱਗਿਆ। ਦੁਕਾਨ ਉੱਤੇ ਫੱਟਾ ਧਰ ਦਿਤਾ। ਭੂਆ ਨੂੰ ਉਹਦਾ ਬਹੁਤ ਸਹਾਰਾ ਸੀ। ਉਹਦੇ ਦਿਨ ਨਿੱਕਲ ਰਹੇ ਸਨ।

ਕਰਤਾਰ ਨੇ ਪਿੰਡ ਨਹੀਂ ਛੱਡਿਆ। ਉਹ ਸਾਰੀ ਉਮਰ ਓਥੇ ਹੀ ਡਟਿਆ ਰਿਹਾ। ਪਿੰਡ ਦੇ ਵਿਚਕਾਰ ਜਿਹੇ ਉੱਚੇ ਥਾਂ ਉੱਤੇ ਥੁੜੇ-ਟੁੱਟੇ ਕਿਸਾਨ ਨੱਥਾ ਸਿੰਘ ਦੀ ਇਕ ਪੁਰਾਣੀ ਤੇ ਕੱਚੀਆਂ ਇੱਟਾਂ ਦੀ ਬੈਠਕ ਉਹਨੇ ਥੋੜੇ ਜਿਹੇ ਪੈਸੇ ਦੇ ਕੇ ਹੀ ਖਰੀਦ ਲਈ ਸੀ। ਫੇਰ ਇਹ ਬੈਠਕ ਢਾਹ ਕੇ ਉਹਨਾਂ ਹੀ ਨੀਂਹਾਂ ਉੱਤੇ ਉਹਨੇ ਪੱਕੀ ਬੈਠਕ ਬਣਾ ਲਈ। ਬੈਠਕ ਦੀਆਂ ਕੰਧਾਂ ਵਿਚ ਅਲਮਾਰੀਆਂ ਸਨ। ਵੀਹੀ ਉੱਤੇ ਬਾਰ ਸੀ ਅਤੇ ਵਿੰਡੋ। ਬੈਠਕ ਦੇ ਇਕ ਪਾਸੇ ਫਰਸ਼ ਤੋਂ ਦੋ ਇੱਟਾਂ ਉੱਚਾ ਚੌਤਰਾ ਬਣਵਾਇਆ ਜਿਸ ਉੱਤੇ ਲੰਮੀ ਚੌੜੀ ਦਰੀ ਵਿਛੀ ਰਹਿੰਦੀ, ਦਰੀ ਉੱਤੇ ਚਿੱਟੀਆਂ ਸਫੈਦ ਚਾਦਰਾਂ। ਇਥੇ ਬੈਠਕੇ ਹੀ ਉਹ ਸਿਲਾਈ ਦਾ ਕੰਮ ਕਰਦਾ। ਕੰਧ ਨਾਲ ਦੋ ਉੱਚੇ ਸਿਰਹਾਣੇ ਪਏ ਰਹਿੰਦੇ, ਜਿਨ੍ਹਾਂ ਦੀ ਢੂਹ ਲਾ ਕੇ ਆਏ ਗਏ ਲੋਕ ਬੈਠਦੇ। ਸਾਰਾ ਦਿਨ ਗੱਲਾਂ ਹੁੰਦੀਆਂ ਰਹਿੰਦੀਆਂ। ਪਿੰਡ ਦੇ ਕਈ ਥੁੜ੍ਹੇ-ਠੇਰੇ ਇੱਥੇ ਆ ਕੇ ਬੈਠਦੇ ਸਨ। ਉਹ ਨਿੱਤ ਦੀ ਹਾਜ਼ਰੀ ਭਰਦੇ। ਕਰਤਾਰ ਹਰ ਇਕ ਨੂੰ ਜੀ ਆਇਆਂ ਆਖਦਾ। ਮੱਥੇ ਵੱਟ ਨਹੀਂ ਪਾਉਂਦਾ ਸੀ। ਜਿਸ ਦਿਨ ਕੋਈ ਕੁਝ ਚਿਰ ਨਹੀਂ ਆਉਂਦਾ ਸੀ ਤਾਂ ਉਹਦਾ ਜੀਆ ਨਾ ਲਗਦਾ। ਜਿਵੇਂ ਉਹਦੀ ਬੈਠਕ ਸੁੰਨੀ-ਸੁੰਨੀ ਹੋਵੇ। ਲੋਕਾਂ ਦੀਆਂ ਗੱਲਾਂ ਵਿਚ ਤਾਂ ਉਹਦਾ ਕੰਮ ਪਤਾ ਨਹੀਂ ਕਦੋਂ ਨਿੱਬੜ ਜਾਂਦਾ ਸੀ।

ਕਰਤਾਰ ਦਾ ਇਕੋ ਮੁੰਡਾ ਸੀ, ਜੋ ਦਸਵੀਂ ਜਮਾਤ ਪਾਸ ਕਰਕੇ ਮਸ਼ੀਨ 'ਤੇ ਹੀ

Scanned by CamScanner

ਬੈਠ ਗਿਆ ਸੀ। ਪੜ੍ਹਾਈ ਵਿਚ ਉਹ ਕੋਈ ਬਹੁਤਾ ਚੰਗਾ ਨਹੀਂ ਸੀ। ਮਸਾਂ ਹੀ ਦਸਵੀਂ ਪਾਸ ਕੀਤੀ। ਹੁਣ ਸਿਲਾਈ ਦਾ ਕੰਮ ਉਹ ਵਧੀਆ ਕਰਦਾ। ਇਹ ਕੰਮ ਨੀਲਮ ਦੀ ਰੁਚੀ ਅਨੁਸਾਰ ਸੀ।

ਨੱਥਾ ਸਿੰਘ ਦੀ ਇਹ ਕੱਚੀ ਬੈਠਕ ਕਦੇ ਪਿੰਡ ਦਾ ਸ਼ੰਗਾਰ ਹੁੰਦੀ। ਪਾਣੀ ਦਾ ਛਿੜਕਾ ਕਰਕੇ ਗਰਮੀਆਂ ਵਿਚ ਨੱਥਾ ਸਿੰਘ ਇਥੇ ਚਾਰ ਮੰਜੇ ਡਾਹ ਦਿੰਦਾ। ਉਹਦੇ ਯਾਰ ਬੇਲੀ ਜਦੋਂ ਵਿਹਲ ਮਿਲਦੀ, ਦਿਨੇ ਇਥੇ ਆਕੇ ਬੈਠਦੇ ਅਤੇ ਗੱਲਾਂ ਕਰਦੇ। ਰਾਤ ਦੀ ਦਾਰੂ ਦਾ ਭੰਨਿਆ ਕੋਈ ਜਣਾ ਏਥੇ ਆ ਕੇ ਸੁੱਤਾ ਰਹਿੰਦਾ। ਨੱਥਾ ਸੂੰ ਉਹਨੂੰ ਸ਼ਕੰਜਵੀ ਪਿਆਉਂਦਾ ਫਿਰਦਾ। ਸਿਆਲਾਂ ਵਿਚ ਆਥਣ ਵੇਲੇ ਏਸੇ ਬੈਠਕ ਵਿਚ ਢਾਣੀ ਜੁੜਦੀ। ਬੱਕਰਾ ਰਿੰਨ੍ਹਿਆ ਜਾਂਦਾ ਅਤੇ ਘਰ ਦੀ ਕੱਢੀ ਸ਼ਰਾਬ ਦੀਆਂ ਬੋਤਲਾਂ ਖਾਲੀ ਹੁੰਦੀਆਂ ਰਹਿੰਦੀਆਂ। ਉਹ ਕੋਈ ਰੌਲਾ ਗੌਲਾ ਨਹੀਂ ਕਰਦੇ ਸਨ, ਚੁੱਪ-ਚਾਪ ਖਾਂਦੇ-ਪੀਂਦੇ ਰਹਿੰਦੇ ਅਤੇ ਮਾਲ ਮੁੱਕੇ ਤੋਂ ਆਪੋ ਆਪਣੇ ਘਰਾਂ ਨੂੰ ਝੁਰ ਜਾਂਦੇ। ਏਸੇ ਕਰਕੇ ਗੁਆਂਢੀਆਂ ਨੂੰ ਬੈਠਕ ਦਾ ਕੋਈ ਦੁੱਖ ਨਹੀਂ ਸੀ। ਕੋਈ ਉਲਾਂਭਾ ਨਹੀਂ ਸੀ।

19

ਪਿੰਡ ਵਿਚ ਤਾਂ ਦੇਸੀ ਜਿਹੇ ਕੱਪੜਿਆਂ ਦਾ ਕੰਮ ਸੀ, ਜਿਹਨਾਂ ਵਿਚੋਂ ਕੋਈ ਖਾਸ ਆਮਦਨ ਨਹੀਂ ਸੀ। ਬਹੁਤ ਘੱਟ ਲੋਕ ਨਕਦ ਪੈਸੇ ਦਿੰਦੇ, ਉਧਾਰ ਪਿਆ ਰਹਿੰਦਾ। ਨੀਲਮ ਪੜ੍ਹ ਤਾਂ ਸਕਿਆ ਨਾ ਕਿ ਕੋਈ ਨੌਕਰੀ ਕਰਦਾ। ਹੁਣ ਕਰਤਾਰ ਚਾਹੁੰਦਾ ਸੀ ਕਿ ਉਹ ਵੱਡਾ ਟੇਲਰ ਹੀ ਬਣ ਜਾਵੇ। ਸ਼ਹਿਰਾਂ ਵਿਚ ਇਹਨਾਂ ਲੋਕਾਂ ਦੀਆਂ ਵੱਡੀਆਂ ਵੱਡੀਆਂ ਦੁਕਾਨਾਂ ਹਨ। ਹਜ਼ਾਰਾਂ ਰੁਪਏ ਨਿੱਤ ਦੀ ਕਮਾਈ ਹੈ। ਸ਼ਹਿਰਾਂ ਦੇ ਦਰਜੀ ਤਾਂ ਬਣੇ ਬੈਠੇ ਹਨ। ਉਹਨੇ ਨੀਲਮ ਨੂੰ ਆਲਾ ਸਿੰਘ ਵਾਲੇ ਭੇਜ ਦਿੱਤਾ।

ਆਲਾ ਸਿੰਘ ਵਾਲੇ ਦਸ ਬਾਰਾਂ ਦੁਕਾਨਾਂ ਵੱਡੇ ਟੇਲਰਾਂ ਦੀਆਂ ਸਨ। ਇਹਨਾਂ ਦੁਕਾਨਾਂ ਉੱਤੇ ਉੱਚ-ਪੱਧਰ ਦਾ ਕੰਮ ਸੀ। ਸਿਆਲਾਂ ਵਿਚ ਕੋਟ-ਪੈਂਟ ਦੀ ਸਿਲਾਈ ਐਨੀ ਸੀ, ਜਿੰਨੀ ਕਦੇ ਸੁਣੀ ਨਾ ਹੋਵੇ। ਪੈਂਟ-ਬੁਸ਼ਰਟ ਦੀ ਸਿਲਾਈ ਵਿਚੋਂ ਵੀ ਬਹੁਤ ਕਮਾਈ ਸੀ। ਲੇਡੀਜ਼ ਲਈ ਵੱਖਰੀਆਂ ਦੁਕਾਨਾਂ ਸਨ। ਇਹਨਾਂ ਵੱਡੇ ਟੇਲਰਾਂ ਦੇ ਵੱਡੇ ਵੱਡੇ ਚੁਬਾਰੇ ਲਏ ਹੁੰਦੇ, ਜਿੱਥੇ ਉਹਨਾਂ ਦੇ ਵੀਹ-ਵੀਹ ਕਾਰੀਗਰ ਕੰਮ ਕਰਦੇ। ਉਹ ਕਾਰੀਗਰ ਬਹੁਤਾ ਕਰਕੇ ਉੱਤਰ ਪ੍ਰਦੇਸ਼ ਤੋਂ ਆਉਂਦੇ। ਉਹਨਾਂ ਲੋਕਾਂ ਦੇ ਹੱਥ ਵਿਚ ਬੇਹੱਦ ਸਫਾਈ ਸੀ। ਕਾਰੀਗਰ ਮੁੰਡਿਆਂ ਨੇ ਇਥੋਂ ਕਮਾਕੇ ਆਪਣੇ ਘਰਾਂ ਨੂੰ ਜਾਣਾ ਹੁੰਦਾ, ਸੋ ਉਹ ਦਿਨ-

Scanned by CamScanner

ਰਾਤ ਕੰਮ ਕਰਦੇ। ਉਹਨਾਂ ਨੂੰ ਪਤਾ ਨਹੀਂ ਰਹਿੰਦਾ ਸੀ ਕਿ ਦਿਨ ਕਦੋਂ ਚੜ੍ਹਦਾ ਹੈ ਅਤੇ ਕਦੋਂ ਛਿਪਦਾ ਹੈ। ਚੌਵੀ ਘੰਟਿਆਂ ਵਿਚੋਂ ਮਸਾਂ ਚਾਰ ਪੰਜ ਘੰਟੇ ਹੀ ਸੌਂਦੇ ਹੋਣਗੇ। ਮਸ਼ੀਨਾਂ ਨਾਲ ਕੰਮ ਕਰਦੇ ਉਹ ਖੁਦ ਮਸ਼ੀਨ ਬਣੇ ਰਹਿੰਦੇ।

ਕੋਹਿਨੂਰ ਟੇਲਰਜ਼ ਵਾਲਿਆਂ ਨਾਲ ਕਰਤਾਰ ਸਿੰਘ ਦੀ ਕੋਈ ਪੁਰਾਣੀ ਰਿਸ਼ਤੇਦਾਰੀ ਸੀ–ਬੁੜ੍ਹਿਆ ਦੀ ਰਿਸ਼ਤੇਦਾਰੀ। ਜਦੋਂ ਕਦੇ ਕਰਤਾਰ ਉਹਨਾਂ ਦੀ ਦੁਕਾਨ 'ਤੇ ਗਿਆ ਸੀ, ਹਿੰਮਤ ਸਿੰਘ ਨੇ ਪੂਰਾ ਮੋਹ ਦਿਖਾਇਆ। ਚਾਹ ਪਿਆਉਂਦਾ ਅਤੇ ਸਾਕ–ਸਕੀਰੀਆਂ ਦੀਆਂ ਗੱਲਾਂ ਕਰਦਾ। ਉਹਦੇ ਪਰਿਵਾਰ ਦੀ ਸੁੱਖ–ਸਾਂਦ ਪੁੱਛਦਾ। ਉਹਨੂੰ ਰਾਤ ਰਹਿਣ ਲਈ ਆਖਦਾ। ਹਿੰਮਤ ਸਿੰਘ ਦੋ ਪੈਗ ਨਿੱਤ ਦਾ ਸ਼ਰਾਬੀ ਸੀ। ਆਥਣੇ ਘਰ ਜਾ ਕੇ ਇਕੱਲਾ ਪੀਂਦਾ ਅਤੇ ਦਿਨ ਭਰ ਦਾ ਥਕੇਵਾਂ ਲਾਹ ਲੈਂਦਾ। ਰੋਟੀ ਖਾ ਕੇ ਸੌਂ ਜਾਂਦਾ। ਸਵੇਰੇ ਚਾਰ ਵਜੇ ਉੱਠ ਕੇ ਘਰ ਵੀ ਸਿਲਾਈ ਦਾ ਕੰਮ ਕਰਦਾ। ਮਸ਼ੀਨਾਂ ਚਲਦੀਆਂ ਅਤੇ ਟ੍ਰਾਂਜਿਸਟਰ ਉੱਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਗੁਰਬਾਣੀ ਕੀਰਤਨ ਵੀ। ਚੁਬਾਰੇ ਵਿਚ ਹਿੰਮਤ ਸਿੰਘ ਦੇ ਬਾਰਾਂ ਬੰਦੇ ਕੰਮ ਕਰਦੇ ਸਨ। ਇਹ ਸਾਰੇ ਲਖਨਊ ਅਤੇ ਕਾਨਪੁਰ ਦੇ ਸਨ। ਪਹਿਲਾਂ ਗੱਲ ਕਰਕੇ ਕਰਤਾਰ ਇਕ ਦਿਨ ਨੀਲਮ ਨੂੰ ਹਿੰਮਤ ਸਿੰਘ ਕੋਲ ਛੱਡ ਆਇਆ। ਮਸ਼ੀਨ ਉਹਦੇ ਪਹਿਲਾਂ ਹੀ ਹੱਥ ਲੱਗੀ ਹੋਈ ਸੀ। ਉਹ ਕੋਈ ਨਵਾਂ ਕੰਮ ਨਹੀਂ ਸੀ। ਉਹ ਦਿਨਾਂ ਵਿਚ ਹੀ ਨਿੱਖਰ ਕੇ ਸਾਹਮਣੇ ਆ ਗਿਆ। ਹਿੰਮਤ ਸਿੰਘ ਕੱਪੜਿਆਂ ਦੀ ਕਟਿੰਗ ਆਪ ਕਰਦਾ। ਚੇਲੇ ਸਿਉਂਦੇ ਰਹਿੰਦੇ। ਨੀਲਮ ਤੇਜ਼ੀ ਨਾਲ ਸਿੱਖ ਰਿਹਾ ਸੀ। ਕਦੇ ਕਦੇ ਉਹ ਹਿੰਮਤ ਸਿੰਘ ਨੂੰ ਕਟਿੰਗ ਕਰਦੇ ਨੂੰ ਖੜ੍ਹਾ ਹੋ ਕੇ ਦੇਖਣ ਲੱਗਦਾ। ਹਿੰਮਤ ਸਿੰਘ ਮੂੰਹੋਂ ਬੋਲ ਕੇ ਵੀ ਨੁਕਤੇ ਸਮਝਾਉਂਦਾ ਸੀ। ਨੀਲਮ ਤਿਖੀ ਬੁੱਧੀ ਵਾਲਾ ਮੁੰਡਾ ਸੀ। ਦਸਵੀਂ ਜਮਾਤ ਪਾਸ ਸੀ। ਅੱਖਰਾਂ ਦਾ ਸਿਆਣੂ ਸੀ। ਬਾਕੀ ਸਾਰੇ ਚੇਲੇ ਅਣਪੜ੍ਹਾਂ ਜਿਹੇ ਸਨ।

ਪਹਿਲਾਂ ਪਹਿਲਾਂ ਤਾਂ ਕੁਝ ਮਹੀਨੇ ਨੀਲਮ ਸਾਈਕਲ ਤੇ ਪਿੰਡ ਆਉਂਦਾ ਰਿਹਾ। ਫੇਰ ਹਿੰਮਤ ਸਿੰਘ ਦੇ ਘਰ ਹੀ ਰਹਿਣ ਲੱਗਿਆ। ਘਰ ਦੀ ਬੈਠਕ ਵਿਚ ਜਿੱਥੇ ਸਵੇਰੇ ਉੱਠ ਕੇ ਉਹ ਕੰਮ ਕਰਦੇ ਹੁੰਦੇ, ਨੀਲਮ ਰਾਤ ਨੂੰ ਉਥੇ ਹੀ ਸੌਂ ਜਾਂਦਾ ਸੀ। ਰੋਟੀ ਉਹਨਾਂ ਦੇ ਘਰ ਹੀ ਖਾਂਦਾ। ਉਹਨਾਂ ਦੇ ਉਹ ਕਈ ਕੰਮ ਕਰਦਾ। ਡੇਅਰੀ ਤੋਂ ਦੁੱਧ ਲੈ ਕੇ ਆਉਣਾ ਉਹਦੀ ਪੱਕੀ ਡਿਊਟੀ ਸੀ। ਬਾਜ਼ਾਰੋਂ ਸਬਜ਼ੀ ਲੈ ਕੇ ਆਉਂਦਾ। ਹਿੰਮਤ ਸਿੰਘ ਦੇ ਪੋਤੇ ਨੂੰ ਸਕੂਲ ਛੱਡ ਆਉਂਦਾ। ਦੁਪਹਿਰ ਵੇਲੇ ਲੈ ਕੇ ਵੀ ਉਹੀ ਆਉਂਦਾ। ਪੋਤਾ ਇਕ ਮਾਡਲ ਸਕੂਲ ਵਿਚ ਪੜ੍ਹਦਾ ਸੀ।

ਹਿੰਮਤ ਸਿੰਘ ਕਦੇ ਢਿੱਲਾ–ਮੱਠਾ ਹੁੰਦਾ, ਦੁਕਾਨ ਉੱਤੇ ਆਉਂਦਾ ਨਾ ਜਾਂ ਉਹ ਕਿਧਰੇ ਰਿਸ਼ਤੇਦਾਰੀ ਵਿਚ ਗਿਆ ਹੁੰਦਾ ਤਾਂ ਕਾਊਂਟਰ 'ਤੇ ਨੀਲਮ ਹੀ ਬੈਠਦਾ। ਓਹੀ ਕੱਪੜਿਆਂ ਦੀ ਕਟਿੰਗ ਕਰਦਾ ਅਤੇ ਦੂਜੇ ਮੁੰਡਿਆਂ ਨੂੰ ਦਿੰਦਾ ਜਾਂਦਾ। ਕਟਿੰਗ ਵਿਚ

Scanned by CamScanner

ਉਹਦੇ ਕੋਲ ਹਿੰਮਤ ਸਿੰਘ ਦਾ ਹੱਥ ਆ ਗਿਆ ਸੀ।

ਦੂਜੇ ਮੁੰਡੇ ਜਿਹੜੇ ਕੋਹਿਨੂਰ ਦੇ ਕੰਮ ਕਰਦੇ ਸਨ, ਉਹ ਐਨੇ ਤਿੱਖੇ ਨਹੀਂ ਸਨ। ਕਦੇ ਕੋਈ ਇਕ ਮੁੰਡਾ ਕੰਮ ਛੱਡ ਜਾਂਦਾ ਤਾਂ ਨਵਾਂ ਹੋਰ ਕੋਈ ਸਿਖਾਂਦਰੂ ਮੁੰਡਾ ਆ ਜਾਂਦਾ। ਨੀਲਮ ਤੇਜ਼ੀ ਨਾਲ ਚੱਲਿਆ ਸੀ ਅਤੇ ਸਿਲਾਈ ਦਾ ਵਧੀਆ ਕਾਰੀਗਰ ਬਣ ਗਿਆ।

ਹਿੰਮਤ ਸਿੰਘ ਦਾ ਮੁੰਡਾ ਰਾਜਦੇਵ ਸਿੰਘ ਸ਼ਹਿਰ ਦੀ ਮਾਰਕੀਟ ਕਮੇਟੀ ਵਿਚ ਕੰਮ ਕਰਦਾ ਸੀ। ਉਹਨੂੰ ਖਾਸੀ ਆਮਦਨ ਸੀ। ਹਿੰਮਤ ਸਿੰਘ ਨੂੰ ਚਾਹੇ ਟੇਲਰਿੰਗ ਦੇ ਕੰਮ ਵਿਚ ਅੰਨ੍ਹੀ ਕਮਾਈ ਸੀ, ਪਰ ਉਹਨੇ ਆਪਣੇ ਮੁੰਡੇ ਨੂੰ ਇਸ ਕੰਮ ਵਿਚ ਨਹੀਂ ਪਾਇਆ ਸੀ। ਉਹਨੇ ਰਾਜਦੇਵ ਨੂੰ ਛੀਂਬਿਆਂ ਦੀ ਜਾਤ ਵਿਚੋਂ ਬਾਹਰ ਕੱਢਣਾ ਚਾਹਿਆ। ਪਹਿਲਾਂ ਉਹਨੂੰ ਬੀ. ਏ. ਤੱਕ ਪੜ੍ਹਾਇਆ ਅਤੇ ਫੇਰ ਸ਼ਹਿਰ ਦੀ ਮਾਰਕਿਟ ਕਮੇਟੀ ਵਿਚ ਨੌਕਰ ਕਰਵਾ ਦਿੱਤਾ।

ਹਿੰਮਤ ਸਿੰਘ ਦੀ ਰਿਸ਼ਤੇਦਾਰੀ ਵਿਚੋਂ ਮੁੰਡੇ ਬਾਹਰਲੇ ਦੇਸ਼ਾਂ ਨੂੰ ਵੀ ਗਏ ਹੋਏ ਸਨ। ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ। ਉਹ ਆਲਾ ਸਿੰਘ ਵਾਲੇ ਉਹਨੂੰ ਮਿਲਣ ਆਉਂਦੇ ਤਾਂ ਸੱਦਾ ਦੇ ਕੇ ਜਾਂਦੇ। ਆਖਦੇ ਤੁਸੀਂ ਇਕ ਵਾਰ ਸਾਨੂੰ ਆ ਕੇ ਤਾਂ ਦੇਖੋ, ਓਥੇ। ਕਿੰਨੀਆਂ ਮੌਜਾਂ ਨੇ। ਤੁਹਾਨੂੰ ਵੀ ਐਸ਼ ਕਰਾਈਏ ਮਹੀਨਾ ਦੋ ਮਹੀਨੇ। ਰਾਜਦੇਵ ਵੀ ਕਈ ਵਾਰ ਆਖ ਚੁੱਕਿਆ ਸੀ, ''ਪਾਪਾ ਜੀ, ਤੁਸੀਂ ਬਾਹਰ ਫਿਰ ਤੁਰ ਆਓ। ਸਾਰੀ ਉਮਰ ਹੋਗੀ ਘੱਟਾ ਢੋਂਹਦਿਆਂ ਨੂੰ। ਮਗਰੋਂ ਮੈਂ ਆਪੇ ਸਾਂਭ ਲੂੰ। ਨੀਲਮ ਹੈਗਾ ਆਪਣਾ।''

ਹਿੰਮਤ ਸਿੰਘ ਚਾਰ ਮਹੀਨੇ ਬਾਹਰੋਂ ਨਹੀਂ ਮੁੜਿਆ। ਇੰਗਲੈਂਡ, ਕੈਨੇਡਾ, ਅਮਰੀਕਾ ਸਾਰੇ ਘੁੰਮਿਆ ਫਿਰਿਆ। ਜਿੱਥੇ ਜਾਂਦਾ, ਅਗਲੇ ਹੱਥਾਂ ਉੱਤੇ ਚੁੱਕ ਲੈਂਦੇ ਅਤੇ ਪੂਰੀ ਸੇਵਾ ਕਰਦੇ। ਚਾਹੇ ਉਹਨੂੰ ਗੋਡਿਆਂ ਦੀ ਸ਼ਿਕਾਇਤ ਸੀ, ਪਰ ਉਹਨੇ ਗੌਲਿਆ ਨਹੀਂ। ਮਹਿੰਗੀ ਤੋਂ ਮਹਿੰਗੀ ਸ਼ਰਾਬ ਪੀਤੀ ਅਤੇ ਬਾਹਰਲੇ ਮੁਲਕਾਂ ਦੀਆਂ ਮਸ਼ਹੂਰ ਥਾਵਾਂ ਦੀ ਸੈਰ ਕੀਤੀ। ਜਿੱਥੇ ਵੀ ਜਾਂਦਾ, ਉਹ ਓਸੇ ਦੇ ਹੋ ਜਾਂਦੇ। ਆਪਣਾ ਕੰਮ ਛੱਡ ਦਿੰਦੇ, ਉਹਦੀ ਖਾਤਰ ਆਖਦੇ, ''ਹਿੰਮਤ ਸੂੰ ਮੁੜ ਕੇ ਫੇਰ ਕਦੋਂ ਆਉਣੈ।''

ਮਗਰੋਂ ਕੋਹਿਨੂਰ ਦਾ ਸਾਰਾ ਕਾਰੋਬਾਰ ਨੀਲਮ ਦੇ ਹੱਥ ਆ ਗਿਆ। ਦਿਨ ਦੀ ਜਿੰਨੀ ਕਮਾਈ ਹੁੰਦੀ ਉਹ ਬੜੀ ਈਮਾਨਦਾਰੀ ਨਾਲ ਘਰ ਲਿਆ ਕੇ ਰਾਜਦੇਵ ਨੂੰ ਫੜਾ ਦਿੰਦਾ ਸੀ। ਕਾਰੀਗਰਾਂ ਦਾ ਹਿਸਾਬ-ਕਿਤਾਬ ਵੀ ਨੀਲਮ ਕਰਦਾ, ਪੈਸਿਆਂ ਦਾ ਲੈਣ-ਦੇਣ ਚਾਹੇ ਰਾਜਦੇਵ ਦੇ ਹੱਥ ਸੀ। ਨੀਲਮ ਰਾਜਦੇਵ ਨੂੰ ਵੀਰ ਜੀ ਵੀਰ ਜੀ ਕਰਦਾ ਰਹਿੰਦਾ ਅਤੇ ਉਹਨੂੰ ਹਿੰਮਤ ਸਿੰਘ ਸਮਝ ਕੇ ਹੀ ਉਹਦੀ ਇੱਜ਼ਤ ਕਰਦਾ। ਰਾਜਦੇਵ ਉਮਰ ਵਿਚ ਵੀ ਨੀਲਮ ਤੋਂ ਵੱਡਾ ਸੀ।

Scanned by CamScanner

ਕੋਹਿਨੂਰ ਦਾ ਕੰਮ ਸਾਰੇ ਸ਼ਹਿਰ ਅਤੇ ਇਲਾਕੇ ਵਿਚ ਮੰਨਿਆ ਹੋਇਆ ਸੀ। ਇਕ ਤਾਂ ਉਹਨਾਂ ਦੀ ਸਿਲਾਈ ਟਾਪ ਦੀ ਸੀ। ਦੂਜੇ ਉਹ ਓਸੇ ਤਰੀਕ ਨੂੰ ਕੱਪੜਾ ਸਿਊਂ ਕੇ ਦਿੰਦੇ, ਜਿਹੜੀ ਤਰੀਕ ਆਖੀ ਹੁੰਦੀ। ਗਾਹਕਾਂ ਨੂੰ ਪੂਰੀ ਤਸੱਲੀ ਸੀ। ਸਾਰੇ ਗਾਹਕ ਨੀਲਮ ਦੇ ਪੂਰੇ ਸਿਆਣੂ ਹੋ ਗਏ। ਨੀਲਮ-ਨੀਲਮ ਪਈ ਹੁੰਦੀ। ਜਿਵੇਂ ਹਿੰਮਤ ਸਿੰਘ ਨੂੰ ਭੁੱਲ ਹੀ ਗਏ ਹੋਣ। ਜਿਵੇਂ ਉਹ ਹਿੰਮਤ ਸਿੰਘ ਦਾ ਹੀ ਰੂਪ ਹੋਵੇ। ਉਹ ਗਾਹਕਾਂ ਨੂੰ ਕੋਈ ਸ਼ਿਕਾਇਤ ਨਹੀਂ ਰਹਿਣ ਦਿੰਦਾ ਸੀ। ਹਿੰਮਤ ਸਿੰਘ ਵਾਂਗ ਹੀ ਕੋਹਿਨੂਰ ਦਾ ਸਿਊਂਤਾਂ ਕੋਈ ਕੱਪੜਾ ਮੁੜਕੇ ਦੁਕਾਨ ਉੱਤੇ ਨਹੀਂ ਆਉਂਦਾ ਸੀ।

ਹਿੰਮਤ ਸਿੰਘ ਵਾਪਸ ਆਇਆ ਤਾਂ ਇਹ ਜਾਣਕੇ ਬਹੁਤ ਖੁਸ਼ ਹੋਇਆ ਕਿ ਮਗਰੋਂ ਨੀਲਮ ਨੇ ਸਾਰਾ ਕਾਰੋਬਾਰ ਕਿੰਨੀ ਸਿਆਣਪ ਨਾਲ ਸੰਭਾਲੀ ਰੱਖਿਆ ਹੈ। ਰਾਜਦੇਵ ਨੇ ਵੀ ਪਾਪਾ ਕੋਲ ਨੀਲਮ ਦੀ ਤਾਰੀਫ਼ ਕੀਤੀ। ਹਿੰਮਤ ਸਿੰਘ ਓਧਰ ਜਾਕੇ ਕਿਤੇ ਵੀ ਹੁੰਦਾ, ਹਰ ਦਸਵੇਂ ਪੰਦਰ੍ਹਵੇਂ ਦਿਨ ਰਾਜਦੇਵ ਨੂੰ ਟੈਲੀਫੋਨ ਕਰਦਾ ਅਤੇ ਦੁਕਾਨ ਬਾਰੇ ਪੁੱਛਦਾ।

ਹਿੰਮਤ ਸਿੰਘ ਦੇ ਵਾਪਸ ਆਉਣ ਤੋਂ ਦਸ ਪੰਦਰਾਂ ਦਿਨਾਂ ਬਾਅਦ ਹੀ ਨੀਲਮ ਕੋਈ ਬਹਾਨਾ ਲਾ ਕੇ ਪਿੰਡ ਨੂੰ ਚਲਿਆ ਗਿਆ। ਕਿੰਨੇ ਹੀ ਦਿਨ ਮੁੜਿਆ ਨਹੀਂ। ਮਗਰੋਂ ਹਿੰਮਤ ਸਿੰਘ ਨੂੰ ਉਹਦਾ ਫਿਕਰ ਹੋਣ ਲੱਗਿਆ। ਇਕ ਦੋ ਸੁਨੇਹੇ ਵੀ ਭੇਜੇ ਸਨ ਕਿ ਭਾਈ, ਤੇਰੇ ਬਗੈਰ ਸਰਦਾ ਨਹੀਂ। ਛੇਤੀ ਆ ਜਾ। ਜੇ ਕੋਈ ਹੋਰ ਗੱਲ ਹੈ ਤਾਂ ਐਥੇ ਆ ਕੇ ਦੱਸ।

ਤੇ ਫੇਰ ਇਕ ਦਿਨ ਕਰਤਾਰ ਤੇ ਨੀਲਮ ਸਹਿਮੇ-ਸਹਿਮੇ ਜਿਹੇ ਕੋਹਿਨੂਰ 'ਤੇ ਆਏ। ਦੋਵਾਂ ਨੇ ਹਿੰਮਤ ਸਿੰਘ ਦੇ ਪੈਰੀਂ ਹੱਥ ਲਾਏ ਅਤੇ ਫੇਰ ਕਾਊਂਟਰ ਦੇ ਸਾਹਮਣੇ ਬੈਂਚ ਉੱਤੇ ਬੈਠ ਗਏ। ਉਹਨਾਂ ਦੇ ਮਨਾਂ ਅੰਦਰ ਡਰ ਭਰਿਆ ਉਤਸ਼ਾਹ ਸੀ। ਨੀਲਮ ਨੇ ਬੈਗ ਵਿਚੋਂ ਇਕ ਛਪਿਆ ਕਾਰਡ ਕੱਢ ਕੇ ਹਿੰਮਤ ਸਿੰਘ ਨੂੰ ਦਿੱਤਾ। ਕਾਰਡ ਦੇ ਕੇ ਓਥੇ ਹੀ ਖੜ੍ਹਾ ਰਿਹਾ। ਉਹਦੀਆਂ ਅੱਖਾਂ ਵਿਚ ਪਾਣੀ ਸੀ। ਕਰਤਾਰ ਵੀ ਖੜ੍ਹਾ ਹੋ ਕੇ ਬੋਲਿਆ, ''ਥੋਡਾ ਈ ਬੱਚਾ ਐ, ਭਾਈ ਸਾਅਬ।''

ਹਿੰਮਤ ਸਿੰਘ ਨੇ ਕਾਰਡ ਪੜ੍ਹਿਆ ਤਾਂ ਹੌਸਲੇ ਨਾਲ ਬੋਲਿਆ, ''ਠੀਕ ਐ, ਇਕ ਦਿਨ ਤੂੰ ਜਾਣਾ ਈ ਸੀ, ਮੇਰੇ ਕੋਲੋਂ। ਇਹ ਤਾਂ ਹੁੰਦੀ ਆਈ ਐ। ਕੋਹਿਨੂਰ ਦੀ ਤਾਂ ਇਹ ਹੋਣੀ ਐ, ਭਾਈ। ਤੈਥੋਂ ਪਹਿਲਾਂ ਚਾਰ ਨੂੰ ਤੋਰ ਚੁੱਕਿਆਂ।'' ਜਿਵੇਂ ਹਿੰਮਤ ਸਿੰਘ ਪਹਿਲਾਂ ਆਪਣੇ ਚਾਰ ਪੁੱਤ ਗੁਆ ਬੈਠਾ ਹੋਵੇ ਅਤੇ ਇਹ ਪੰਜਵਾਂ ਵੀ ਇਸ ਜਹਾਨ ਵਿਚ ਨਾ ਰਿਹਾ ਹੋਵੇ। ਉਹਦਾ ਸੰਘ ਹੰਝੂਆਂ ਨਾਲ ਭਰ ਗਿਆ। ਭਰੜਾਈ ਆਵਾਜ਼ ਵਿਚ ਕਿਹਾ, ''ਹੋਰ ਟਿਕਿਆ ਰਹਿੰਦਾ ਜੇ, ਇਕ ਦੋ ਸਾਲ ਚੰਗਾ ਸੀ। ਪਰ ਚੱਲ, ਤੇਰੀ ਮਰਜ਼ੀ ਭਾਈ। ਮੈਂ ਆਊਂਗਾ।''

Scanned by CamScanner

''ਮਹੂਰਤ ਤੁਸੀਂ ਕਰਨੈ ਦੁਕਾਨ ਦਾ, ਭਾਈ ਸਾਅਬ। ਉਹ ਏਥੋਂ ਦੂਰ ਨੀ ਕਿਧਰੇ ਗਿਆ। ਸਿਰ 'ਤੇ ਹੱਥ ਰਖਿਓ ਇਹਦੇ।'' ਕਰਤਾਰ ਸਿੰਘ ਹੱਥ ਬੰਨ੍ਹੀ ਖੜ੍ਹਾ ਸੀ।

20

ਕੋਹਿਨੂਰ ਟੇਲਰਜ਼ ਤੋਂ ਖਾਸਾ ਦੂਰ ਹਟਕੇ ਸਦਰ ਬਾਜ਼ਾਰ ਦੀ ਇਕ ਗਲੀ ਵਿਚ ਨੀਲਮ ਟੇਲਰਜ਼ ਦੀ ਦੁਕਾਨ ਸੀ। ਇਹ ਦਸ ਜਰਬ ਦਸ ਦਾ ਛੋਟਾ ਜਿਹਾ ਕਮਰਾ ਸੀ। ਨੀਲਮ ਨੇ ਇਹ ਕਿਰਾਏ ਉੱਤੇ ਲਿਆ ਸੀ। ਪਹਿਲਾਂ ਇਥੇ ਹੋਰ ਕਾਸੇ ਦੀ ਦੁਕਾਨ ਹੁੰਦੀ। ਅੱਧੇ ਕਮਰੇ ਦੇ ਵਿਚਕਾਰ ਜਿਹੇ ਪੜਛੱਤੀ ਬਣਾ ਲਈ ਸੀ। ਦੋ ਕਾਰੀਗਰ ਇਸ ਪੜਛੱਤੀ ਉੱਤੇ ਚੜ੍ਹ ਕੇ ਬੈਠਦੇ, ਦਰਵਾਜ਼ੇ ਦੇ ਐਨ ਸਿਰੇ ਉਤੇ ਕਾਊਂਟਰ ਲਾ ਲਿਆ, ਇਸ ਦੇ ਪਿੱਛੇ ਗੱਦੇ ਵਾਲੀ ਕੁਰਸੀ ਉੱਤੇ ਨੀਲਮ ਆਪ ਬੈਠਦਾ। ਕਾਊਂਟਰ ਦੇ ਸਾਹਮਣੇ ਇਕ ਲੰਮਾ ਬੈਂਚ ਰੱਖ ਦਿੱਤਾ, ਜਿਸ ਉੱਤੇ ਗਾਹਕ ਆਕੇ ਬੈਠਦੇ ਸਨ। ਦੁਕਾਨ ਦੇ ਪਿਛਲੇ ਪਾਸੇ ਇਕ ਛੋਟੇ ਕੈਬਨ ਵਿਚ ਸ਼ੀਸ਼ਾ ਸੀ, ਜਿੱਥੇ ਖੜ੍ਹਕੇ ਅਗਲਾ ਕੱਪੜੇ ਦੀ ਟਰਾਈ ਲੈ ਸਕਦਾ।

ਕੋਹਿਨੂਰ ਦੇ ਲਗਭਗ ਅੱਧਿਆਂ ਤੋਂ ਵੱਧ ਗਾਹਕ ਨੀਲਮ ਦੇ ਆਉਣ ਲੱਗੇ। ਫੇਰ ਕੁਝ ਹਟ ਗਏ ਅਤੇ ਨਵੇਂ ਗਾਹਕਾਂ ਦਾ ਆਉਣਾ ਜਾਣਾ ਹੋ ਗਿਆ। ਇਕ ਸਾਲ ਦੇ ਅੰਦਰ-ਅੰਦਰ ਹੀ ਨੀਲਮ ਸੈੱਟ ਹੋ ਗਿਆ।

ਦੁਕਾਨ ਦੇ ਮਹੂਰਤ ਤੋਂ ਪਹਿਲਾਂ ਹੀ ਨੀਲਮ ਨੇ ਸੇਵਾ ਸਿੰਘ ਕਾਲੋਨੀ ਵਿਚ ਇਕ ਛੋਟਾ ਮਕਾਨ ਕਿਰਾਏ ਉੱਤੇ ਲੈ ਲਿਆ ਸੀ। ਪਹਿਲਾਂ ਪਹਿਲਾਂ ਤਾਂ ਹੋਟਲਾਂ-ਢਾਬਿਆਂ ਉੱਤੇ ਰੋਟੀ ਖਾਂਦਾ ਰਿਹਾ। ਫੇਰ ਗੈਸ-ਚੁੱਲ੍ਹਾ ਲੈ ਆਇਆ। ਆਟੇ ਦੀ ਬੋਰੀ ਅਤੇ ਖਾਣ-ਪੀਣ ਦਾ ਕੁੱਲ ਸਾਮਾਨ। ਆਪ ਰੋਟੀ ਬਣਾਉਂਦਾ। ਇਹ ਸਾਰੇ ਕੰਮ ਉਹਨੇ ਆਪਣੀ ਮਾਂ ਤੋਂ ਸਿੱਖੇ ਹੋਏ ਸਨ। ਮਾਂ, ਜਿਹੜੀ ਥੋੜੀ ਢਿੱਲੀ-ਮੱਠੀ ਰਹਿੰਦੀ ਸੀ। ਕਦੇ ਉਹਦਾ ਬਹੁਤਾ ਹੀ ਦਮ ਉਖੜਿਆ ਹੁੰਦਾ ਤਾਂ ਨੀਲਮ ਰੋਟੀ ਪਕਾ ਲੈਂਦਾ। ਦਾਲ-ਸਬਜ਼ੀ ਵੀ ਬਣਾ ਲੈਂਦਾ ਸੀ। ਹਿੰਮਤ ਸਿੰਘ ਦੇ ਘਰ ਵੀ ਉਹ ਕਦੇ-ਕਦੇ ਰਸੋਈ ਦੇ ਕੰਮ ਕਰ ਦਿੰਦਾ ਸੀ। ਫੇਰ ਉਹਨੇ ਕਾਨਪੁਰ ਦੇ ਇਕ ਕਾਰੀਗਰ ਮੁੰਡੇ ਨੂੰ ਆਪਣੇ ਨਾਲ ਰੱਖ ਲਿਆ। ਉਹ ਰੋਟੀ-ਟੁੱਕ ਦਾ ਕੰਮ ਵੀ ਕਰਦਾ ਅਤੇ ਬਾਅਦ ਵਿਚ ਦੁਕਾਨ ਉੱਤੇ ਸਿਲਾਈ ਵੀ ਕਰਦਾ ਸੀ। ਉਹਦਾ ਖਾਣ-ਪੀਣ ਨੀਲਮ ਦੇ ਸਿਰ ਸੀ। ਐਨੇ ਵਿਚ ਉਹ ਕੋਈ ਮਹਿੰਗਾ ਨਹੀਂ ਸੀ। ਬਰਕਤ ਰਾਮ ਰਾਤ ਨੂੰ ਵੀ ਨੀਲਮ ਕੋਲ ਪੈਂਦਾ। ਗੱਲਾਂ-ਬਾਤਾਂ ਅਤੇ ਕੰਮ ਵਿਚ ਦੋਵਾਂ ਦਾ ਵਕਤ ਨਿਕਲਦਾ ਰਹਿੰਦਾ। ਇਕ ਮਸ਼ੀਨ ਉਹ ਘਰ ਵੀ ਚੁੱਕ ਲਿਆਏ ਸਨ। ਸਵੇਰੇ ਸੰਦੇਹਾਂ

Scanned by CamScanner

ਉੱਠਕੇ ਸਿਲਾਈ ਕਰਦੇ, ਨੀਲਮ ਸਿਲਾਈ ਕਰਦਾ ਅਤੇ ਬਰਕਤ ਖਾਣ-ਪੀਣ ਦਾ ਆਹਰ ਕਰਨ ਲੱਗ ਪੈਂਦਾ। ਬਰਕਤ ਰਾਮ ਹੰਢਿਆ ਹੋਇਆ ਕਾਰੀਗਰ ਸੀ। ਉਹ ਕਈ ਟੇਲਰਾਂ ਕੋਲ ਕੰਮ ਕਰ ਚੁੱਕਿਆ ਸੀ, ਕਈ ਸ਼ਹਿਰਾਂ ਵਿੱਚ, ਉਮਰ ਵੱਡੀ ਸੀ, ਪਰ ਦੇਖਣ ਨੂੰ ਮੁੰਡਾ ਜਿਹਾ ਲਗਦਾ। ਕੱਦ ਦਾ ਮਧਰਾ ਸੀ, ਨਿਗਾਹ ਦਾ ਤਿੱਖਾ। ਉਹ ਨੀਲਮ ਨੂੰ ਦੁਕਾਨਦਾਰੀ ਦੇ ਕਈ ਭੇਤ ਦਸਦਾ। ਨੀਲਮ ਪਹਿਲਾਂ ਹੀ ਸਭ ਜਾਣਦਾ ਹੁੰਦਾ, ਪਰ ਬਰਕਤ ਦੀ ਕੋਈ ਕੋਈ ਗੱਲ ਨਵੀਂ ਹੁੰਦੀ।

ਸਿਲਾਈ ਦਾ ਕੰਮ ਉਤੋਂ ਦੀ ਪੈਣ ਲੱਗਿਆ ਤਾਂ ਨੀਲਮ ਨੇ ਇਕ ਛੋਟਾ ਚੁਬਾਰਾ ਦੁਕਾਨ ਦੇ ਨੇੜੇ ਹੀ ਕਿਰਾਏ ਉੱਤੇ ਲੈ ਲਿਆ ਅਤੇ ਓਥੇ ਚਾਰ ਕਾਰੀਗਰ ਬਿਠਾ ਦਿੱਤੇ। ਕੰਮ ਖੁੱਲ ਗਿਆ ਅਤੇ ਦੁਕਾਨ ਤੇ ਭੀੜ ਵਧਣ ਲੱਗੀ। ਨੀਲਮ ਸਵੇਰ ਤੋਂ ਸ਼ਾਮ ਤੱਕ ਕਟਿੰਗ ਕਰਦਾ। ਉਹਨੂੰ ਰੋਟੀ ਖਾਣ ਦੀ ਵਿਹਲ ਨਹੀਂ ਸੀ। ਪੜਛੱਤੀ ਅਤੇ ਚੁਬਾਰੇ ਦੇ ਕਾਰੀਗਰ ਦਿਨ-ਰਾਤ ਕੰਮ ਕਰਦੇ ਸਨ। ਕੰਮ ਦਾ ਬਹੁਤਾ ਰਸ਼ ਸਰਦੀਆਂ ਵਿਚ ਹੁੰਦਾ, ਜਦੋਂ ਗਰਮ ਸੂਟ ਸਿਉਂਤੇ ਜਾਂਦੇ ਅਤੇ ਇਹ ਰੁੱਤ ਕਮਾਈ ਦਾ ਖਾਸ ਸਮਾਂ ਹੁੰਦਾ। ਕਾਰੀਗਰਾਂ ਅਤੇ ਮਾਲਕ ਦੋਵਾਂ ਲਈ।

ਸਮਾਂ ਪਾਕੇ ਨੀਲਮ ਹਿੰਮਤ ਸਿੰਘ ਨਾਲੋਂ ਅੱਗੇ ਲੰਘ ਗਿਆ। ਇਸ ਦੌਰਾਨ ਉਹਦਾ ਵਿਆਹ ਵੀ ਹੋ ਗਿਆ ਸੀ। ਕੁੜੀ ਸੁੰਦਰ ਸੀ ਅਤੇ ਕੰਮ ਦੀ ਸਚਿਆਰੀ। ਸਿਲਾਈ ਵਾਲੇ ਘਰੋਂ ਹੀ ਆਈ ਸੀ। ਅਗਲਿਆਂ ਨੇ ਦੇਣ-ਲੈਣ ਵੀ ਪੂਰਾ ਕੀਤਾ ਸੀ।

ਸੇਵਾ ਸਿੰਘ ਕਾਲੋਨੀ ਵਿਚ ਹੀ ਨੀਲਮ ਨੇ ਇਕ ਬਣੇ-ਬਣਾਏ ਮਕਾਨ ਦਾ ਸੌਦਾ ਮਾਰ ਲਿਆ। ਚਾਰ ਵੱਡੇ ਕਮਰਿਆਂ ਵਾਲਾ ਮਕਾਨ। ਰਸੋਈ-ਬਾਥ ਸਭ ਕੁਝ ਸੀ। ਉਹ ਕਿਸੇ ਫੌਜੀ-ਅਫਸਰ ਦਾ ਪੁਰਾਣਾ ਮਕਾਨ ਸੀ, ਜਿਹਨੇ ਪੈਨਸ਼ਨ ਆ ਕੇ ਮਾਡਲ ਟਾਊਨ ਵਿਚ ਨਵੀਂ ਕੋਠੀ ਖਣਾ ਲਈ ਸੀ ਅਤੇ ਉਹ ਪੁਰਾਣਾ ਮਕਾਨ ਵੇਚ ਦਿੱਤਾ ਸੀ। ਨੀਲਮ ਲਈ ਇਹ ਵਧੀਆ ਸੀ। ਉਹਨੇ ਆਪਣਾ ਵਿਆਹ ਏਸੇ ਮਕਾਨ ਵਿਚ ਆ ਕੇ ਕੀਤਾ। ਕਰਤਾਰ ਸਿੰਘ ਅਤੇ ਉਹਦੀ ਘਰਵਾਲੀ ਕਈ ਦਿਨ ਬਹੂ ਕੋਲ ਰਹੇ ਸਨ। ਮਾਂ-ਬਾਪ ਦੋ ਵਾਰ ਬਹੂ ਨੂੰ ਸਰਦਾਰਗੜ੍ਹ ਲੈ ਕੇ ਗਏ ਸਨ। ਨੀਲਮ ਉਹਨਾਂ ਨੂੰ ਕਾਰ ਦੇ ਕੇ ਭੇਜਦਾ ਸੀ। ਪਿੰਡ ਦੇ ਆਂਢੀ-ਗੁਆਂਢੀ ਚਾਅ ਨਾਲ ਬਹੂ ਨੂੰ ਦੇਖਣ ਆਉਂਦੇ। ਨੀਲਮ ਦੀ ਮਾਂ ਹੁੱਭਕੇ ਬਹੂ ਦੇ ਚਾਅ-ਲਾਡ ਪੂਰੇ ਕਰਦੀ।

ਪੰਜ-ਸੱਤ ਵਰ੍ਹਿਆਂ ਦੇ ਅੰਦਰ ਅੰਦਰ ਨੀਲਮ ਟੇਲਰਜ਼ ਸ਼ਹਿਰ ਦੇ ਸਿਰਕੱਢ ਟੇਲਰਾਂ ਵਿਚੋਂ ਇਕ ਗਿਣਿਆ ਜਾਣ ਲੱਗਿਆ। ਕਾਰੀਗਰਾਂ ਦਾ ਚੁਬਾਰਾ ਵੱਡਾ ਹੋ ਚੁੱਕਿਆ ਸੀ। ਪਰ ਦੁਕਾਨ ਓਹੀ ਰਹੀ ਛੋਟੀ ਜਿਹੀ, ਜਿਹੜੀ ਉਹਨੇ ਹੁਣ ਖਰੀਦ ਲਈ ਸੀ। ਅੱਡਾ ਬਣਿਆ ਹੋਇਆ ਸੀ। ਇਸ ਦੁਕਾਨ ਨੇ ਉਹਨੂੰ ਵਰ ਦਿੱਤਾ ਸੀ। ਇਸ ਦੌਰਾਨ

Scanned by CamScanner

ਉਹ ਆਪਣੇ ਮਾਂ-ਬਾਪ ਨੂੰ ਵੀ ਪਿੰਡੋਂ ਇੱਥੇ ਲੈ ਆਇਆ। ਬਾਪ ਨੂੰ ਕਿਹਾ ਕਿ ਹੁਣ ਉਹਨੇ ਮਸ਼ੀਨ ਨੂੰ ਹੱਥ ਨਹੀਂ ਲਾਉਣਾ, ਬੱਸ ਐਸ਼ ਨਾਲ ਰਹਿਣਾ ਹੈ। ਬਹੂ ਸੱਸ ਦੀ ਪੂਰੀ ਸੇਵਾ ਕਰਦੀ। ਬਹੂ ਕੋਲ ਦੋ ਬੱਚੇ ਹੋ ਚੁੱਕੇ ਸਨ, ਜਿਹਨਾਂ ਕਰਕੇ ਨੀਲਮ ਦੀ ਮਾਂ ਦਾ ਦਿਲ ਪਰਚਿਆ ਰਹਿੰਦਾ ਸੀ। ਪਿੰਡ ਰਹਿ ਕੇ ਤਾਂ ਉਹ ਇਕਲੀ-ਇਕਲੀ ਮਹਿਸੂਸ ਕਰਦੀ ਰਹਿੰਦੀ। ਪਰ ਕਰਤਾਰ ਸਿੰਘ ਨੇ ਪਿੰਡ ਵਾਲਾ ਆਪਣੇ ਹਿੱਸੇ ਦਾ ਮਕਾਨ ਕਿਸੇ ਨੂੰ ਨਹੀਂ ਦਿੱਤਾ ਅਤੇ ਨਾ ਹੀ ਬੈਠਕ ਵੇਚੀ। ਕਦੇ ਕਦੇ ਹਵਾ-ਬਦਲੀ ਲਈ ਕਰਤਾਰ ਸਿੰਘ ਤੇ ਉਹ ਦੀ ਘਰਵਾਲੀ ਸਰਦਾਰਗੜ੍ਹ ਦਾ ਗੇੜਾ ਮਾਰਦੇ। ਓਥੇ ਰਾਤ ਕੱਟਦੇ ਅਤੇ ਨੀਲਮ ਦੀਆਂ ਸਿਫਤਾਂ ਕਰਦੇ ਰਹਿੰਦੇ। ਉਹਦੀ ਬੈਠਕ ਵਿਚ ਲੋਕਾਂ ਦਾ ਇਕੱਠ ਜਮ੍ਹਾਂ ਹੋ ਜਾਂਦਾ। ਲਗਦਾ, ਸ਼ਹਿਰੋਂ ਜਿਵੇਂ ਕੋਈ ਵੱਡਾ ਬੰਦਾ ਆਇਆ ਹੋਵੇ। ਕਰਤਾਰ ਸਿੰਘ ਦੇ ਮਿੱਤਰ-ਬੇਲੀਆਂ ਚੋਂ ਕੋਈ ਜਣਾ ਚਾਹ ਦਾ ਡੋਲੂ ਭਰ ਲਿਆਉਂਦਾ ਅਤੇ ਸਟੀਲ ਦੇ ਗਿਲਾਸ ਵੀ। ਜਦੋਂ ਕਰਤਾਰ ਸਿੰਘ ਸ਼ਹਿਰ ਨੂੰ ਚਲਿਆ ਜਾਂਦਾ ਤਾਂ ਮਗਰੋਂ ਬੈਠਕ ਦੀ ਚੌਂਕੜੀ ਉੱਤੇ ਬੈਠੇ ਲੋਕ ਉਹਦੀਆਂ ਗੱਲਾਂ ਕਰਦੇ।

''ਆਪਾਂ ਜਮੀਨਾਂ ਆਲੇ ਤਾਂ ਆਹ ਬੈਠੇ ਆਂ ਨੰਗ ਭੁੱਖ ਨਾਲ ਘੁਲਦੇ, ਇਹ ਲੋਕ ਜੀਹਨਾਂ ਨੂੰ ਆਪਾਂ ਲਾਗੀ ਸਮਝਦੇ ਹੁੰਦੇ ਐਸ਼ਾਂ ਕਰਦੇ ਨੇ। ਦੇਖਿਆ ਸੀ, ਕਰਤਾਰ ਨੂੰ ਗੱਲਾਂ ਕਰਦੇ ਨੂੰ?''

''ਅਖੇ-ਨੀਲਮ ਕੋਲ ਸੱਤ ਪਲਾਟ ਨੇ ਦਸ-ਦਸ ਵਿਸਵਿਆਂ ਦੇ। ਆਪਣਾ ਮਕਾਨ ਐ, ਆਪਣੀ ਦੁਕਾਨ। ਪੰਦਰਾਂ ਬੰਦੇ ਉਹਦੇ ਥੱਲੇ ਕੰਮ ਕਰਦੇ ਨੇ।''

'ਕੰਮ ਕਾਹਦਾ?''

''ਆਹੀ ਕੱਪੜੇ ਸਿਉਣ ਦਾ।''

''ਪੰਦਰਾਂ ਬੰਦੇ ਕੱਪੜੇ ਸਿਉਂਦੇ ਨੇ?''

''ਸ਼ਹਿਰਾਂ ਵਿਚ ਫੈਸ਼ਨਾਂ ਨੂੰ ਤਾਂ ਅੱਗ ਲੱਗੀ ਹੋਈ ਐ। ਪੈਸੇ ਵਾਲੇ ਲੋਕ ਨੇ, ਕੱਪੜੇ ਈ ਸਲਾਈ ਜਾਂਦੇ ਨੇ।''

''ਥੱਲੇ ਬਈ। ਫੇਰ ਤਾਂ ਕਰਤਾਰ ਦਾ ਮੁੰਡਾ ਅਮੀਰ ਹੋਗਿਆ ਬਈ।''

''ਹੋਰ ਦੇਖ ਲੈ, ਨਿੱਕੀ-ਸੁੱਕੀ ਜਾਤ ਗਾਹਾਂ ਨੰਘਗੀ। ਇਹ ਸਭ ਹੱਥਾਂ ਦੀ ਕਰਮਾਤ ਐ ਭਾਈ। ਹੱਥਾਂ ਦਾ ਕੰਮ ਕਰਨ ਆਲਾ ਕੁੱਲ ਆਦਮੀ ਪੈਸੇ ਆਲੈ।''

''ਆਪਾਂ ਕੀ ਹੱਥਾਂ ਦਾ ਕੰਮ ਨ੍ਹੀ ਕਰਦੇ? ਜੱਟਾਂ ਦਾ ਕੰਮ ਕੀ ਹੱਥਾਂ ਦਾ ਨ੍ਹੀ? ਫੇਰ ਵੀ ਕਰਜ਼ਾਈ ਆਂ ਆਪਾਂ।''

Scanned by CamScanner

''ਆਪਣੇ ਹੱਥਾਂ ਦਾ ਹੁਣ ਕਿੱਥੇ ਰਹਿ ਗਿਆ ਕੰਮ ਆਪਣਾ। ਕੰਮ ਤਾਂ ਮਸ਼ੀਨ ਕਰਦੀ ਐ ਜਾਂ ਭਈਏ ਨੇ। ਝੋਨਾ ਭਈਏ ਬੀਜਦੇ ਨੇ, ਭਈਏ ਈ ਵੱਢਦੇ ਨੇ। ਕਣਕ ਟਰੈਕਟਰ ਦੀ ਕਰਾਮਾਤ ਐ, ਵੱਢਦੀ ਕਮੈਣ ਐ। ਜੱਟ ਤਾਂ ਲਵੇ ਨ੍ਹੀ ਜਾਂਦਾ ਕੰਮ ਦੇ।''

''ਤਾਂਈ ਤਾਂ ਗਰਕਿਆ ਪਿਐ, ਅਖੇ-ਬਗਾਨੇ ਹੱਥ ਖੇਤੀ, ਕਦੇ ਨਾ ਹੁੰਦੇ ਬੱਤੀਆਂ ਤੋਂ ਤੇਤੀ।''

''ਆਪਾਂ ਜਮੀਨਾਂ ਆਲੇ ਤਾਂ ਭਾਈ ਜਮੀਨਾਂ ਨੇ ਈ ਖਾ ਲੇ। ਕੋਈ ਜੱਟ ਨ੍ਹੀ, ਜੀਹਦੇ ਸਿਰ ਕਰਜਾ ਨਾ ਹੋਵੇ, ਜੱਟ ਹੱਥੀਂ ਕੰਮ ਕਰਦਾ ਹੁੰਦਾ, ਸੁਖਾਲਾ ਰਹਿੰਦਾ ਸੀ। ਨਾ ਸਿਰ ਕੋਈ ਕਰਜਾ, ਨਾ ਬਹੁਤਾ ਖਰਚ। ਬੱਸ, ਬਾਣੀਏ ਦਾ ਉਧਾਰ ਹੁੰਦਾ ਥੋੜ੍ਹਾ-ਘਣਾ। ਉਹ ਵੀ ਚੋਰੀ-ਛਿਪੇ।''

''ਇਹ ਕਦੇ ਸੋਚਿਆ ਵੀ ਨ੍ਹੀ ਸੀ ਬਈ ਬਾਣੀਏ ਆਪਣੀਆਂ ਜਮੀਨਾਂ ਬੈਅ ਕਰਾਉਣ ਲੱਗਣਗੇ। ਹੇਠਲੀ ਉਤੇ ਆ ਗੀ।''

''ਆਹ ਜਿੰਨੀ ਨਿਕੀ-ਸੁੱਕੀ ਜਾਤ ਐ, ਇਹਨਾਂ ਨੇ ਮੁੰਡੇ ਪੜ੍ਹਾਲੇ, ਅਫਸਰੀਆਂ ਕਰਦੇ ਨੇ।''

''ਜਾਂ ਓਸੇ ਕਿਤੇ 'ਚ ਪਿੰਡ ਛੱਡ ਗੇ, ਸ਼ਹਿਰੀਂ ਜਾ ਵਸੇ। ਜੱਟ ਹੁਣ ਕੀਹਦੇ ਜਾਦ ਐ।''

''ਆਹ ਦਰਜੀ, ਨਾਈ, ਤਖਾਣ, ਬਾਮ੍ਹਣ, ਬਾਣੀਏ, ਮਜ੍ਹਬੀ-ਰਮਦਾਸੀਏ ਹੌਲੀ-ਹੌਲੀ ਸਭ ਪਿੰਡਾਂ ਨੂੰ ਛੱਡੀਂ ਜਾਂਦੇ ਨੇ।''

''ਲਾਗੀ ਤਾਂ ਹੁਣ ਕੋਈ ਰਹਿਆ ਈ ਨ੍ਹੀ। ਸਭ ਉਤੋਂ ਦੀ ਨੇ ਆਪਾਂ ਤੋਂ।''

''ਲਾਗੀਆਂ ਦੀ ਭਾਈ ਹੁਣ ਲੋੜ ਵੀ ਕਾਈ ਨ੍ਹੀ ਰਹਿ ਗੀ। ਸਾਰਾ ਕੰਮ ਸ਼ਹਿਰੋਂ ਆਏ ਬੰਦੇ ਕਰ ਜਾਂਦੇ ਨੇ, ਵਿਆਹ ਸ਼ਾਦੀਆਂ ਨੂੰ।''

''ਇਹ ਕਿਮੇਂ?''

''ਵਿਆਹ ਨੂੰ ਟੈਂਟ-ਹਾਊਸਾਂ ਆਲੇ ਨ੍ਹੀ ਆਉਂਦੇ, ਮਾਰ ਫੜਕੇ ਮਹਿਲ ਉਸਾਰ ਦਿੰਦੇ ਨੇ ਅਗਲੇ ਦੇ ਵਿਹੜੇ 'ਚ। ਹਲਵਾਈ ਆ ਕੇ ਪਕਵਾਨ ਪਕਾ ਜਾਂਦੈ, ਉਹਨਾਂ ਦੇ ਈ ਬੈਰੇ। ਭਾਂਡੇ ਵੀ ਉਹੀ ਮਾਂਜਦੇ ਨੇ। ਲਾਗੀ ਦੇਖਿਐ ਕਦੇ ਕੋਈ ਆਪਣੇ ਵਿਆਹਾਂ 'ਚ ਕੰਮ ਕਰਦਾ?''

''ਓਏ, ਮੈਂ ਐਂ ਕਹਿਨਾਂ, ਰੱਬ ਮੇਰਾ ਸਾਲਾ ਕਰੀ ਕੀ ਜਾਂਦੈ। ਜਿਹਨਾਂ ਕੋਲ ਦਸ-ਦਸ ਕਿੱਲੇ ਜਮੀਨ ਸੀ। ਸਾਰੀ ਫੂਕੀ ਗਈ। ਹੁਣ ਸ਼ਹਿਰੀਂ ਜਾਕੇ ਦਿਹਾੜੀਆਂ ਕਰਦੇ

Scanned by CamScanner

ਨੇ। ਕਦੇ ਦੇਖਿਆ ਸੀ ਜੱਟ ਦਿਹਾੜੀ 'ਤੇ ਜਾਂਦਾ।''

''ਜਿਹੜੇ ਤਾਂ ਜੱਟ ਪੈਗੇ ਭਾਈ ਹੋਰ ਕੰਮਾਂ 'ਚ ਉਹ ਤਾਂ ਕਾਮਯਾਬ ਨੇ। ਜਾਂ ਵੱਡੇ ਘਰਾਣੇ ਕਾਮਯਾਬ ਨੇ, ਬਹੁਤੀਆਂ ਜਮੀਨਾਂ ਆਲੇ। ਛੋਟਾ ਕਿਸਾਨ ਤਾਂ ਜਮ੍ਹਾਂ ਪੀਹਿਆ ਗਿਆ। ਨਾ ਏਧਰ ਦਾ, ਨਾ ਓਧਰ ਦਾ। ਬੱਸ ਪੱਲੇ ਹੰਕਾਰ ਰਹਿ ਗਿਆ, ਅਖੇ ਅਸੀਂ ਜੱਟ ਹੁੰਨੇ ਆਂ, ਜਮੀਨਾਂ ਦੇ ਮਾਲਕ।''

ਐਨੇ ਨੂੰ ਬੈਠਕ ਦੀ ਚੌਕੜੀ ਉੱਤੇ ਤਿੱਖੀ ਧੁੱਪ ਚੜ੍ਹ ਆਈ ਹੁੰਦੀ। ਲੋਕ ਹੌਲੀਂ ਹੌਲੀਂ ਕਰਕੇ ਉੱਠਣ ਲਗਦੇ, ਹੱਥਾਂ ਦੀਆਂ ਸੋਟੀਆਂ ਖੜਕਾਉਂਦੇ ਅਤੇ ਚਿੱਤੜ ਝਾੜਦੇ। ਪਿੰਡ ਦੇ ਕਿੰਨੇ ਹੀ ਸਵਾਲ ਧਰਤੀ ਉੱਤੇ ਪਰਛਾਵਿਆਂ ਵਾਂਗ ਵਿਛਕੇ ਅਲੋਪ ਹੋ ਜਾਂਦੇ। ਪਿੱਛੇ ਰਹਿ ਜਾਂਦੀ ਕਰਤਾਰ ਦਰਜੀ ਦੀ ਬੈਠਕ, ਜੋ ਕਦੇ ਨੱਥਾ ਸਿੰਘ ਜੱਟ ਦੀ ਬੈਠਕ ਸੀ ਅਤੇ ਜਿੱਥੇ ਕਦੇ ਬੇ-ਫ਼ਿਕਰ ਲੋਕਾਂ ਦੀਆਂ ਮਹਿਫ਼ਲਾਂ ਜੁੜਦੀਆਂ ਹੁੰਦੀਆਂ। ਢਾਣੀ ਵਿਚ ਰੱਬ ਉੱਤਰ ਆਉਂਦਾ।

21

ਆਲਾ ਸਿੰਘ ਵਾਲੇ ਦੀ ਮੰਦਰ ਰੋਡ ਉੱਤੇ ਕਬਾੜੀਆਂ ਦੀ ਬਹੁਤ ਵੱਡੀ ਦੁਕਾਨ ਸੀ। ਇਸ ਬਿਲਡਿੰਗ ਦੀਆਂ ਤਿੰਨ ਮੰਜ਼ਲਾਂ ਸਨ। ਉਤਲੀਆਂ ਦੋ ਮੰਜ਼ਲਾਂ ਵਿਚ ਉਹਨਾਂ ਦੀ ਰਿਹਾਇਸ਼ ਸੀ। ਥੱਲੇ ਕਬਾੜਖਾਨਾ। ਵਿਜੇ ਕੁਮਾਰ ਨਾਲ ਸੇਠ ਦੁਰਗਾ ਮੱਲ ਦੀ ਕੋਈ ਦੂਰ ਦੀ ਸਕੀਰੀ ਸੀ, ਮੇਲ ਜੋਲ ਵੀ ਸੀ। ਦੇਬੇ ਨੂੰ ਉਹਨੇ ਵਿਜੇ ਕੁਮਾਰ ਕੋਲ ਛੱਡ ਦਿੱਤਾ। ਵਿਜੇ ਕੁਮਾਰ ਨੂੰ ਤਾਂ ਸਗੋਂ ਬੰਦਾ ਚਾਹੀਦਾ ਸੀ। ਉਹਦੇ ਕੋਲ ਕੰਮ ਕਰਨ ਵਾਲੇ ਦੋ ਬੰਦੇ ਸਨ। ਇਕ ਬੰਦਾ ਰੇੜ੍ਹੀ ਦਾ ਮਾਲ ਅੱਡ-ਅੱਡ ਕਰਕੇ ਕੰਡੇ ਉੱਤੇ ਜੋਖੀਂ ਜਾਂਦਾ। ਦੂਜਾ ਬੰਦਾ ਕੰਡੇ ਤੋਂ ਜੋਖਿਆ ਮਾਲ ਚੁੱਕ ਕੇ ਅੰਦਰ ਕਬਾੜਖਾਨੇ ਵਿਚ ਧਰੀਂ ਜਾਂਦਾ। ਲੋਹਾ ਅੱਡ, ਪਲਾਸਟਿਕ ਅੱਡ, ਅਖ਼ਬਾਰਾਂ ਦੀ ਰੱਦੀ ਅਖ਼ਬਾਰਾਂ ਵਾਲੇ ਥਾਂ ਅਤੇ ਸ਼ਰਾਬ ਦੀਆਂ ਖਾਲੀ ਬੋਤਲਾਂ ਅੱਡ ਬੋਰੀ ਵਿਚ। ਪਤਾ ਨਹੀਂ, ਕੀ ਕੀ ਹੁੰਦਾ, ਕਬਾੜਖਾਨੇ ਨੂੰ ਸਭ ਮੰਨਜ਼ੂਰ ਸੀ।

ਵਿਜੇ ਕੁਮਾਰ ਦਾ ਕੰਡੇ ਵਾਲਾ ਬੰਦਾ ਦੋ ਦਿਨਾਂ ਤੋਂ ਭੱਜ ਗਿਆ ਸੀ। ਹੁਣ ਅੰਦਰਲੇ ਬੰਦੇ ਨੂੰ ਦੋਵੇਂ ਕੰਮ ਕਰਨੇ ਪੈਂਦੇ। ਪਹਿਲਾਂ ਉਹ ਕੰਡੇ ਦਾ ਕੰਮ ਕਰਦਾ। ਚੀਜ਼ਾਂ ਜੋਖਕੇ ਪਰ੍ਹੇ ਰਖੀਂ ਜਾਂਦਾ। ਫੇਰ ਉਹਨਾਂ ਚੀਜ਼ਾਂ ਨੂੰ ਓਥੋਂ ਚੁੱਕ ਕੇ ਅੰਦਰ ਲਿਜਾਂਦਾ। ਇਕ ਬੰਦੇ ਤੋਂ ਇਹ ਦੂਹਰਾ ਕੰਮ ਹੁੰਦਾ ਨਹੀਂ ਸੀ। ਅੰਦਰਲਾ ਬੰਦਾ ਸੀ ਵੀ ਉਤਾਰ ਉਮਰ, ਥੱਕ ਜਾਂਦਾ। ਥੱਲਿਓਂ ਚੌਕੜੀ ਉੱਤੇ ਚੜ੍ਹਨ ਉਤਰਨ ਵਿਚ ਉਹਦੇ ਗੋਡੇ ਦਰਦ ਕਰਨ ਲਗਦੇ।

Scanned by CamScanner

ਹੁਣ ਉਹ ਕੰਡੇ ਦਾ ਕੰਮ ਦੇਬਾ ਕਰਨ ਲਗਿਆ। ਉਹਦੇ ਲਈ ਉਹ ਨਵਾਂ ਕੰਮ ਸੀ, ਪਰ ਐਨਾ ਔਖਾ ਨਹੀਂ ਸੀ। ਰੇੜ੍ਹੀਆਂ ਵਾਲੇ ਆਪ ਹੀ ਵੱਖਰਾ ਵੱਖਰਾ ਮਾਲ ਚੁੱਕ ਕੇ ਕੰਡੇ ਉੱਤੇ ਰੱਖ ਦਿੰਦੇ ਸਨ। ਦੇਬੇ ਨੇ ਉੱਚਾ ਬੋਲ ਕੇ ਦੱਸਣਾ ਹੁੰਦਾ ਕਿ ਕਿਹੜੀ ਚੀਜ਼ ਕਿੰਨੀ ਹੈ।

ਰੇੜ੍ਹੀਆਂ ਆਮ ਤੌਰ ਉੱਤੇ ਦੁਪਹਿਰ ਤੋਂ ਬਾਅਦ ਆਉਣ ਲਗਦੀਆਂ। ਉਹ ਪਹਿਲਾਂ ਤਾਂ ਸਵੇਰ ਤੋਂ ਦੁਪਹਿਰ ਤਕ ਅਤੇ ਪਿਛਲੇ ਪਹਿਰ ਤਕ ਵੀ ਗਲੀਆਂ ਵਿਚ ਫਿਰ ਕੇ ਇਹ ਟੁੱਟ ਭੱਜ ਲੋਕਾਂ ਦੇ ਘਰਾਂ ਤੋਂ ਖਰੀਦਦੇ ਸਨ, ਰੇੜ੍ਹੀ ਭਰ ਜਾਂਦੀ ਤਾਂ ਕਬਾੜੀਆਂ ਦੇ ਆਉਂਦੇ। ਮਾਲ ਜੋਖਣ ਲੈਣ ਦਾ ਕੰਮ ਹਨੇਰੇ ਹੋਏ ਤੱਕ ਚਲਦਾ ਰਹਿੰਦਾ ਸੀ। ਦਿਨ ਛਿਪੇ ਜਿਹੇ ਬਹੁਤ ਰੇੜ੍ਹੀਆਂ ਆਉਂਦੀਆਂ। ਦੇਬੇ ਨੂੰ ਸਾਹ ਲੈਣਾ ਮੁਸ਼ਕਿਲ ਹੁੰਦਾ। ਉਹਦੀ ਢੂਹੀ ਮਸਾਂ ਸਿੱਧੀ ਹੁੰਦੀ। ਚੱਲ ਸੋ ਚੱਲ। ਰੇੜ੍ਹੀਆਂ ਦੀ ਕਤਾਰ ਲੱਗੀ ਖੜ੍ਹੀ ਹੁੰਦੀ। ਓਧਰੋਂ ਰੇੜ੍ਹੀ ਵਾਲਾ ਕਾਹਲ ਕਰਦਾ, ਓਧਰੋਂ ਮਾਲਕ ਆਖੀਂ ਜਾਂਦਾ-ਹਾਂ ਬਈ। ਦੇਬੇ ਲਈ ਇਹ ਕੰਮ ਦਿਲਚਸਪੀ ਅਤੇ ਹੈਰਾਨੀ ਵਾਲਾ ਵੀ ਸੀ। ਉਹਨੂੰ ਪਤਾ ਲਗਦਾ ਕਿ ਸ਼ਹਿਰ ਵਿਚ ਕੀ ਕੀ ਵਾਧੂ ਪਿਆ ਹੈ। ਘਰ ਵਿਚ ਪਈਆਂ ਬੇ-ਮਤਲਬ ਚੀਜ਼ਾਂ ਦਾ ਵੀ ਮੁੱਲ ਪੈਂਦਾ ਹੈ। ਉਹ ਥੋੜਾ ਸੰਵੇਦਨਸ਼ੀਲ ਵੀ ਸੀ, ਕੁਢਬੀਆਂ ਚੀਜ਼ਾਂ ਦੇਖ ਕੇ ਹੱਸਣ ਲਗਦਾ। ਕਦੇ ਕਦੇ ਇਕੱਲੀ-ਦੁੱਕਲੀ ਰੇੜ੍ਹੀ ਆਉਂਦੀ ਤਾਂ ਦੇਬਾ ਉਹਦੇ ਨਾਲ ਗੱਲੀਂ ਪੈ ਜਾਂਦਾ। ਅਜਿਹਾ ਕਦੇ ਦੁਪਹਿਰੇ ਜਿਹੇ ਹੁੰਦਾ ਸੀ। ਇਕ ਦਿਨ ਇਕ ਸਾਈਕਲ ਵਾਲੇ ਨੇ ਗੱਲ ਸੁਣਾਈ ਸੀ, ਅਖੇ-''ਮਾਸਟਰਨੀ ਬੋਲਦੀ ਐ ਆਪਣੇ ਆਦਮੀ ਨੂੰ, ਘਰ ਦੀਆਂ ਸਾਰੀਆਂ ਪੁਰਾਣੀਆਂ ਚੀਜ਼ਾਂ ਮੈਂ ਰੇੜ੍ਹੀ ਵਾਲਿਆਂ ਨੂੰ ਵੇਚ ਦਿੱਤੀਆਂ ਨੇ, ਬੱਸ ਇਕ ਤੁਸੀਂ ਰਹਿ ਗੇ।''

ਵਿਜੇ ਕੁਮਾਰ ਉਹਨੂੰ ਦੋ ਹਜ਼ਾਰ ਰੁਪਇਆ ਮਹੀਨਾ ਦਿੰਦਾ ਸੀ। ਦੁਪਹਿਰ ਦੀ ਰੋਟੀ ਉਤੋਂ ਆ ਜਾਂਦੀ। ਚਾਹ ਜਿੰਨੇ ਵਾਰ ਮਰਜ਼ੀ ਪੀਈ ਜਾਓ। ਕਬਾੜੀਆਂ ਦੇ ਸਾਹਮਣੇ ਹੀ ਚਾਹ ਦੀ ਦੁਕਾਨ ਸੀ। ਮਾਲਕ ਆਏ ਗਏ ਲਈ ਕਈ ਵਾਰ ਚਾਹ ਮੰਗਵਾਉਂਦਾ। ਵਿਜੇ ਕੁਮਾਰ ਉਹਨੂੰ ਘਰ ਦਿਆਂ ਵਾਂਗ ਹੀ ਰੱਖਦਾ ਸੀ। ਬਲਦੇਵ ਰਾਜ ਜਾਂ ਬਲਦੇਵ ਕਹਿ ਕੇ ਬੁਲਾਉਂਦਾ। ਸ਼ਾਇਦ ਉਹਨੂੰ ਪਤਾ ਵੀ ਨਹੀਂ ਸੀ ਕਿ ਪਿੰਡ ਵਿਚ ਉਹਨੂੰ ਦੇਬਾ ਕਿਹਾ ਜਾਂਦਾ ਹੈ।

ਪਿੰਡ ਵਿਚ ਉਹਨੂੰ ਐਨੀ ਆਮਦਨ ਕਿੱਥੇ ਸੀ। ਏਥੇ ਦੋ ਹਜ਼ਾਰ ਨਕਦ ਮਿਲਦਾ। ਪਿੰਡ ਵਿੱਚ ਜੱਟ-ਬਾਬਿਆਂ ਦਾ ਉਧਾਰ ਹੀ ਪਿਆ ਰਹਿੰਦਾ ਸੀ। ਹਾੜੀ-ਸੌਣੀ ਉਗਰਾਹੀ ਹੁੰਦੀ, ਉਹ ਵੀ ਸਾਰੀ ਨਹੀਂ। ਦੇਬਾ ਤੰਗ ਰਹਿੰਦਾ।

ਪਿੰਡ ਵਿਚ ਹੁਣ ਉਹਦੀ ਘਰਵਾਲੀ ਦੁਕਾਨ ਕਰਦੀ। ਥੋੜ੍ਹਾ-ਮੋਟਾ ਹੀ ਸੌਦਾ ਰੱਖਦੀ। ਨਿੱਕੀਆਂ ਨਿੱਕੀਆਂ ਚੀਜ਼ਾਂ ਜਿਹਨਾਂ ਨੂੰ ਛੋਟੇ ਜੁਆਕ ਲੈਕੇ ਜਾਂਦੇ ਅਤੇ ਨਕਦ ਪੈਸੇ ਦਿੰਦੇ। ਪੰਜਾਹ ਪੈਸੇ, ਇਕ ਰੁਪਈਆ, ਦੋ ਰੁਪਈਏ, ਬੱਸ ਐਦੂੰ ਵੱਧ ਨਹੀਂ। ਸਕੂਲ ਪੜ੍ਹਨ

Scanned by CamScanner

ਵਾਲੇ ਜੁਆਕ ਆਉਂਦੇ। ਉਧਾਰ ਮੰਗਣ ਵਾਲੇ ਨੂੰ ਉਹ ਬੇ-ਕਿਰਕ ਹੋ ਕੇ ਜਵਾਬ ਦੇ ਦਿੰਦੀ। ਘਰਾਂ ਵਿਚ ਜੱਟੀਆਂ ਗਾਲਾਂ ਕੱਢਦੀਆਂ ''ਕਰਿਆੜੀ ਬੜੀ ਮਾੜੀ ਐਨੀ, ਦੇਬਾ ਚੰਗਾ ਸੀ। ਉਹ ਨਿੱਤ ਸ਼ਹਿਰ ਵੜਿਆ ਰਹਿੰਦੈ। ਪਤਾ ਨ੍ਹੀਂ ਕੀ ਕਰਨ ਜਾਂਦੈ।''

ਦੇਬਾ ਇਕ ਸਾਲ ਸਾਈਕਲ ਉੱਤੇ ਨਿੱਤ ਪਿੰਡੋਂ ਜਾਂਦਾ ਰਿਹਾ। ਸਵੇਰੇ ਨੌਂ ਵਜਦੇ ਨੂੰ ਦੁਕਾਨਾਂ ਖੁਲ੍ਹਣ ਵੇਲੇ ਪਹੁੰਚ ਜਾਂਦਾ। ਘਰੋਂ ਦੋ ਰੋਟੀਆਂ ਖਾ ਕੇ ਅਤੇ ਚਾਹ ਪੀ ਕੇ ਨਿੱਕਲਦਾ। ਉਹਦੇ ਜਾਂਦਿਆਂ ਹੀ ਟਰੱਕ ਆ ਜਾਂਦਾ। ਅੱਡੋ-ਅੱਡ ਸਾਮਾਨ ਦੀਆਂ ਬੋਰੀਆਂ ਸਿਉਂਤੀਆਂ ਪਈਆਂ ਹੁੰਦੀਆਂ। ਇਹ ਕੰਮ ਰਾਤ ਨੂੰ ਬੰਦੇ ਕਰਦੇ ਸਨ। ਕਬਾੜਖਾਨੇ ਅੰਦਰ ਕੰਮ ਕਰਨ ਵਾਲਾ ਤਿਲਕ ਰਾਮ ਤੇ ਦੇਬਾ ਟਰੱਕ ਭਰਵਾ ਦਿੰਦੇ। ਟਰੱਕ ਵਿਚ ਲੱਦੀਆਂ ਬੋਰੀਆਂ ਅਸਮਾਨ ਨੂੰ ਛੋਹਣ ਲਗਦੀਆਂ। ਲਗਦਾ ਜਿਵੇਂ ਕੋਈ ਪਹਾੜ ਉਸਰਿਆ ਖੜ੍ਹਾ ਹੋਵੇ। ਟਰੱਕ ਵਾਲੇ ਬੰਦੇ ਰੱਸੇ ਪਾ ਕੇ ਬੋਰੀਆਂ ਨੂੰ ਬੰਨ੍ਹ ਦਿੰਦੇ ਸਨ ਅਤੇ ਫੇਰ ਇਹ ਟਰੱਕ ਕਦੇ ਗੋਬਿੰਦਗੜ੍ਹ ਨੂੰ ਤੁਰ ਜਾਂਦਾ, ਕਦੇ ਮਲੇਰਕੋਟਲੇ ਨੂੰ ਅਤੇ ਬਹੁਤੀ ਵਾਰ ਲੁਧਿਆਣੇ ਨੂੰ ਜਾਂਦਾ।

ਟਰੱਕ ਤੋਰ ਕੇ ਦੇਬੇ ਨੂੰ ਸੁੱਖ ਦਾ ਸਾਹ ਆਉਂਦਾ। ਉਹ ਵਿਜੇ ਕੁਮਾਰ ਵਲ ਝਾਕ ਕੇ ਮੁਸਕਾਉਣ ਲਗਦਾ। ਆਥਣੇ ਹਨੇਰਾ ਹੋਏ ਰੇੜ੍ਹੀਆਂ ਦਾ ਕੰਮ ਮੁੱਕੇ ਤੋਂ ਦੇਬਾ ਸਾਈਕਲ ਚੁੱਕਦਾ ਅਤੇ ਪਿੰਡ ਆ ਜਾਂਦਾ। ਪਿੰਡ ਆ ਕੇ ਗਰਮ ਪਾਣੀ ਨਾਲ ਨਹਾਉਂਦਾ। ਹਾੜ੍ਹ ਹੋਏ, ਸਿਆਲ ਹੋਵੇ ਉਹ ਗਰਮ ਪਾਣੀ ਨਾਲ ਹੀ ਨਹਾਉਂਦਾ ਸੀ। ਇਸ ਤਰ੍ਹਾਂ ਉਹਦੇ ਹੱਡ ਖੁੱਲ੍ਹ ਜਾਂਦੇ ਅਤੇ ਦਿਨ ਦੀ ਸਾਰੀ ਥਕਾਵਟ ਉਤਰ ਜਾਂਦੀ। ਹੁਣ ਉਹ ਪਊਆ ਵੀ ਲਾਉਣ ਲੱਗ ਪਿਆ ਸੀ। ਦੇਸੀ ਦੀ ਬੋਤਲ ਲਿਆ ਕੇ ਘਰ ਰੱਖਦਾ ਅਤੇ ਰੋਟੀ ਖਾਣ ਤੋਂ ਪਹਿਲਾਂ ਦੋ ਵੱਡੇ ਪੈੱਗ ਅੰਦਰ ਸੁੱਟ ਲੈਂਦਾ। ਬੋਤਲ ਅੰਦਰ ਕਿਤੇ ਛੁਪਾ ਕੇ ਰੱਖਦਾ। ਡਰਦਾ, ਜੱਟਾਂ ਨੂੰ ਕਿਧਰੇ ਪਤਾ ਨਾ ਲੱਗ ਜਾਵੇ ਕਿ ਬਾਣੀਆ ਪੀਂਦਾ ਹੈ।

ਦੇਬਾ ਵਕਤ ਕੱਢਕੇ ਕਦੇ ਕਦੇ ਦੁਰਗਾ ਮੱਲ ਦੀ ਦੁਕਾਨ 'ਤੇ ਵੀ ਜਾਂਦਾ। ਵਿਜੇ ਕੁਮਾਰ ਨੂੰ ਪੁੱਛਕੇ ਜਾਂਦਾ ਸੀ। ਅਜਿਹਾ ਦੁਪਹਿਰ ਤੋਂ ਪਹਿਲਾਂ ਹੀ ਕਦੇ ਹੁੰਦਾ। ਦੁਰਗਾ ਮੱਲ ਉਹਨੂੰ ਨੇਕ ਸਲਾਹ ਦਿੰਦਾ ਰਹਿੰਦਾ। ਆਖਦਾ, ''ਦੇਬਿਆ ਭਾਈ, ਮਾਲਕ ਦੇ ਢਿੱਡ 'ਚ ਵੜ੍ਹ ਜੀਏ ਕੇਰਾਂ। ਦੇਹ ਤੋੜਕੇ ਕੰਮ ਕਰਿਆ ਕਰ। ਆਵਦੇ ਕੰਮ ਤੋਂ ਬਿਨਾਂ ਉਹਦੇ ਹੋਰ ਕੰਮ ਵੀ ਕਰ ਦਿਆ ਕਰ। ਵਿਜੇ ਨੂੰ ਐਂ ਲੱਗਣ ਲਾਦੇ ਬਈ ਤੇਰੇ ਬਗੈਰ ਇਕ ਮਿੰਟ ਨ੍ਹੀ ਸਰਦਾ ਉਹਨੂੰ।''

ਉਹ ਜਵਾਬ ਦਿੰਦਾ, ''ਠੀਕ ਐ ਤਾਇਆ, ਮੈਂ ਐਂ ਈ ਕਰਦਾਂ। ਮੈਂ ਉਹਨੂੰ ਦੁਬਾਰਾ ਨ੍ਹੀ ਆਖਣ ਦਿੰਦਾ। ਕੰਡੇ ਤੋਂ ਵਿਹਲਾ ਹੋ ਕੇ ਤਿਲਕ ਰਾਮ ਨਾਲ ਲੱਗ ਜਾਨਾਂ। ਕਬਾੜਖਾਨੇ ਤੋਂ ਪਰ੍ਹਾਂ ਵਿਹੜੇ 'ਚ ਮਿਸਤਰੀ ਲੋਹੇ ਦੀ ਢਾਹ-ਭੰਨ ਕਰ ਰਹੇ ਹੁੰਦੇ ਨੇ। ਉਹਨਾਂ ਦੀ ਮੱਦਦ ਵੀ ਕਰ ਆਉਨਾਂ। ਮੈਂ ਊਰੀ ਵਾਂਗੂੰ ਘੁਕਿਆ ਫਿਰਦਾ ਰਹਿਨਾਂ ਓਥੇ।

Scanned by CamScanner

ਵਿਜੇ ਕੁਮਾਰ ਟੇਢੀ ਅੱਖ ਨਾਲ ਤਾੜਦਾ ਰਹਿੰਦੈ ਮੈਨੂੰ। ਉਹ ਭਲਾ ਬੰਦੈ, ਤਾਇਆ। ਮੈਨੂੰ ਪਿਆਰ ਨਾਲ ਰੱਖਦੈ।''

''ਬੱਸ ਫੇਰ, ਖੱਟ ਜੇਂਗਾ ਤੂੰ?'' ਦੁਰਗਾ ਮੱਲ ਤਸੱਲੀ ਨਾਲ ਆਖਦਾ।

''ਮੈਂ ਹੁਣ ਤਾਇਆ ਐਥੇ ਈ ਆ ਜਾਣੈ। ਨਿੱਤ ਆਉਣ ਜਾਣ ਦਾ ਕੰਮ ਮੁਕਾਉਨੇ ਆਂ। ਕੋਈ ਛੋਟਾ ਮੋਟਾ ਮਕਾਨ ਹੋਵੇ ਤੇਰੀ ਨਿਗਾਅ 'ਚ, ਪੁੱਛ ਕੇ ਦਿਵਾ ਮੈਨੂੰ। ਮੇਰੇ ਕੋਲ ਪੈਸੇ ਹੈਗੇ ਐ।''

''ਪੈਸੇ ਕਿੱਥੋਂ ਆ 'ਗੇ ਤੇਰੇ ਕੋਲ?''

''ਪਿਛਲੀ ਹਾੜ੍ਹੀ ਤੇ ਆਹ ਸੌਣੀ ਮੈਂ ਸਾਰਾ ਉਧਾਰ ਉਗਰਾਹ ਲਿਆ। ਥੋੜ੍ਹੇ ਈ ਘਰ ਰਹਿਗੇ, ਉਹ ਤਾਂ ਜਮ੍ਹਾਂ ਮੁੱਕਰ ਗੇ ਸਮਝ। ਨਾਲੇ ਮੈਂ ਪਿੰਡ ਆਲਾ ਮਕਾਨ ਵਕਾਊ ਕਰ ਦੇਣੈ। ਜੁਆਕ-ਜੱਲਾ ਐਥੇ ਚੱਕ ਲਿਆਊਂ, ਸਭ ਲਕਾ-ਤੁਕਾ।''

''ਇਹ ਤਾਂ ਵਧੀਆ ਗੱਲ ਐ ਦੇਬਿਆ। ਪਿੰਡਾਂ 'ਚ ਕੀਹ ਐ ਹੁਣ। ਜੁਆਕਾਂ ਨੂੰ ਐਥੇ ਪੜ੍ਹਨ ਲਾਦੇ। ਐਥੇ ਤਾਂ ਵਧੀਆ ਤੋਂ ਵਧੀਆ ਸਕੂਲ ਨੇ।''

22

ਦੇਬੇ ਨੇ ਕੁਝ ਪੈਸੇ ਦੁਰਗਾ ਮੱਲ ਤੋਂ ਫੜ ਲਏ ਸਨ। ਸੇਵਾ ਸਿੰਘ ਕਾਲੋਨੀ ਵਿਚ ਮਕਾਨ ਲੈ ਲਿਆ। ਇਹ ਛੋਟਾ ਹੀ ਮਕਾਨ ਸੀ। ਦੋ ਕਮਰੇ ਸਨ। ਇਕ ਵਿਚ ਉਹ ਪੈਂਦੇ-ਬਹਿੰਦੇ, ਇਕ ਵਿਚ ਸਾਮਾਨ ਪਿਆ ਹੋਇਆ ਸੀ। ਰਸੋਈ ਸੀ, ਗੁਸਲਖਾਨਾ ਸੀ, ਟੱਟੀ ਅਲੱਗ, ਛੋਟਾ ਜਿਹਾ ਵਿਹੜਾ ਵੀ ਸੀ। ਕਮਰਿਆਂ ਅੱਗੇ ਵਰਾਂਢਾ ਸੀ, ਵਰਾਂਢੇ ਵਿਚੋਂ ਹੀ ਛੱਤ ਉੱਤੇ ਪੌੜੀਆਂ ਜਾਂਦੀਆਂ। ਉਹਨਾਂ ਦੇ ਪਿੰਡ ਵਾਲੇ ਮਕਾਨ ਨਾਲੋਂ ਵਧੀਆ ਮਕਾਨ ਸੀ।

ਪਿੰਡ ਵਾਲਾ ਮਕਾਨ ਵੇਚ ਕੇ ਦੇਬੇ ਨੇ ਦੁਰਗਾ ਮੱਲ ਦਾ ਉਧਾਰ ਮੋੜ ਦਿੱਤਾ। ਸਗੋਂ ਕੁਝ ਪੈਸੇ ਉਹਨੂੰ ਵਿਆਜ ਉੱਤੇ ਫੜਾ ਦਿੱਤੇ। ਵਿਹਾਰੀ ਗੱਲ ਸੀ। ਦੁਰਗਾ ਮੱਲ ਤਾਂ ਇਹੀ ਕੰਮ ਕਰਦਾ ਸੀ। ਥੋੜੇ ਵਿਆਜ ਉੱਤੇ ਪੈਸੇ ਲੈ ਕੇ ਵੱਧ ਵਿਆਜ਼ ਉੱਤੇ ਅਗਾਂਹ ਦਿੰਦਾ ਸੀ। ਸਰਦਾਰਗੜ੍ਹ ਪਿੰਡ ਵਿਚ ਅਤੇ ਆਲਾ ਸਿੰਘ ਵਾਲੇ ਉਹਦਾ ਵਿਆਜੂ ਪੈਸਾ ਚਲਦਾ ਸੀ। ਆਈ ਚਲਾਈ ਬਣੀ ਹੋਈ ਸੀ। ਚਾਹੇ ਉਹ ਜੱਟਾਂ ਲਈ ਇਕ ਲਹੂ-ਪੀਣਾ ਆੜ੍ਹਤੀਆ ਸੀ, ਪਰ ਮਕਾਨ ਲੈਣ ਵੇਲੇ ਜਿਹੜੇ ਪੈਸੇ ਉਹਨੇ ਦੇਬੇ ਨੂੰ ਦਿੱਤੇ, ਉਹਨਾਂ ਦਾ ਇਕ ਪੈਸਾ ਵੀ

Scanned by CamScanner

ਵਿਆਜ਼ ਨਹੀਂ ਲਿਆ। ਉਹ ਆਪਣੇ ਭਤੀਜੇ ਨੂੰ ਸ਼ਹਿਰ ਵਿਚ ਸੈੱਟ ਕਰਨਾ ਚਾਹੁੰਦਾ ਸੀ। ਦੇਬੇ ਦੇ ਬਾਪ ਨੇ ਕਦੇ ਦੁਰਗਾ ਮੱਲ ਉੱਤੇ ਇਕ ਬਹੁਤ ਵੱਡਾ ਅਹਿਸਾਨ ਕੀਤਾ ਸੀ। ਉਹ ਇਸ ਅਹਿਸਾਨ ਦਾ ਬਦਲਾ ਚੁਕਾਉਣਾ ਚਾਹੁੰਦਾ ਸੀ। ਏਸੇ ਕਰਕੇ ਤਾਂ ਉਹਨੇ ਦੇਬੇ ਨੂੰ ਬਿਨਾਂ-ਵਿਆਜੂ ਰੁਪਏ ਦਿੱਤੇ ਸਨ।

ਵਿਜੇ ਕੁਮਾਰ ਕਬਾੜੀਆ ਰੰਗ ਦਾ ਗੋਰਾ, ਪਰ ਸਿਰੋਂ ਗੰਜਾ ਸੀ, ਗਿੱਚੀ ਉੱਤੇ ਕੁਝ ਵਾਲ ਸਨ। ਐਨਕ ਲਾਕੇ ਰੱਖਦਾ। ਉਹ ਭਰਮਾਂ ਵਹਿਮਾਂ ਵਿਚ ਡੁੱਬਿਆ ਅਤੇ ਸ਼ਗਨ ਵਿਚਾਰਨ ਵਾਲਾ ਖੁੱਲ੍ਹ ਦਿਲਾ ਬਾਣੀਆ ਸੀ। ਜਦੋਂ ਤੋਂ ਬਲਦੇਵ ਰਾਜ ਉਹਦੇ ਕੋਲ ਆਇਆ ਸੀ। ਉਹਦਾ ਕਾਰੋਬਾਰ ਬਹੁਤ ਚਮਕ ਉਠਿਆ ਸੀ। ਉਹਨੂੰ ਲਾਭ ਹੀ ਲਾਭ ਹੁੰਦੇ ਜਾ ਰਹੇ ਸਨ। ਇਹਨਾਂ ਦਿਨਾਂ ਵਿਚ ਹੀ ਉਹਦੀ ਕੁੜੀ ਬਹੁਤ ਚੰਗੇ ਠਿਕਾਣੇ ਵਿਚ ਵਿਆਹੀ ਗਈ ਸੀ। ਜਿਸਦੇ ਵਿਆਹ ਉੱਤੇ ਉਹਨੇ ਬਾਰਾਂ ਲੱਖ ਰੁਪਇਆ ਖਰਚ ਕੀਤਾ। ਕੁੜੀ ਸਿਰਫ਼ ਬੀ. ਏ. ਪਾਸ ਸੀ। ਇਹਨਾਂ ਦਿਨਾਂ ਵਿਚ ਹੀ ਉਹਦੇ ਵੱਡੇ ਮੁੰਡੇ ਨੂੰ ਨੌਕਰੀ ਮਿਲੀ ਸੀ, ਜਿਹੜਾ ਇੰਜਨੀਅਰ ਸੀ। ਛੋਟੇ ਮੁੰਡੇ ਨੂੰ ਐਮ. ਬੀ. ਬੀ. ਐਸ. ਵਿਚ ਦਾਖਲਾ ਮਿਲ ਗਿਆ ਸੀ। ਇਹ ਤਿੰਨੇ ਖੁਸ਼ੀਆਂ ਵਿਜੇ ਕੁਮਾਰ ਨੂੰ ਇਕੋ ਸਾਲ ਵਿਚ ਮਿਲੀਆਂ ਸਨ। ਉਹ ਵਿਚਾਰ ਕਰਦਾ ਕਿ ਕੋਈ ਬੰਦਾ ਹੀ ਭਾਗਾਂ ਵਾਲਾ ਹੁੰਦਾ ਹੈ ਜਿਸਦੀ ਹੋਂਦ ਕਰਕੇ ਸਿਤਾਰਾ ਚਮਕ ਉਠਦਾ ਹੈ। ਉਹਨੇ ਅਗਲੇ ਸਾਲ ਹੀ ਬਲਦੇਵ ਰਾਜ ਦੀ ਤਨਖਾਹ ਪੰਜ ਸੌ ਰੁਪਇਆ ਵਧਾ ਦਿੱਤੀ। ਇਕ ਛੋਟਾ ਰੰਗਦਾਰ ਟੀ.ਵੀ. ਉਹਨੂੰ ਗਿਫ਼ਟ ਵਜੋਂ ਦਿੱਤਾ ਸੀ।

ਕੀਹ ਸੀ ਵਿਜੇ ਕੁਮਾਰ। ਪੰਦਰਾਂ ਸਾਲ ਪਹਿਲਾਂ ਜਦੋਂ ਉਹ ਸ਼ੇਰਪੁਰ ਤੋਂ ਇਥੇ ਆਲਾ ਸਿੰਘ ਵਾਲੇ ਆਇਆ ਸੀ, ਉਹਦੇ ਕੋਲ ਬਹੁਤ ਥੋੜੀ ਪੂੰਜੀ ਸੀ। ਆਪਣਾ ਮਕਾਨ ਵੀ ਨਹੀਂ ਸੀ। ਕਿਰਾਏ ਦੇ ਮਕਾਨ ਵਿਚ ਦਿਨ ਕੱਟੇ ਸਨ। ਬੱਚੇ ਛੋਟੇ ਸਨ। ਪਹਿਲਾਂ ਉਹਨੇ ਕਿਸੇ ਹੋਰ ਕਬਾੜੀਏ ਦੀ ਦੁਕਾਨ ਉੱਤੇ ਦੋ ਸਾਲ ਕੰਮ ਕੀਤਾ ਸੀ। ਫੇਰ ਆਪਣਾ ਕਬਾੜਖਾਨਾ ਖੋਲ੍ਹ ਲਿਆ। ਓਦੋਂ ਤਾਂ ਇੱਥੇ ਚਾਰ-ਪੰਜ ਕਬਾੜੀਏ ਹੀ ਸਨ। ਹੁਣ ਇਕੱਲੇ ਆਲਾ ਸਿੰਘ ਵਾਲੇ ਵਿਚ ਤੀਹ ਦੁਕਾਨਾਂ ਕਬਾੜੀਆਂ ਦੀਆਂ ਸਨ। ਪਹਿਲਾਂ ਪਹਿਲਾਂ ਤਾਂ ਆਲੇ–ਦੁਆਲੇ ਦੇ ਪਿੰਡਾਂ ਵਿਚੋਂ ਵੀ ਕਬਾੜ ਦੀਆਂ ਰੇੜ੍ਹੀਆਂ ਆਉਂਦੀਆਂ ਹੁੰਦੀਆਂ। ਪਰ ਹੁਣ ਪਿਛਲੇ ਚਾਰ ਪੰਜਾਂ ਸਾਲਾਂ ਤੋਂ ਸਿਰਫ਼ ਸ਼ਹਿਰ ਦਾ ਕੰਮ ਹੀ ਰਹਿ ਗਿਆ ਸੀ। ਵੱਡੇ ਪਿੰਡਾਂ ਅਤੇ ਕਸਬਿਆਂ ਵਿਚ ਵੀ ਕਬਾੜਖਾਨੇ ਖੁੱਲ੍ਹ ਗਏ ਹਨ। ਉਹਨਾਂ ਪਿੰਡਾਂ ਦਾ ਕਬਾੜ ਓਥੇ ਹੀ ਇਕੱਠਾ ਹੁੰਦਾ ਰਹਿੰਦਾ।

ਦੇਬਾ ਢਾਈ-ਤਿੰਨ ਸਾਲ ਹੀ ਵਿਜੇ ਕੁਮਾਰ ਕੋਲ ਰਿਹਾ। ਇਸ ਦੌਰਾਨ ਉਹਨੇ ਕਬਾੜ ਖਾਨੇ ਦਾ ਸਾਰਾ ਜੁਗਰਾਫੀਆ ਸਮਝ ਲਿਆ ਸੀ। ਪਿਛਲੇ ਦਿਨਾਂ ਵਿਚ ਉਹ

Scanned by CamScanner

ਸੋਚਦਾ ਰਹਿੰਦਾ ਕਿ ਇਹ ਕੰਮ ਤਾਂ ਉਹ ਆਪ ਵੀ ਸ਼ੁਰੂ ਕਰ ਸਕਦਾ ਹੈ। ਇਸ ਵੇਲੇ ਉਸ ਦੀ ਤਨਖਾਹ ਸਾਢੇ ਤਿੰਨ ਹਜ਼ਾਰ ਸੀ। ਦੋਵੇਂ ਬੱਚੇ ਪੜ੍ਹ ਰਹੇ ਸਨ। ਉਹਨਾਂ ਦਾ ਖਰਚ ਸੀ। ਬੜੀ ਮੁਸ਼ਕਿਲ ਨਾਲ ਗੁਜ਼ਾਰਾ ਹੁੰਦਾ। ਸੇਵਾ ਸੰਘ ਕਾਲੋਨੀ ਵਿਚ ਜਿੱਥੇ ਉਹਨਾਂ ਦਾ ਮਕਾਨ ਸੀ, ਉਹਦੀ ਘਰਵਾਲੀ ਨੇ ਘਰ ਵਿਚ ਹੀ ਛੋਟੀ ਜਿਹੀ ਦੁਕਾਨ ਖੋਲ੍ਹ ਰੱਖੀ ਸੀ। ਇਥੋਂ ਔਰਤਾਂ ਅਤੇ ਬੱਚਿਆਂ ਦਾ ਸਾਮਾਨ ਮਿਲ ਸਕਦਾ। ਬਾਜ਼ਾਰ ਜਾਣ ਨਾਲੋਂ ਲੋੜਵੰਦ ਔਰਤਾਂ ਇਥੋਂ ਮਤਲਬ ਦੀਆਂ ਚੀਜ਼ਾਂ ਲੈ ਲੈਂਦੀਆਂ ਸਨ। ਉਹ ਉਧਾਰ ਵੀ ਕਰ ਲੈਂਦੀ। ਇਹ ਛੋਟੀ ਦੁਕਾਨ ਘਰ ਦਾ ਖਰਚ ਚਲਾਉਣ ਲਈ ਹੀ ਸੀ।

ਵਿਜੇ ਕੁਮਾਰ ਦਾ ਵਰਤਾਓ ਦੇਖਦਾ ਤਾਂ ਦੇਬਾ ਓਥੇ ਹੀ ਟਿਕਿਆ ਰਹਿਣਾ ਚਾਹੁੰਦਾ। ਘਰ ਦੇ ਖਰਚ ਵਲ ਦੇਖਦਾ ਤਾਂ ਉਹਦਾ ਜੀਅ ਕਰਦਾ ਕਿ ਉਹ ਆਪਣਾ ਕਬਾੜਖਾਨਾ ਖੋਲ੍ਹ ਲਵੇ। ਉਹ ਕਾਮਯਾਬ ਹੋ ਸਕਦਾ ਹੈ। ਕਿੰਨੇ ਸਾਰੇ ਲੋਕ ਰੇੜ੍ਹੀਆਂ ਵਾਲੇ ਉਹਨੂੰ ਜਾਣਨ ਲੱਗ ਪਏ ਹਨ। ਉਹਨਾਂ ਵਿਚੋਂ ਕੁਝ ਰੇੜ੍ਹੀਆਂ ਉਹਦੀ ਦੁਕਾਨ ਉਤੇ ਆਉਣ ਲੱਗਣਗੀਆਂ। ਉਹ ਆਪੇ ਆਇਆ ਕਰਨਗੇ, ਜਦੋਂ ਉਹ ਉਹਨਾਂ ਨੂੰ ਪਹਿਲਾਂ ਪਹਿਲਾਂ ਹੋਰ ਕਬਾੜੀਆਂ ਨਾਲੋਂ ਵੱਧ ਪੈਸੇ ਦਿਆ ਕਰੇਗਾ। ਉਹ ਉਹਨਾਂ ਨਾਲ ਵਿਜੇ ਕੁਮਾਰ ਜਿਹਾ ਹੀ ਮਿੱਠਾ-ਪਿਆਰਾ ਵਰਤਾਓ ਕਰਿਆ ਕਰੇਗਾ। ਉਹ ਇਹ ਵੀ ਸੋਚਦਾ ਕਿ ਉਹ ਕਾਹਦੀ ਖਾਤਰ ਪਿੰਡ ਛੱਡ ਕੇ ਇਥੇ ਸ਼ਹਿਰ ਵਿਚ ਆਇਆ ਸੀ। ਕੀ ਉਹ ਨੌਕਰੀ ਕਰਦਾ ਰਹੇਗਾ ਏਸੇ ਤਰ੍ਹਾਂ। ਉਹ ਬਾਣੀਆਂ ਪੁੱਤ ਹੈ। ਉਹਨੂੰ ਆਪਣਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਵਿਜੇ ਕੁਮਾਰ ਨੇ ਖੁਦ ਵੀ ਤਾਂ ਇਵੇਂ ਹੀ ਕੀਤਾ ਸੀ। ਉਹਦੀਆਂ ਅੱਖਾਂ ਵਿਚ ਸੁਪਨੇ ਜਾਗਣ ਲਗਦੇ ਕਿ ਉਹ ਵੀ ਇਕ ਦਿਨ ਵਿਜੇ ਕੁਮਾਰ ਬਣ ਜਾਵੇਗਾ। ਇਸੇ ਤਰ੍ਹਾਂ ਤਿੰਨ ਮੰਜਲੀ ਬਿਲਡਿੰਗ ਹੋਵੇਗੀ ਉਹਦੀ। ਉਹਦੇ ਮੁੰਡੇ ਕੁੜੀਆਂ ਵਾਂਗ ਹੀ ਉਹਦੇ ਆਪਣੇ ਮੁੰਡਾ ਤੇ ਕੁੜੀ ਪੜ੍ਹ ਲਿਖ ਜਾਣਗੇ। ਉਹ ਕੁੜੀ ਦਾ ਸ਼ਾਨਦਾਰ ਵਿਆਹ ਕਰੇਗਾ। ਮੁੰਡੇ ਨੂੰ ਬਹੁਤ ਸਾਰਾ ਪੜ੍ਹਾਏਗਾ ਅਤੇ ਅਫਸਰ ਬਣਾਏਗਾ। ਉਹ ਆਪਣੇ ਮੁੰਡੇ ਨੂੰ ਕਬਾੜੀਆ ਨਹੀਂ ਬਣਾਵੇਗਾ। ਚਾਹੇ ਇਸ ਕੰਮ ਵਿਚ ਪੈਸਾ ਬਹੁਤ ਐ, ਪਰ ਹੈ ਤਾਂ ਗੰਦਾ ਕੰਮ। ਗੰਦ ਖਰੀਦ ਕੇ ਅਤੇ ਫੇਰ ਗੰਦ ਵੇਚ ਕੇ ਪੈਸਾ ਬਣਦਾ ਹੈ। ਉਹਦੀ ਸੋਚ ਫੁਰਦੀ, ਹਾਲ ਦੀ ਘੜੀ ਤਾਂ ਉਹਨੂੰ ਪੈਸਾ ਚਾਹੀਦਾ ਹੈ, ਚਾਹੇ ਏਦੂੰ ਵੀ ਘਟੀਆ ਕੰਮ ਉਹਨੂੰ ਕਰਨਾ ਪੈ ਜਾਵੇ। ਬਾਣੀਏ-ਪੁੱਤ ਦੀ ਤੱਕੜੀ ਚਲਦੀ ਰਹਿਣੀ ਚਾਹੀਦੀ ਹੈ। ਉਸ ਵਿਚ ਉਹ ਜੋਖੇ ਤੋਲੇ ਚਾਹੇ ਕੁਝ ਵੀ।

ਮੰਦਰ ਰੋਡ ਦੇ ਦੂਜੇ ਸਿਰੇ ਉੱਤੇ ਉਹਨੇ ਕਬਾੜੀ ਦੀ ਦੁਕਾਨ ਖੋਲ੍ਹ ਲਈ। ਇਹ ਦੋ ਵੱਡੇ ਕਮਰਿਆਂ ਦੀ ਦੁਕਾਨ ਸੀ। ਪਿੱਛੇ ਖਾਸਾ ਲੰਮਾ ਚੌੜਾ ਵਿਹੜਾ ਸੀ। ਸੜਕ ਵਾਲੇ ਕਮਰੇ ਵਿਚ ਦਰਵਾਜ਼ੇ ਉੱਤੇ ਆਪਣਾ ਕਾਊਂਟਰ ਲਾ ਲਿਆ। ਥੱਲੇ ਸੜਕ ਉੱਤੇ ਕੰਡਾ

Scanned by CamScanner

ਧਰ ਲਿਆ। ਉਹਦੀ ਦੁਕਾਨ ਦਾ ਮਹੂਰਤ ਵਿਜੇ ਕੁਮਾਰ ਹੀ ਕਰਕੇ ਗਿਆ। ਗਿਆਰਾਂ ਸੌ ਰੁਪਇਆ ਸ਼ਗਨ ਦਿੱਤਾ। ਦੁਰਗਾ ਮੱਲ ਵੀ ਆਇਆ ਸੀ। ਉਹਨੇ ਵੀ ਸ਼ਗਨ ਦਿੱਤਾ ਸੀ। ਸ਼ਹਿਰ ਦੇ ਕੁਝ ਹੋਰ ਲੋਕ ਵੀ ਸਨ। ਸਰਦਾਰਗੜ੍ਹ ਤੋਂ ਬੰਦੇ ਆਏ ਸਨ। ਰੁਪਈਏ ਦੇ ਕੇ ਗਏ। ਆਸਾ ਸੂੰ ਦਰਜੀ ਦਾ ਪੋਤਾ ਨੀਲਮ, ਮਾਸਟਰ ਤਰਸੇਮ ਲਾਲ ਦਾ ਮੁੰਡਾ ਸੁਰੇਸ਼ ਅਤੇ ਸਰਦਾਰਗੜ੍ਹ ਦੇ ਆਲਾ ਸਿੰਘ ਵਾਲੇ ਰਹਿੰਦੇ ਕਈ ਮਹਾਜਨ ਮਹੂਰਤ ਉੱਤੇ ਆਏ ਸਨ।

23

ਦੋਵੇਂ ਕਮਰੇ ਕਬਾੜ ਦੀਆਂ ਬੋਰੀਆਂ ਨਾਲ ਬੂਥੇ ਪਏ ਸਨ। ਛੱਤ ਤੱਕ ਲੱਗੀਆਂ ਬੋਰੀਆਂ। ਕਈ ਦਿਨਾਂ ਤੋਂ ਟਰੱਕ ਨਹੀਂ ਆਇਆ ਸੀ। ਦੋ ਟਰੱਕਾਂ ਦਾ ਮਾਲ ਹੋਵੇਗਾ ਇਹ। ਦੇਬਾ ਟਰੱਕ ਨੂੰ ਉਡੀਕਦਾ ਰਹਿੰਦਾ। ਸਾਹਮਣੇ ਵਾਲੇ ਕਮਰੇ ਤੋਂ ਦੂਜੇ ਕਮਰੇ ਦੇ ਸਿਰੇ ਤੱਕ ਜਾਣ ਲਈ ਬੱਸ ਇਕ ਬੰਦੇ ਦੇ ਲੰਘਣ ਦੀ ਥਾਂ ਸੀ। ਦੋਵੇਂ ਪਾਸੇ ਜਿਵੇਂ ਬੋਰੀਆਂ ਦੇ ਪਹਾੜ ਉੱਸਰੇ ਖੜ੍ਹੇ ਹੋਣ। ਅਗਾਂਹ ਵਿਹੜੇ ਵਿਚ ਲੋਹੇ ਦੇ ਢੇਰ ਸਨ। ਵਿਹੜੇ ਵਿਚ ਬੈਠ ਕੇ ਦੋ ਮਿਸਤਰੀ ਸਾਰਾ ਸਾਰਾ ਦਿਨ ਲੋਹੇ ਦੀਆਂ ਚੀਜ਼ਾਂ ਨੂੰ ਤੋੜਦੇ ਭੰਨਦੇ ਰਹਿੰਦੇ। ਉਹਨਾਂ ਨੂੰ ਛੋਟਾ ਕਰ ਲੈਂਦੇ ਤਾਂ ਕਿ ਇਹ ਲੋਹਾ ਬੋਰੀਆਂ ਵਿਚ ਭਰਿਆ ਜਾ ਸਕੇ। ਇਕ ਖੂੰਜੇ ਇਕ ਛੋਟੀ ਪੇਟੀ ਪਈ ਸੀ। ਚਿੱਬ-ਖੜਿੱਬੀ ਅਤੇ ਕਾਲੇ ਭੂਰੇ ਰੰਗ ਦੀ ਚਾਦਰ ਦੀ ਬਣੀ ਇਹ ਪੇਟੀ ਬਹੁਤ ਪੁਰਾਣੇ ਸਮੇਂ ਦੀ ਲਗਦੀ ਸੀ। ਕੋਈ ਪੰਜਾਹ ਸਾਲ ਪੁਰਾਣੀ ਇਹ ਪੇਟੀ ਵਕਤ ਦੇ ਨਕਸ਼ਾਂ ਨੂੰ ਉਘਾੜ ਰਹੀ ਸੀ। ਉਹਨਾਂ ਦਿਨਾਂ ਵਿਚ ਇਹੀ ਪੇਟੀਆਂ ਦਾਜ ਵਿਚ ਦਿੱਤੀਆਂ ਜਾਂਦੀਆਂ। ਅਤੇ ਫੇਰ ਬੁੜ੍ਹੀ ਦੀ ਪੇਟੀ ਸਮਝ ਕੇ ਇਹਨੂੰ ਸਬਾਤ ਤੋਂ ਬਾਹਰ ਕਿੱਧਰੇ ਵਰਾਂਢੇ ਦੀ ਨੁੱਕਰ ਵਿੱਚ ਜਾਂ ਨੀਰੇ ਵਾਲੇ ਅੰਦਰ ਗੈਰ ਜ਼ਰੂਰੀ ਜਿਹਾ ਰੱਖ ਦਿੱਤਾ ਜਾਂਦਾ। ਐਨਾ ਹੀ ਕਦੇ ਕਦੇ ਕੋਈ ਆਖਦਾ, ''ਇਹ ਅੰਬੋ ਦੀ ਨਿਸ਼ਾਨੀ ਐ।'' ਅਤੇ ਹੱਸ ਦਿੱਤਾ ਜਾਂਦਾ। ਅੱਜਕਲ ਤਾਂ ਵੱਡੀਆਂ ਵੱਡੀਆਂ ਪੇਟੀਆਂ ਦਾ ਰਿਵਾਜ ਸੀ। ਲੋਹੇ ਦੀ ਚਾਦਰ ਦੀਆਂ ਪੇਟੀਆਂ ਸਨ ਜਾਂ ਫੇਰ ਲੱਕੜ ਦੀਆਂ ਪੇਟੀਆਂ। ਸਗੋਂ ਪੇਟੀਆਂ ਦਾ ਰਿਵਾਜ ਹਟਦਾ ਜਾ ਰਿਹਾ ਸੀ। ਸ਼ਹਿਰੀ ਮਾਹੌਲ ਵਿਚ ਪੇਟੀ ਨਾਲ ਰੋਕ ਕੇ ਕੌਣ ਰਖਦਾ ਹੈ ਕੋਈ ਕਮਰਾ। ਗਾਦਰੇਜ ਦੀਆਂ ਖੜ੍ਹਵੀਆਂ ਅਲਮਾਰੀਆਂ ਦਾ ਰਿਵਾਜ ਚੱਲਿਆ ਹੋਇਆ ਹੈ।

ਕਿਸੇ ਬੁੜ੍ਹੀ ਦੀ ਇਹ ਛੋਟੀ ਜਿਹੀ ਪੇਟੀ ਕਈ ਦਿਨ ਪਹਿਲਾਂ ਕਿਸੇ ਪਿੰਡ ਦਾ ਬੰਦਾ ਇਥੇ ਵੇਚ ਗਿਆ ਸੀ। ਟਰੈਕਟਰ-ਟਰਾਲੀ ਉੱਤੇ ਇਹ ਪੇਟੀ ਆਈ ਸੀ। ਜਿੰਨੇ ਵੀ

Scanned by CamScanner

ਪੈਸੇ ਦੇਬੇ ਨੇ ਦਿੱਤੇ, ਅਗਲਾ ਲੈ ਕੇ ਰਾਹ ਪਿਆ। ਟਰੈਕਟਰ ਚਲਦਾ ਹੀ ਰਹਿਣ ਦਿੱਤਾ ਸੀ। ਜਿਵੇਂ ਬਹੁਤ ਕਾਹਲ ਵਿੱਚ ਹੋਵੇ ਅਤੇ ਪੇਟੀ ਦੇ ਜਿੰਨੇ ਵੀ ਪੈਸੇ ਮਿਲਣ, ਠੀਕ ਹੈ ਸਮਝ ਕੇ ਤੁਰ ਗਿਆ। ਖਬਰ ਨਹੀਂ ਉਹ ਕਿਹੜੇ ਪਿੰਡੋਂ ਆਇਆ ਹੋਵੇਗਾ। ਪੇਟੀ ਦੇ ਮੁੱਲ ਨਾਲੋਂ ਤਾਂ ਵੱਧ ਪੈਸਿਆਂ ਦਾ ਉਹਨੇ ਤੇਲ ਫੂਕ ਦਿੱਤਾ ਸੀ।

ਦੇਬਾ ਉਸ ਦਿਨ ਵਕਤ ਤੋਂ ਪਹਿਲਾਂ ਹੀ ਦੁਕਾਨ ਉੱਤੇ ਆ ਖੜ੍ਹਾ ਸੀ। ਨੌਕਰ ਮੁੰਡੇ ਨੇ ਕਾਊਂਟਰ ਸਾਫ਼ ਕੀਤਾ ਸੀ। ਕੰਡੇ ਦੇ ਪਾਲੜੇ ਪਾਣੀ ਨਾਲ ਧੋਤੇ ਸਨ ਅਤੇ ਵੱਟਿਆਂ ਨੂੰ ਧੋ ਕੇ ਸਾਰੀ ਦੁਕਾਨ ਵਿੱਚ ਧੂਫ ਦੇ ਦਿੱਤੀ ਸੀ। ਆਪਣਾ ਕੰਮ ਨਿਬੇੜ ਕੇ ਉਹ ਦੇਬੇ ਦੇ ਘਰ ਨੂੰ ਚਲਿਆ ਗਿਆ ਸੀ। ਦੇਬੇ ਨੇ ਹੀ ਉਹਨੂੰ ਕਿਸੇ ਕੰਮ ਭੇਜਿਆ ਸੀ।

ਵਿਜੇ ਕੁਮਾਰ ਦੀ ਦੁਕਾਨ ਉੱਤੇ ਐਨੇ ਸਾਲ ਰਹਿਣ ਕਰਕੇ ਅਤੇ ਹੁਣ ਆਪਣੀ ਦੁਕਾਨ 'ਤੇ ਦੇਬਾ ਛੈਣੀ ਹਥੌੜੇ ਦੀ ਵਰਤੋਂ ਵੀ ਜਾਣਦਾ ਸੀ। ਉਹ ਸਰੀਰ ਦਾ ਨਰੋਆ ਸੀ। ਉਹਦੇ ਡੌਲਿਆਂ ਵਿਚ ਜੋਰ ਸੀ। ਹੱਥਾਂ ਦੀਆਂ ਉਂਗਲਾਂ ਦੀ ਬਣਤਰ ਦੇਖਣ ਵਿਚ ਸਖਤ ਮਰੂੜ੍ਹ ਜਿਹੀ ਲਗਦੀ ਜਿਵੇਂ ਪਹਿਲੇ ਦਿਨੋਂ ਲੋਹੇ ਦਾ ਕੰਮ ਕਰਦਾ ਰਿਹਾ ਹੋਵੇ। ਲੋਹੇ ਦੇ ਵੱਟਿਆਂ ਨੇ ਵੀ ਉਹਦੇ ਹੱਥ ਇਸ ਤਰ੍ਹਾਂ ਦੇ ਸਖਤ ਅਤੇ ਕੁੱਢਬੇ ਜਿਹੇ ਕਰ ਦਿੱਤੇ ਸਨ।

ਨੌਕਰਾਂ ਨੇ ਤਾਂ ਹਾਲੇ ਅੱਧੇ ਪੌਣੇ ਘੰਟੇ ਨੂੰ ਦੁਕਾਨ ਉੱਤੇ ਆਉਣਾ ਸੀ। ਉਹ ਬੇਚੈਨੀ ਜਿਹੀ ਮਹਿਸੂਸ ਕਰਦਾ ਸਗੋਂ ਅੱਚਵੀ ਦੇ ਪਲ ਲੰਘਾ ਰਿਹਾ ਬੋਰੀਆਂ ਦੇ ਪਹਾੜ ਨੂੰ ਪਾਰ ਕਰਦਾ ਵਿਹੜੇ ਵਿਚ ਆ ਗਿਆ। ਹਥੌੜਾ ਚੁੱਕਿਆ ਅਤੇ ਉਸ ਛੋਟੀ ਪੇਟੀ ਦੇ ਲੱਗੇ ਕੁੰਡੇ ਅੱਗੇ ਜ਼ੋਰ ਦੀ ਮਾਰਿਆ। ਕੁੰਡਾ ਖੁੱਲ੍ਹ ਗਿਆ। ਦੂਜਾ ਕੁੰਡਾ ਪਹਿਲਾਂ ਹੀ ਟੁੱਟਿਆ ਹੋਇਆ ਸੀ। ਪੇਟੀ ਖੋਲ੍ਹ ਕੇ ਦੇਖੀ, ਉਸ ਵਿਚ ਕੁਝ ਵੀ ਨਹੀਂ ਸੀ। ਖੱਟੇ ਰੰਗ ਦੀ ਘੱਗਰੀ ਦੇ ਕੁਝ ਟੋਟੇ ਸਨ। ਪੇਟੀ ਦੇ ਖੱਬੇ ਪਾਸੇ ਇਕ ਰੱਖਣਾ ਸੀ। ਰੱਖਣੇ ਦਾ ਢੱਕਣ ਉਹਨੇ ਖੋਲ੍ਹ ਲਿਆ। ਵਿਚ ਦੋ-ਤਿੰਨ ਮਸੂਰੀ ਪੈਸੇ ਸਨ ਅਤੇ ਨਾਲ ਕੱਚ ਦੀਆਂ ਚੂੜੀਆਂ ਦੇ ਟੋਟੇ। ਰਖਣੇ ਦੇ ਥੱਲੇ ਉਹਨੇ ਨਿਗਾਹ ਮਾਰੀ, ਇਕ ਡੱਬਾ ਜਿਹਾ ਬਣਿਆ ਹੋਇਆ ਸੀ। ਡੱਬਾ ਬੰਦ ਸੀ। ਉਹਨੇ ਰਖਣਾ ਦੇਖਿਆ, ਲੱਗਿਆ ਜਿਵੇਂ ਰਖਣੇ ਦੀ ਇਕ ਪੱਤੀ ਜਿਹੀ ਪਰ੍ਹਾਂ ਕਰਕੇ ਉਹ ਥੱਲੇ ਵਾਲਾ ਡੱਬਾ ਖੁਲ੍ਹਦਾ ਹੋਵੇ। ਉਹਨੇ ਹਥੌੜਾ ਜ਼ੋਰ ਨਾਲ ਲੰਮੀ ਪੱਤੀ ਉੱਤੇ ਮਾਰਿਆ। ਪਰ ਕੁਝ ਨਹੀਂ ਹੋਇਆ। ਪੱਤੀ ਜਿਵੇਂ ਹੋਰ ਮਜ਼ਬੂਤ ਹੋ ਗਈ ਹੋਵੇ। ਉਹਦੇ ਮਨ ਅੰਦਰ ਉਤਸੁਕਤਾ ਪ੍ਰਚੰਡ ਹੋ ਰਹੀ ਸੀ। ਉਹ ਅਹਿਰਨ ਕੋਲ ਪਈ ਇਕ ਤਿੱਖੀ ਛੈਣੀ ਚੁੱਕ ਲਿਆਇਆ। ਪੱਤੀ ਤੋੜ ਲਈ। ਪੱਤੀ ਬਾਹਰ ਨਿਕਲਦੇ ਹੀ ਥੱਲੇ ਵਾਲੇ ਡੱਬੇ ਦਾ ਢੱਕਣ ਖੁੱਲਿਆ ਤਾਂ ਉਹਨੇ ਦੇਖਿਆ ਥੱਲੇ ਵਾਲੇ ਡੱਬੇ ਵਿਚ ਕੋਈ ਡਲਾ ਜਿਹਾ ਪਿਆ ਹੈ। ਉਹਨੇ ਡੱਬੇ ਅੰਦਰ ਹੱਥ ਨਹੀਂ ਪਾਇਆ। ਡਰ ਗਿਆ। ਹੋਰ ਕੋਈ ਸੱਪ ਸਲੂਤੀ ਨਾ ਬੈਠੀ ਹੋਵੇ। ਵੱਡੀ ਸੰਨ੍ਹੀ ਲਿਆਂਦੀ ਅਤੇ ਡਲਾ ਬਾਹਰ ਕੱਢ ਲਿਆ। ਉਹਨੂੰ ਲੱਗਿਆ ਜਿਵੇਂ ਡਲਾ ਸੋਨੇ

Scanned by CamScanner

ਦਾ ਹੋਵੇ। ਅਧਮੈਲਾ ਜਿਹਾ ਹੋਇਆ। ਜਿਵੇਂ ਚਾਰ ਚੁਫੇਰੇ ਕਾਲਸ ਜੰਮੀ ਪਈ ਹੋਵੇ। ਉਹਨੂੰ ਪੱਕਾ ਭਰਮ ਹੋਇਆ ਕਿ ਇਹ ਸੋਨੇ ਦਾ ਡਲਾ ਹੈ। ਕਿਲੋ ਸਾਰਾ ਭਾਰ ਸੀ। ਪੈਂਟ ਦੀ ਜੇਬ ਵਿਚੋਂ ਨੱਕ ਪੂੰਝਣ ਵਾਲਾ ਉਹਨੇ ਵੱਡਾ ਰੁਮਾਲ ਕੱਢਿਆ ਅਤੇ ਉਸ ਡਲੇ ਨੂੰ ਛੇਤੀ ਛੇਤੀ ਰੁਮਾਲ ਵਿਚ ਬੰਨ੍ਹ ਲਿਆ। ਪੇਟੀ ਪਹਿਲਾਂ ਵਾਂਗ ਹੀ ਬੰਦ ਕਰ ਦਿੱਤੀ। ਉਹਦੀ ਸਕੂਟਰੀ ਕੰਡੇ ਕੋਲ ਖੜ੍ਹੀ ਸੀ। ਸਕੂਟਰੀ ਦੀ ਟੋਕਰੀ ਵਿਚ ਉਹਨੇ ਪੋਟਲੀ ਰੱਖੀ ਅਤੇ ਦੁਕਾਨ ਸੁੰਨੀ ਛੱਡ ਕੇ ਘਰ ਨੂੰ ਭੱਜ ਲਿਆ। ਉਹਦੇ ਚਿੱਤ ਵਿਚ ਇਕ ਤੂਫਾਨ ਸੀ। ਅੱਖਾਂ ਅੱਗੇ ਜਿਵੇਂ ਹਨੇਰਾ ਹੋਵੇ। ਉਹਨੂੰ ਸੇਵਾ ਸਿੰਘ ਕਾਲੋਨੀ ਵਿਚ ਆਪਣੇ ਘਰ ਦੀ ਬੈਠਕ ਦਿਸ ਰਹੀ ਸੀ ਅਤੇ ਬੈਠਕ ਦੀ ਕੰਧ ਵਿਚ ਲੱਗੀ ਅਲਮਾਰੀ।

ਅੱਗੇ ਰੇਲਵੇ ਫਾਟਕ ਬੰਦ ਸੀ। ਕਾਰਾਂ, ਟਰੱਕਾਂ, ਸਕੂਟਰਾਂ, ਰਿਕਸ਼ਿਆਂ ਅਤੇ ਰੇੜ੍ਹੀਆਂ ਦੀ ਇਕ ਲੰਮੀ ਕਤਾਰ। ਉਹਨੂੰ ਫਾਟਕ ਵਾਲੇ ਉੱਤੇ ਗੁੱਸਾ ਆਇਆ, ''ਗੱਡੀ ਕੋਈ ਪਤਾ ਨਹੀਂ ਕਦੋਂ ਆਉਣੀ ਐ, ਭੈਣਚੋਦ ਘੰਟਾ ਪਹਿਲਾਂ ਫਾਟਕ ਲਾ ਦਿੰਦੈ।''

ਉਹਦੀ ਨਜ਼ਰ ਵਾਰ ਵਾਰ ਟੋਕਰੀ ਵਿਚ ਪਈ ਪੋਟਲੀ ਉੱਤੇ ਜਾਂਦੀ। ਉਹ ਸਕੂਟਰੀ ਨੂੰ ਧੂੰਹਦਾ ਖਿੱਚਦਾ ਏਧਰ ਓਧਰ ਜਗ੍ਹਾ ਬਣਾਉਂਦਾ। ਫਾਟਕ ਦੇ ਨੇੜੇ ਜਾ ਵੜਿਆ। ਸਾਈਕਲਾਂ ਅਤੇ ਰਿਸ਼ਕਿਆਂ ਵਾਲੇ ਕਿਵੇਂ ਨਾ ਕਿਵੇਂ ਕਰਕੇ ਫਾਟਕ ਦੇ ਥੱਲੇ ਦੀ ਨਿਕਲਦੇ ਜਾ ਰਹੇ ਸਨ। ਕੋਈ ਕੋਈ ਸਕੂਟਰ-ਸਕੂਟਰੀ ਵੀ ਲੰਘ ਜਾਂਦਾ। ਉਹਨੇ ਪਹਿਲਾਂ ਕਦੇ ਵੀ ਆਪਣੀ ਸਕੂਟਰੀ ਇੰਜ ਫਾਟਕ ਥੱਲੇ ਦੀ ਨਹੀਂ ਲੰਘਾਈ ਸੀ। ਬੰਦੇ ਦਾ ਪੂਰਾ ਜ਼ੋਰ ਲੱਗ ਜਾਂਦਾ ਅਤੇ ਸਾਰੇ ਸਰੀਰ ਨੂੰ ਕਈ ਵਲ ਦੇਣੇ ਪੈਂਦੇ। ਸੋਚਦਾ, ਲੋਕਾਂ ਦੇ ਮਨ ਵਿਚ ਕਿੰਨੀ ਕਾਹਲ ਹੈ। ਗੱਡੀ ਵੱਧ ਤੋਂ ਵੱਧ ਪੰਜ ਮਿੰਟਾਂ ਨੂੰ ਲੰਘ ਜਾਵੇਗੀ। ਫੇਰ ਮੈਦਾਨ ਸਾਫ ਹੈ। ਐਡੀ ਕਿਹੜੀ ਗੱਲ ਹੈ। ਪਰ ਅੱਜ ਉਹ ਖੁਦ ਬੇਥਾਹ ਕਾਹਲ ਵਿਚ ਸੀ। ਇਥੇ ਹੀ ਰੁਕਿਆ ਰਿਹਾ ਤਾਂ ਪਤਾ ਨਹੀਂ ਅਗਲੇ ਪਲ ਕੀ ਦਾ ਕੀ ਹੋ ਜਾਵੇਗਾ। ਉਹ ਸਕੂਟਰੀ ਦਾ ਅਗਲਾ ਹਿੱਸਾ ਫਾਟਕ ਤੋਂ ਬਾਹਰ ਕਰਕੇ ਪੂਰਾ ਝੁਕ ਗਿਆ ਅਤੇ ਫੁਰਤੀ ਨਾਲ ਸਕੂਟਰੀ ਨੂੰ ਪਾਰ ਕੱਢ ਲਿਆ। ਸਕੂਟਰੀ ਉਹਨੂੰ ਭਾਰੀ ਬਿਲਕੁਲ ਨਹੀਂ ਲੱਗੀ। ਉਹਦੇ ਵਿਚ ਪਾਗਲਾਂ ਵਾਲੀ ਅੰਨ੍ਹੀ ਤਾਕਤ ਸੀ। ਅਗਲੇ ਪਾਸੇ ਤਾਂ ਸੁਖਾਲਾ ਹੀ ਸੀ। ਲੋਕ ਉਧਰਲੇ ਪਾਸੇ ਥੱਲੇ ਦੀ ਨਹੀਂ ਲੰਘਦੇ ਸਨ। ਲਾਈਨ ਦੇ ਨਾਲ ਨਾਲ ਕੁਝ ਕਦਮ ਜਾ ਕੇ ਉੱਤੋਂ ਦੀ ਰਾਹ ਸੀ। ਉਹ ਖੁੱਲ੍ਹੀ ਸੜਕ ਉੱਤੇ ਸਕੂਟਰੀ ਚਲਾਉਣ ਲੱਗਿਆ ਤਾਂ ਉਹਨੂੰ ਚੈਨ ਆਈ। ਸੇਵਾ ਸਿੰਘ ਕਾਲੋਨੀ ਨੇੜੇ ਹੀ ਸੀ।

ਘਰਵਾਲੀ ਉਹਨੂੰ ਦੇਖ ਕੇ ਹੈਰਾਨ ਹੋਈ। ਸਗੋਂ ਫਿਕਰ ਕਰਨ ਲੱਗੀ ਕਿ ਅੱਜ ਕੀ ਮਾੜਾ ਵਾਪਰ ਗਿਆ ਹੈ। ਉਹ ਦੁਕਾਨ ਉੱਤੇ ਜਾ ਕੇ ਵਾਪਸ ਕਿਉਂ ਮੁੜ ਆਇਆ। ਦੇਬੇ ਦਾ ਸਾਹ ਚੜ੍ਹਿਆ ਹੋਇਆ ਸੀ। ਸਿਆਲ ਸੀ, ਪਰ ਉਹਦੇ ਮੱਥੇ ਉੱਤੇ ਮੁੜ੍ਹਕਾ ਸੀ।

Scanned by CamScanner

ਪੁੱਛਿਆ, ''ਕੀ ਗੱਲ ਹੋ ਗੀ?''

''ਜੁਆਕ ਗਏ?'' ਉਹਨੇ ਹਫੜਾ ਦਫੜੀ ਜਿਹੀ ਵਿਚ ਸਵਾਲ ਕੀਤਾ।

''ਹਾਂ, ਉਹ ਤਾਂ ਕਦੋਂ ਦੇ ਨਿੱਕਲੇ ਨੇ।''

''ਅੰਦਰਲਾ ਕੁੰਡਾ ਲਾ ਦੇ ਬਾਰ ਦਾ।'' ਉਹ ਸਿੱਧਾ ਬੈਠਕ ਵਿਚ ਗਿਆ। ਪੋਟਲੀ ਅਲਮਾਰੀ ਵਿਚ ਰੱਖ ਦਿੱਤੀ। ਫੇਰ ਪਾਣੀ ਦਾ ਗਿਲਾਸ ਮੰਗਿਆ। ਉਹਦੀਆਂ ਅੱਖਾਂ ਵਿਚ ਭੈਅਦਾਰ ਚਮਕ ਸੀ।

ਲੋਹੇ ਦੇ ਸੰਦ ਘਰ ਵਿਚ ਵੀ ਏਧਰ-ਓਧਰ ਪਏ ਰਹਿੰਦੇ ਸਨ। ਉਹਨੇ ਕਿੱਧਰੋਂ ਰੇਤੀ ਲੱਭੀ। ਬੈਠਕ ਵਿਚ ਲੈ ਆਇਆ। ਘਰਵਾਲੀ ਉਹਨੂੰ ਚੁੱਪ-ਚਾਪ ਦੇਖੀ ਜਾ ਰਹੀ ਸੀ ਕਿ ਉਹ ਕੀ ਕਰਦਾ ਫਿਰਦਾ ਹੈ। ਉਹਦੀ ਸਮਝ ਵਿਚ ਕੁਝ ਵੀ ਨਹੀਂ ਆ ਰਿਹਾ ਸੀ। ਰੇਤੀ ਮਾਰ ਕੇ ਉਹਨੇ ਪੋਟਲੀ ਦਾ ਡਲਾ ਪਰਖਿਆ। ਕਿੰਨੇ ਸਾਰੇ ਸੁਨਹਿਰੀ ਕਿਣਕੇ ਫ਼ਰਸ਼ ਉੱਤੇ ਬਿਖ਼ਰ ਗਏ। ਕਿਣਕੇ ਉਹਨੇ ਚੁੱਕ ਕੇ ਦੇਖੇ। ਇਹ ਤਾਂ ਸੱਚਮੁੱਚ ਸੋਨਾ ਸੀ। ਕਿਣਕੇ ਸਾਰੇ ਉਹਨੇ ਇਕੱਠੇ ਕਰ ਲਏ। ਕਾਗਜ਼ ਦੀ ਪੁੜੀ ਬਣਾ ਕੇ ਆਪਣੀ ਪੈਂਟ ਦੇ ਪਰਸ ਵਿਚ ਰੱਖ ਲਈ।

ਫੇਰ ਉਹ ਕਾਹਲ ਨਾਲ ਬਾਹਰ ਨਿਕੱਲਿਆ। ਕਿਧਰੋਂ ਛੈਣੀ ਅਤੇ ਹਥੌੜੀ ਲੱਭ ਗਈ। ਬੈਠਕ ਦੀ ਮੇਜ਼ ਉੱਤੇ ਡਲਾ ਰੱਖ ਕੇ ਛੈਣੀ ਨਾਲ ਇਕ ਛੋਟਾ ਟੁਕੜਾ ਕੱਟ ਲਿਆ। ਕੱਟੇ ਟੁਕੜੇ ਦਾ ਇਕ ਪਾਸਾ ਅੰਗਿਆਰੀ ਵਾਂਗ ਦਗ ਰਿਹਾ ਸੀ। ਬਾਕੀ ਦਾ ਡਲਾ ਉਹਨੇ ਅਲਮਾਰੀ ਵਿਚ ਹੀ ਰੱਖ ਦਿੱਤਾ ਅਤੇ ਘਰਵਾਲੀ ਤੋਂ ਕੋਈ ਜਿੰਦਰਾ ਮੰਗਿਆ। ਅਲਮਾਰੀ ਨੂੰ ਜਿੰਦਰਾ ਲਾ ਕੇ ਚਾਬੀ ਆਪਣੀ ਜੇਬ ਵਿਚ ਪਾ ਲਈ।

''ਇਹ ਕੀ ਐ?'' ਘਰਵਾਲੀ ਦੀ ਹੈਰਾਨੀ ਕਾਇਮ ਸੀ।

''ਛੂਅ....'' ਉਹਨੇ ਮੂੰਹ ਦੀ ਆਵਾਜ਼ ਕੱਢੀ ਅਤੇ ਫੇਰ ਬਹੁਤ ਹੌਲੀ ਦੇ ਕੇ ਘਰਵਾਲੀ ਨੂੰ ਦੱਸਿਆ, ''ਸੋਨਾ....''

''ਕਿੱਥੋਂ ਮਿਲਿਆ?'' ਉਹ ਸਾਧਾਰਣ ਜਿਹਾ ਬੋਲੀ। ਦੇਬੇ ਨੂੰ ਲੱਗਿਆ ਕਿ ਉਹ ਬਹੁਤ ਉੱਚੀ ਬੋਲ ਗਈ ਹੈ। ਉਹਨੇ ਫੇਰ ਮੂੰਹ ਦੀ ਆਵਾਜ਼ ਕੱਢੀ, ''ਛੂਅ....'' ਗੱਲ ਨ੍ਹੀ ਕਰਨੀ ਕਿਸੇ ਕੋਲ। ਜੁਆਕਾਂ ਨੂੰ ਵੀ ਨਹੀਂ ਦੱਸਣਾ। ਆਂਢੀਆਂ-ਗੁਆਂਢੀਆਂ ਨੂੰ ਪਤਾ ਲੱਗ ਗਿਆ ਤਾਂ ਮਾਰੇ ਜਾਮਾਂਗੇ। ਅਲਮਾਰੀ ਦੀ ਨਿਗਾਹ ਰੱਖੀਂ।'' ਉਹ ਘਰੋਂ ਬਾਹਰ ਹੋ ਗਿਆ। ਸਕੂਟਰੀ ਦੀ ਰਫਤਾਰ ਫੇਰ ਤੇਜ਼ ਸੀ।

ਉਹ ਸਿੱਧਾ ਸਦਰ ਬਾਜ਼ਾਰ ਦੀ ਬੰਦ ਮੋਰਚਾ ਗਲੀ ਵਿਚ ਗਿਆ। ਇਥੇ ਪੰਜ

Scanned by CamScanner

ਦੁਕਾਨਾਂ ਸਰਾਫਾਂ ਦੀਆਂ ਸਨ। ਸ਼ਹਿਰ ਵਿਚ ਖਿੰਡਵੀਆਂ-ਖਿੰਡਵੀਆਂ ਜਿਹੀਆਂ ਛੇ-ਸੱਤ ਦੁਕਾਨਾਂ ਸਰਾਫਾਂ ਦੀਆਂ ਹੋਰ ਵੀ ਸਨ। ਪਰ ਉਹ ਬੰਦ ਮੋਰਚਾ ਵਾਲੀ ਮਦਨ ਮੋਹਨ ਸਰਾਫ ਦੀ ਦੁਕਾਨ ਤੇ ਹੀ ਹਮੇਸ਼ਾਂ ਜਾਂਦਾ ਆਉਂਦਾ ਸੀ। ਜਦੋਂ ਪਿੰਡ ਸੀ, ਓਦੋਂ ਵੀ ਇਹਨਾਂ ਦੇ ਹੀ ਆਉਂਦਾ। ਉਹਨੂੰ ਇਹਨਾਂ ਉੱਤੇ ਪੱਕਾ ਵਿਸ਼ਵਾਸ ਸੀ। ਇਹਨਾਂ ਤੋਂ ਉਹਨੇ ਕਈ ਜ਼ੇਵਰ ਬਣਵਾਏ ਸਨ, ਆਪਣੀ ਘਰਵਾਲੀ ਦੇ।

ਮਦਨ ਮੋਹਨ ਦੀ ਦੁਕਾਨ ਉੱਤੇ ਦੋ ਪੇਂਡੂ ਜਿਹੀਆਂ ਔਰਤਾਂ ਕਦੋਂ ਦੀਆਂ ਬੈਠੀਆਂ ਹੋਈਆਂ ਸਨ। ਉਹਨਾਂ ਨੇ ਪਤਾ ਨਹੀਂ ਕੀ ਵੇਚਿਆ, ਪਤਾ ਨਹੀਂ ਕੀ ਲਿਆ ਸੀ। ਹੁਣ ਉਹ ਕਾਂਟਿਆਂ ਦੇ ਨਮੂਨੇ ਦੇਖ ਰਹੀਆਂ ਸਨ। ਉੱਠਣ ਵਿਚ ਹੀ ਨਹੀਂ ਆ ਰਹੀਆਂ ਸਨ। ਦੇਬਾ ਪਿਛਲੇ ਬੈਂਚ ਉੱਤੇ ਬੈਠਾ ਉਹਨਾਂ ਔਰਤਾਂ ਦੇ ਉੱਠਣ ਦੀ ਉਡੀਕ ਬੜੀ ਬੇਚੈਨੀ ਨਾਲ ਕਰ ਰਿਹਾ ਸੀ। ਮਦਨ ਮੋਹਨ ਦੋ ਵਾਰ ਉਹਦੇ ਵਲ ਝਾਕਿਆ ਸੀ। ਸਾਹਿਬ-ਸਲਾਮ ਤਾਂ ਹੋ ਗਈ ਸੀ। ਪਰ ਔਰਤਾਂ ਦੇ ਗਏ ਬਗੈਰ ਕਿਵੇਂ ਕਰਦਾ ਗੱਲ ਉਹ ਦੇਬੇ ਨਾਲ। ਉਹਨਾਂ ਨੂੰ ਕੋਈ ਕਾਂਟਾ ਪਸੰਦ ਨਹੀਂ ਆਇਆ ਸੀ। ਖੜ੍ਹੀਆਂ ਹੋਈਆਂ ਤਾਂ ਨਾਲ ਦੀ ਨਾਲ ਦੇਬਾ ਅਗਲੇ ਬੈਂਚ ਉੱਤੇ ਆ ਬੈਠਾ। ਔਰਤਾਂ ਕਾਊਂਟਰ ਦੇ ਸ਼ੀਸ਼ਿਆਂ ਅੰਦਰ ਪਏ ਜੇਵਰਾਂ ਦੇ ਖੁੱਲ੍ਹੇ ਡੱਬਿਆਂ ਵਲ ਟੇਢਾ-ਟੇਢਾ ਝਾਕਦੀਆਂ ਦੁਕਾਨ ਤੋਂ ਬਾਹਰ ਜਾਣ ਲੱਗੀਆਂ ਤਾਂ ਮਦਨ ਮੋਹਨ ਨੇ ਚਿਹਰੇ ਉੱਤੇ ਮੁਸਕਰਾਹਟ ਲਿਆਂਦੀ, ''ਆਓ ਜੀ, ਬਲਦੇਵ ਰਾਜ ਜੀ।''

ਉਹ ਬੋਲਿਆ ਨਹੀਂ, ਪੈਂਟ ਦੀ ਜੇਬ ਵਿਚੋਂ ਪਰਸ ਕੱਢਿਆ। ਟੁਕੜਾ ਮਦਨ ਮੋਹਨ ਦੇ ਹੱਥ ਦਿੱਤਾ। ਉਹਦੇ ਦਿਲ ਵਿਚ ਧੁੜਕੂ ਸੀ, ''ਸਾਲਾ ਕਿਤੇ ਤਾਂਬਾ ਪਿੱਤਲ ਈ ਨਾ ਹੋਵੇ।''

ਮਦਨ ਮੋਹਨ ਨੇ ਕਸਵੱਟੀ ਕੱਢੀ। ਅੱਖਾਂ ਵਿਚ ਚਮਕ ਆ ਗਈ। ਸੋਨਾ ਖਰਾ ਸੀ। ਫੇਰ ਵੀ ਸੁਨਿਆਰ ਦਾ ਪੁੱਤ ਸੀ। ਸਮਝ ਗਿਆ ਕਿ ਇਹ ਕਾਤਰ ਜਿਹੀ ਕਿਸੇ ਵੱਡੀ ਡਲੀ ਨਾਲੋਂ ਕੱਟ ਕੇ ਲਿਆਂਦੀ ਗਈ ਹੈ। ਹੋਰ ਕਿੰਨਾ ਐ? ਉਹਨੇ ਪੁੱਛਿਆ ਨਹੀਂ। ਕੰਡੇ ਉੱਤੇ ਉਸ ਕਾਤਰ ਜਿਹੀ ਨੂੰ ਤੋਲਿਆ, ਵੀਹ ਗਰਾਮ ਤੋਂ ਉੱਤੇ ਸੀ। ਪੁੱਛਿਆ, ''ਪੈਸੇ ਲੈਣੇ ਨੇ, ਜਾਂ ਕੋਈ ਚੀਜ਼ ਤਿਆਰ ਕਰਨੀ ਐ?''

ਜਵਾਬ ਦੇਣ ਦੀ ਥਾਂ ਉਹਨੇ ਪਰਸ ਵਿਚੋਂ ਉਹ ਪੁੜੀ ਵੀ ਕੱਢ ਲਈ, ਜਿਸ ਵਿਚ ਸੋਨੇ ਦੇ ਨਿੱਕੇ ਨਿੱਕੇ ਕਿਣਕੇ ਸਨ। ਕਹਿੰਦਾ, ''ਆਹ ਵੀ ਵਿੱਚੇ ਪਾਲੋ।''

ਮਦਨ ਮੋਹਨ ਜਿਵੇਂ ਸਭ ਸਮਝੀ ਜਾ ਰਿਹਾ ਸੀ, ਪਰ ਬੋਲਦਾ ਨਹੀਂ ਸੀ। ਉਹਦੀ ਦੁਕਾਨ ਉੱਤੇ ਲੋਕ ਚੋਰੀ ਦੇ ਗਹਿਣੇ ਵੀ ਵੇਚ ਜਾਂਦੇ ਸਨ। ਉਹ ਫੇਰ ਵੀ ਨਹੀਂ ਬੋਲਦਾ

Scanned by CamScanner

ਸੀ। ਪੈਸੇ ਦਿੰਦਾ ਸੀ ਅਤੇ ਨਾਲ ਦੀ ਨਾਲ ਕੁੱਟ ਚਿੱਪ ਕੇ ਉਹਨਾਂ ਦਾ ਵਜੂਦ ਖਤਮ ਕਰ ਦਿੰਦਾ। ਕਾਤਰ ਵਾਲੇ ਪੱਲੜੇ ਵਿਚ ਪੁੜੀ ਖੋਲ੍ਹਕੇ ਉਹਨੇ ਦੁਬਾਰਾ ਵਜ਼ੋਨ ਕੀਤਾ। ਬੋਲਿਆ, ''ਸਾਢੇ ਵੀਹ ਗਰਾਮ।'' ਦੇਬਾ ਕਹਿੰਦਾ, ''ਪੈਸੇ ਦੇ ਦਿਓ।''

ਕਾਪੀ ਉੱਤੇ ਮਦਨ ਮੋਹਨ ਨੇ ਹਿਸਾਬ ਕੀਤਾ ਅਤੇ ਦਸ ਹਜ਼ਾਰ ਰੁਪਏ ਦੀ ਗੁੱਟੀ ਹਰੇ ਕੱਪੜੇ ਦੇ ਉਹਲੇ ਵਿਚੋਂ ਚੁੱਕ ਕੇ ਉਹਨੂੰ ਫੜਾਈ। ਉੱਤੇ ਕੁਝ ਟੁੱਟੇ ਰੁਪਏ ਵੀ। ਦੇਬਾ ਉਹਦੇ ਵਲ ਝਾਕਿਆ ਨਹੀਂ। ਸਹਿਮ ਜਿਹਾ ਸੀ, ਅੱਖ ਮਿਲਾਈ ਤਾਂ ਕਿਤੇ ਭੇਤ ਨਾ ਖੁੱਲ੍ਹ ਜਾਵੇ। ਨੋਟਾਂ ਦੀ ਗੁੱਟੀ ਪੈਂਟ ਦੀ ਜੇਬ ਵਿਚ ਤੁੰਨੀ ਅਤੇ ਦੁਕਾਨ ਤੋਂ ਬਾਹਰ ਹੋ ਗਿਆ।

ਹੁਣ ਉਹਦੀ ਸਕੂਟਰੀ ਬਹੁਤ ਹੌਲੀ ਹੌਲੀ ਮੰਦਰ ਰੋਡ ਵਲ ਜਾ ਰਹੀ ਸੀ। ਦੁਕਾਨ ਉੱਤੇ ਨੌਕਰ ਮੁੰਡੇ ਕਦੋਂ ਦੇ ਆਏ ਬੈਠੇ ਸਨ ਅਤੇ ਉਹਨੂੰ ਉਡੀਕ ਰਹੇ ਸਨ। ਕਾਊਂਟਰ ਸਾਹਮਣੇ ਕੁਰਸੀ ਉੱਤੇ ਬੈਠਾ ਉਹ ਓਪਰਾ-ਓਪਰਾ ਝਾਕ ਰਿਹਾ ਸੀ। ਕਮਰੇ ਦੀਆਂ ਬੋਰੀਆਂ ਉਹਨੂੰ ਪਤਾ ਨਹੀਂ ਕੀ ਲੱਗ ਰਹੀਆਂ ਸਨ। ਪਹਿਲਾਂ ਆਉਣ ਸਾਰ ਉਹ ਨੌਕਰਾਂ ਨੂੰ ਕੰਮ ਗਿਣਾਉਣ ਲੱਗ ਪੈਂਦਾ ਹੁੰਦਾ। ਅੱਜ ਗੁੰਮ-ਸੁੰਮ ਕਿਉਂ ਸੀ। ਨੌਕਰ ਲਗਾਤਾਰ ਉਹਦੇ ਚਿਹਰੇ ਵਲ ਝਾਕ ਰਹੇ ਸਨ।

24

ਰਾਮਦਾਸੀਆ ਵਿਹੜਾ ਦੁੱਲੇ ਕੀ ਪੱਤੀ ਵਾਲੇ ਪਾਸੇ ਹੀ ਸੀ। ਦੁੱਲੇ ਕੀ ਪੱਤੀ ਪਿੰਡ ਦੇ ਛਿਪਦੇ ਪਾਸੇ ਸੀ। ਕਦੇ ਇਹ ਵਿਹੜਾ ਦੁੱਲੇ ਕੀ ਪੱਤੀ ਤੋਂ ਖਾਸੀ ਦੂਰ ਸੀ। ਵਿਚਕਾਰ ਦੋ-ਤਿੰਨ ਖੇਤ ਪੈਂਦੇ ਸਨ। ਜਦੋਂ ਮੁਰੱਬੇ ਬੰਦੀ ਹੋਈ ਤਾਂ ਇਹ ਖੇਤ ਫਿਰਨੀ ਵਿਚ ਆ ਗਏ। ਫਿਰਨੀ ਤੋਂ ਬਾਹਰ ਆਬਾਦੀਆਂ ਕੱਟੀਆਂ ਗਈਆਂ। ਹੌਲੀ ਹੌਲੀ ਆਬਾਦੀਆਂ ਵਿਚ ਜੱਟਾਂ ਨੇ ਆਪਣੇ ਬਾਹਰਲੇ ਮਕਾਨ ਬਣਾ ਲਏ। ਅਤੇ ਫੇਰ ਲੱਗਦਾ ਜਿਵੇਂ ਰਾਮਦਾਸੀਆ ਵਿਹੜਾ ਪਿੰਡ ਦਾ ਹੀ ਇਕ ਹਿੱਸਾ ਹੋਵੇ। ਇਕ ਗੱਲੋਂ ਪਿੰਡ ਦੇ ਵਿਚ ਹੀ ਰਲ ਗਿਆ ਸੀ ਇਹ ਵਿਹੜਾ।

ਵਿਹੜੇ ਵਿਚਕਾਰ ਇਕ ਪਾਸੇ ਤੋਂ ਧੁਰ ਤੱਕ ਭੀੜੀ ਜਿਹੀ ਗਲੀ ਛੱਡੀ ਹੋਈ ਸੀ। ਗਲੀ ਦੇ ਦੋਵੇਂ ਪਾਸੇ ਨਿੱਕੇ ਨਿੱਕੇ ਕੱਚੀਆਂ ਇੱਟਾਂ ਦੇ ਮਕਾਨ ਸਨ। ਇਹ ਕੋਈ ਵੀਹ-ਬਾਈ ਘਰ ਹੋਣਗੇ ਰਾਮਦਾਸੀਆਂ ਦੇ। ਅੱਧੇ ਘਰ ਜੁੱਤੀਆਂ ਸਿਉਣ ਦਾ ਕੰਮ ਕਰਦੇ। ਕੁਝ ਘਰ ਦਿਹਾੜੀ ਉੱਤੇ ਜਾਂਦੇ ਸਨ। ਕੁਝ ਘਰ ਸੀਰੀਆਂ-ਪਾਲੀਆਂ ਦਾ ਕੰਮ ਸਾਂਭੀ ਬੈਠੇ ਸਨ। ਦੋ ਘਰਾਂ ਕੋਲ ਥੋੜੀ ਥੋੜੀ ਆਪਣੀ ਜ਼ਮੀਨ ਸੀ। ਉਹ ਆਪ ਖੇਤੀ ਦਾ ਕੰਮ ਕਰਦੇ। ਬਲਦ ਅਤੇ ਊਂਠ ਰਖਦੇ। ਗੱਡਾ ਸੀ। ਖੇਤੀ ਦਾ ਸਾਰਾ ਸਾਮਾਨ। ਕੁਝ ਜ਼ਮੀਨ ਉਹ ਹਿੱਸੇ ਉੱਤੇ

Scanned by CamScanner

ਜਾਂ ਠੇਕੇ ਉੱਤੇ ਲੈ ਲੈਂਦੇ। ਇਕ ਤਰ੍ਹਾਂ ਨਾਲ ਉਹ ਕਿਸਾਨ ਹੀ ਸਨ, ਬੱਸ ਜਾਤ ਜੱਟਾਂ ਦੀ ਹੀ ਨਹੀਂ ਸੀ।

ਜਦੋਂ ਪੰਪ ਲਾਉਣ ਦਾ ਰਿਵਾਜ ਨਹੀਂ ਸੀ, ਵਿਹੜੇ ਦੇ ਚੜ੍ਹਦੇ ਪਾਸੇ ਉਹਨਾਂ ਦਾ ਆਪਣਾ ਖੂਹ ਸੀ। ਲੋਹੇ ਦੀ ਭੌਣੀ ਲੱਗੀ ਹੁੰਦੀ। ਲੱਜ ਆਪਣੀ ਆਪਣੀ, ਬਾਲਟੀ ਬੰਨ੍ਹ ਕੇ ਜਨਾਨੀਆਂ ਇਸ ਖੂਹ ਤੋਂ ਪਾਣੀ ਭਰਦੀਆਂ। ਆਜ਼ਾਦੀ ਤੋਂ ਬਾਅਦ ਕਾਂਗਰਸ ਦੇ ਰਾਜ ਵੇਲੇ ਇਸ ਖੂਹ ਉੱਤੇ ਟੀਨ ਦੀ ਛੱਤ ਪਾ ਦਿੱਤੀ ਗਈ ਸੀ। ਖੂਹ ਤੋਂ ਥੋੜਾ ਪਰ੍ਹਾਂ ਹਟ ਕੇ ਚਮੜਾ ਰੰਗਣ ਦਾ ਚੁਬੱਚਾ ਸੀ। ਕਿੱਕਰ ਦੇ ਸੱਕ ਦਾ ਰੰਗ ਚੜ੍ਹਦਾ ਸੀ ਚੰਮ ਉੱਤੇ। ਪਸ਼ੂਆਂ ਦੀ ਪੁੱਠੀ ਖੱਲ ਕਈ ਕਈ ਦਿਨ ਲੱਕੜਾਂ ਉੱਤੇ ਲਟਕਦੀ ਰਹਿੰਦੀ। ਵਿਚ ਉਹਦੇ ਰੰਗਦਾਰ ਪਾਣੀ ਭਰਿਆ ਰਹਿੰਦਾ।

ਪਿੰਡਾਂ ਵਿਚ ਨਵੀਂ ਜਾਗ੍ਰਿਤ ਆਉਣ ਲੱਗੀ ਅਤੇ ਆਰਥਿਕ ਪੱਖੋਂ ਲੋਕ ਕੁਝ ਸੁਖਾਲੇ ਹੋਏ ਤਾਂ ਰਾਮਦਾਸੀਆਂ ਦੇ ਕੱਚੇ ਘਰ ਪੱਕੇ ਬਣਦੇ ਗਏ। ਰਾਮਦਾਸੀਆਂ ਨੇ ਖੂਹ ਕੋਲ ਪਈ ਖਾਲੀ ਥਾਂ ਉੱਤੇ ਆਪਣੀ ਹਥਾਈ ਬਣਾ ਲਈ। ਹਥਾਈ ਦੇ ਵਿਹੜੇ ਵਿਚ ਬਰੋਟਾ, ਪਿੱਪਲ ਅਤੇ ਨਿੰਮ ਲਾ ਲਿਆ। ਏਥੇ ਹੀ ਫੇਰ ਉਹਨਾਂ ਦੇ ਬੁੜ੍ਹੇ, ਵਿਹਲੇ ਬੰਦੇ ਬਹਿੰਦੇ-ਉੱਠਦੇ। ਤਾਸ਼ ਖੇਡਦੇ ਰਹਿੰਦੇ ਜਾਂ ਗੱਲਾਂ ਮਾਰਦੇ। ਅਸਲ ਵਿਚ ਇਹ ਹਥਾਈ ਬਾਰਾਤ ਦੇ ਉਤਾਰੇ ਲਈ ਸੀ। ਨਹੀਂ ਤਾਂ ਪਹਿਲਾਂ ਬੜਾ ਔਖਾ ਸੀ। ਦੁੱਲੇ ਕੀ ਪੱਤੀ ਦੇ ਜੱਟ ਆਪਣੀ ਹਥਾਈ ਵਿਚ ਰਾਮਦਾਸੀਆਂ ਦੀ ਬਾਰਾਤ ਵੜਨ ਨਹੀਂ ਦਿੰਦੇ ਸਨ। ਪੁਰਾਣੇ ਸਮਿਆਂ ਵਿਚ ਰਾਮਦਾਸੀਏ ਪਤਾ ਨਹੀਂ ਕਿਵੇਂ ਕਰਦੇ ਹੋਣਗੇ, ਕਿੱਥੇ ਠਹਿਰਾਉਂਦੇ ਹੋਣਗੇ ਬਾਰਾਤ। ਹੁਣ ਇਹ ਉਹਨਾਂ ਦੀ ਆਪਣੀ ਹਥਾਈ ਸੀ। ਪਿੱਛੇ ਦੋ ਛੋਟੇ ਕਮਰੇ ਸਨ। ਕਮਰਿਆਂ ਅੱਗੇ ਵਰਾਂਢਾ। ਕਮਰਿਆਂ ਤੇ ਵਰਾਂਢੇ ਦਾ ਪੱਕਾ ਫਰਸ਼। ਸਮੇਂ ਬਦਲਣ ਲੱਗੇ ਤਾਂ ਜੁੱਤੀਆਂ ਸਿਉਣ ਦਾ ਕੰਮ ਘਟ ਗਿਆ। ਸੜਕਾਂ ਬਣਨ ਕਰਕੇ ਸ਼ਹਿਰ ਨੇੜੇ ਹੋ ਗਏ ਸਨ। ਦੇਸੀ ਜੁੱਤੀਆਂ ਦੀ ਥਾਂ ਬੂਟ ਆ ਗਏ, ਰਕਾਬੀਆਂ ਆ ਗਈਆਂ, ਚੱਪਲਾਂ ਦਾ ਰਿਵਾਜ ਪੈ ਗਿਆ। ਸ਼ਹਿਰ ਵਿਚ ਬੂਟਾਂ ਦੀਆਂ ਦੁਕਾਨਾਂ ਆਮ ਸਨ। ਨਵੇਂ ਮੁੰਡੇ ਨਵੇਂ ਫੈਸ਼ਨ ਦੇ ਬੂਟ ਪਹਿਨਣ ਲੱਗੇ। ਬੱਸ ਚੜ੍ਹ ਕੇ ਆਲਾ ਸਿੰਘ ਵਾਲੇ ਜਾਂਦੇ ਅਤੇ ਖਰੀਦਦਾਰੀ ਕਰਕੇ ਆਥਣ ਨੂੰ ਘਰ ਆ ਜਾਂਦੇ। ਜੁੱਤੀਆਂ ਸਿਉਣ ਵਾਲੇ ਨੌਜਵਾਨ ਮੁੰਡਿਆਂ ਨੇ ਸ਼ਹਿਰ ਜਾ ਕੇ ਦੁਕਾਨਾਂ ਖੋਲ੍ਹ ਲਈਆਂ। ਓਥੇ ਨਕਦ ਪੈਸੇ ਮਿਲਦੇ ਸਨ, ਜਦੋਂ ਕਿ ਪਿੰਡ ਵਿਚ ਤਾਂ ਉਧਾਰ ਹੀ ਪਿਆ ਰਹਿੰਦਾ, ਜੋ ਮਸਾਂ ਕਿਤੇ ਜਾ ਕੇ ਉੱਘਰਦਾ ਸੀ।

ਦਿਹਾੜੀਆਂ ਕਰਨ ਵਾਲੇ ਮੁੰਡੇ ਸ਼ਹਿਰ ਜਾਣ ਲੱਗੇ। ਸਾਈਕਲ ਸਿੱਖ ਲਿਆ। ਫੇਰ ਆਪਣਾ ਸਾਈਕਲ ਲੈ ਲਿਆ, ਨਵਾਂ ਜਾਂ ਪੁਰਾਣਾ ਕੋਈ। ਸ਼ਹਿਰ ਵਿਚ ਦਿਹਾੜੀ ਬਹੁਤ ਸੀ। ਨਾਲੇ ਆਥਣ ਨੂੰ ਨਕਦ ਪੈਸੇ ਮਿਲ ਜਾਂਦੇ। ਪਿੰਡ ਵਿਚ ਜੱਟ ਬਾਬਿਆਂ ਦਾ ਕੋਈ

Scanned by CamScanner

ਇਤਬਾਰ ਨਹੀਂ ਸੀ। ਨਕਦ ਨਹੀਂ ਦਿੰਦੇ ਸਨ। ਦਿਹਾੜੀਆਂ ਪਿੱਛੇ ਰੌਲਾ ਪਾ ਕੇ ਬੈਠ ਜਾਂਦੇ। ਨਕਦ ਦੀ ਥਾਂ ਦਾਣੇ ਚੁਕਾ ਦਿੰਦੇ। ਸ਼ਹਿਰ ਦੀ ਮੌਜ ਸੀ। ਉਹ ਤੜਕੇ ਹੀ ਘਰੋਂ ਚਾਹ ਪੀ ਕੇ ਰੋਟੀ ਦਾ ਡੱਬਾ ਸਾਈਕਲ ਦੇ ਕੈਰੀਅਰ ਉੱਤੇ ਟੰਗਦੇ ਅਤੇ ਸ਼ਹਿਰ ਆ ਵੜਦੇ। ਆਲਾ ਸਿੰਘ ਵਾਲੇ ਵਿਚ ਤਿੰਨ ਲੇਬਰ-ਚੌਕ ਸਨ, ਜਿੱਥੇ ਤੜਕੇ ਤੜਕੇ ਮਜ਼ਦੂਰ ਮੰਡੀ ਲੱਗਦੀ। ਮਿਸਤਰੀ ਲੋਕ ਜਾਂ ਮਾਲਕ ਆਪਣੀ ਜ਼ਰੂਰਤ ਅਨੁਸਾਰ ਉਥੋਂ ਮਜ਼ਦੂਰ ਲੈ ਆਉਂਦੇ ਸਨ। ਕਈ ਵੱਡੇ ਮਿਸਤਰੀਆਂ ਨਾਲ ਤਾਂ ਮਜ਼ਦੂਰ ਪਹਿਲਾਂ ਹੀ ਬੱਝੇ ਹੁੰਦੇ। ਮਹੀਨਾ-ਮਹੀਨਾ, ਦੋ-ਦੋ ਮਹੀਨੇ ਇੱਕੋ ਮਿਸਤਰੀ ਨਾਲ ਉਹ ਕੰਮ ਕਰੀਂ ਜਾਂਦੇ। ਕੁਝ ਮਜ਼ਦੂਰ ਤਾਂ ਮਿਸਤਰੀ ਦੇ ਜਮ੍ਹਾਂ ਹੀ ਖਾਸ ਬੰਦੇ ਹੁੰਦੇ ਜਿਹਨਾਂ ਤੋਂ ਉਹ ਆਪਣੇ ਘਰ ਦੇ ਨਿੱਕੇ ਮੋਟੇ ਕੰਮ ਵੀ ਮੁਫਤ ਵਿਚ ਹੀ ਕਰਵਾ ਲੈਂਦਾ ਸੀ। ਕਈ ਕਈ ਦਿਹਾੜੀਆਂ ਲਾਉਣ ਵਾਲੇ ਮਜ਼ਦੂਰ ਹਫਤਾ ਹਫਤਾ ਜਾਂ ਦਸ ਦਿਨਾਂ ਦੇ ਇਕੱਠੇ ਪੈਸੇ ਲੈਂਦੇ। ਸ਼ਹਿਰ ਵਿਚ ਕੰਮ ਕਰਨ ਵਾਲਾ ਮਜ਼ਦੂਰ ਆਪਣੇ ਪਿੰਡ ਦੀ ਦਿਹਾੜੀ ਨੂੰ ਨੱਕ ਮਾਰਦਾ। ਸ਼ਹਿਰ ਵਿਚ ਤਾਂ ਸ਼ਾਹੀ ਕੰਮ ਸੀ। ਸਵੇਰੇ ਅੱਠ ਵਜੇ ਤੋਂ ਬਾਰਾਂ ਵਜੇ ਤੱਕ ਕੰਮ ਚਲਦਾ। ਦੋ ਘੰਟਿਆਂ ਦੀ ਛੁੱਟੀ ਹੁੰਦੀ ਸੀ ਜਿਸ ਵਿਚ ਉਹ ਆਪਣਾ ਰੋਟੀ ਪਾਣੀ ਖਾਂਦੇ ਪੀਂਦੇ ਅਤੇ ਕੁਝ ਚਿਰ ਲਈ ਕਿਧਰੇ ਆਪਣੀ ਢੂਹੀ ਵੀ ਸਿੱਧੀ ਕਰ ਲੈਂਦੇ। ਮਾਲਕ ਦੇ ਮਕਾਨ ਦੀ ਛਾਂ ਵਿਚ ਹੀ ਕਪੱੜਾ ਵਿਛਾ ਕੇ ਪੈ ਲੈਂਦੇ। ਫੇਰ ਦੋ ਵਜੇ ਕੰਮ ਸ਼ੁਰੂ ਹੁੰਦਾ ਅਤੇ ਛੇ ਵਜੇ ਆਥਣੇ ਛੁੱਟੀ ਹੋ ਜਾਂਦੀ। ਘਰਦਿਆਂ ਲਈ ਕੁਝ ਨਿੱਕ-ਸੁੱਕ ਖਰੀਦ ਦੇ ਉਹ ਪਿੰਡਾਂ ਨੂੰ ਤੁਰ ਪੈਂਦੇ। ਕਦੇ ਕਦੇ ਦੋ ਚਾਰ ਮਜ਼ਦੂਰ ਮਨ ਦੀ ਮੌਜ ਵਿਚ ਹੁੰਦੇ ਤਾਂ ਪਊਆ ਪਊਆ ਲਾ ਕੇ ਸ਼ਹਿਰੋਂ ਤੁਰਦੇ। ਰਾਹ ਵਿਚ ਉੱਚਾ ਉੱਚਾ ਬੋਲ ਕੇ ਗੱਲਾਂ ਕਰਦੇ ਅਤੇ ਚਾਂਭੜਾਂ ਪਾਉਂਦੇ ਪਿੰਡ ਪਹੁੰਚ ਜਾਂਦੇ।

''ਓਏ ਨਿੱਕਾ ਸੂੰ ਮਿਸਤਰੀ ਆਥਣੇ ਛੁੱਟੀ ਕਰਨ ਵੇਲੇ ਘੜੀ ਨ੍ਹੀ ਦੇਖਦਾ, ਰੇੜੀਏ 'ਤੇ ਜਲੰਧਰ ਦਾ ਗੁਰਬਾਣੀ ਵਿਚਾਰ ਲਾ ਲੈਂਦੈ। ਜਦੋਂ ਰੇੜੀਆ ਪ੍ਰੋਗਰਾਮ ਮੁਕਾ ਕੇ ਬੋਲਦੈ-'ਸੁਣ ਵਡ ਭਾਗੀਆ', ਨਿੱਕਾ ਸੂੰ ਓਥੇ ਈ ਤੇਸੀ-ਕਰੰਡੀ ਰੱਖ ਦਿੰਦੈ। ਫੇਰ ਨ੍ਹੀ ਇੱਟ ਚਕਦਾ ਓਹੋ।''

ਹਥਾਈ ਵਿਚ ਬੈਠ ਕੇ ਰਾਮਦਾਸੀਆਂ ਦੇ ਬੁੜ੍ਹੇ ਗੱਲਾਂ ਕਰਦੇ, ''ਓਏ ਇਹ ਜਿਹੜੇ ਸ਼ਹਿਰ ਜਾਂਦੇ ਨੇ ਭਾਈ, ਦਿਹਾੜੀ 'ਤੇ, ਉਹ ਆਪਣੇ ਸੀਰੀਆਂ-ਪਾਲੀਆਂ ਨਾਲੋਂ ਮੈਂ ਕਹਿਨਾਂ ਵਾਧੂ ਨੇ।''

''ਹੋਰ ਕੀ, ਵਾਧੂ ਈ ਨੇ। ਕੱਠੇ ਨੋਟ ਫੜ ਲਿਆਉਂਦੇ ਨੇ, ਨਗਦ। ਮੌਜਾਂ ਕਰਦੇ ਨੇ। ਸੀਰੀ-ਪਾਲੀ ਤਾਂ ਇਕ ਵਾਰੀਂ ਪੈਸੇ ਲੈ ਲੈਂਦੈ, ਫੇਰ ਸਾਰਾ ਸਾਲ ਚੱਕ ਮੇਰੇ ਭਾਈ, ਨੰਗ-ਭੁੱਖ ਨਾਲ ਘੁਲੀ ਜਾਂਦੈ। ਜੱਟ ਜਿਹੜਾ ਚੌਮ ਲਾਉਂਦੇ ਨੇ, ਉਹ ਥੋਡੇ ਸਾਮ੍ਹਣੇ ਈ ਐ।''

Scanned by CamScanner

''ਇਕ ਹੋਰ ਨ੍ਹੀ ਦੇਖੀ ਗੱਲ ਤੂੰ, ਜਿੰਨੇ ਬੰਦੇ ਸ਼ਹਿਰ ਜਾਂਦੇ ਨੇ, ਕੁੱਲ ਦੇ ਘਰੀਂ ਮ੍ਹੈਸਾਂ-ਗਾਈਆਂ ਨੇ ਦੁੱਧ ਪੀਣ ਨੂੰ। ਜਾਂ ਫੇਰ ਉਹਨਾਂ ਦੇ ਘਰਾਂ 'ਚ ਲਵੇਰੇ ਨੇ, ਜਿਹੜੇ ਵਾਹੀ ਕਰਦੇ ਨੇ, ਦੇਖ ਲੈ।''

''ਮੱਝਾਂ-ਗਾਈਆਂ ਤਾਂ ਖੈਰ ਹੁਣ ਹੋਰ ਘਰੀਂ ਵੀ ਖੜ੍ਹੀਆਂ ਨੇ।''

'ਓਏ ਇਹ ਭਾਈ ਤੀਮੀਆਂ ਦਾ 'ਪਰਾਲਾ ਐ। ਖੇਤਾਂ ਚੋਂ ਉਹ ਕੱਖ ਖੋਤ ਕੇ ਲਿਆਉਂਦੀਆਂ ਨੇ। ਤੂੜੀ 'ਚ ਰਲਾ ਕੇ ਪਾ ਦਿੰਦੀਆਂ ਨੇ ਖੁਰਲੀ 'ਚ। ਸਾਰਾ ਦਿਨ ਓਹੀ ਸਾਂਭਦੀਆਂ ਨੇ ਪਸ਼ੂਆਂ ਨੂੰ। ਬੰਦੇ ਤਾਂ ਤੜਕੇ ਜਾ ਕੇ ਰਾਤ ਨੂੰ ਘਰ ਵੜਦੇ ਨੇ।''

25

ਘੁੱਕਰ ਮਰ ਚੁੱਕਿਆ ਸੀ। ਉਹਦੇ ਵੱਡੇ ਦੋਵੇਂ ਮੁੰਡੇ ਗੇਬੂ ਅਤੇ ਧੰਨਾ ਸੀਰੀ ਦਾ ਕੰਮ ਕਰਦੇ ਸਨ। ਛੋਟਾ ਕਿਰਪਾਲ ਪੜ੍ਹਦਾ ਸੀ, ਹਾਲੇ ਸਕੂਲ ਵਿਚ ਹੀ ਸੀ। ਓਥੋਂ ਦੇ ਹੀ ਹਾਈ ਸਕੂਲ ਦਾ ਨੌਵੀਂ ਦਾ ਵਿਦਿਆਰਥੀ ਸੀ। ਉਹ ਪੜ੍ਹਨ ਵਿਚ ਤਿੱਖਾ ਸੀ। ਹਰੇਕ ਜਮਾਤ ਵਿਚ ਚੰਗੇ ਨਬੰਰ ਲੈ ਕੇ ਪਾਸ ਹੁੰਦਾ। ਘੁੱਕਰ ਦੇ ਮਰਨ ਬਾਅਦ ਹੁਣ ਉਹਦੇ ਦੋਵੇਂ ਵੱਡੇ ਭਰਾ ਉਹਨੂੰ ਪੜ੍ਹਾ ਰਹੇ ਸਨ। ਉਹਦਾ ਖਰਚ ਦਿੰਦੇ। ਉਹਨੂੰ ਕਪੱੜੇ ਸਿਲਵਾ ਦਿੰਦੇ। ਕਿਰਪਾਲ ਦੀਆਂ ਭਰਜਾਈਆਂ ਦੋਵੇਂ ਹੀ ਚੰਗੀਆਂ ਸਨ। ਉਹਨਾਂ ਨੂੰ ਦਿਉਰ ਨਾਲ ਕੋਈ ਹਸਦ ਨਹੀਂ ਸੀ, ਕੋਈ ਗਿਲਾ ਨਹੀਂ ਸੀ। ਘੁੱਕਰ ਦੇ ਮਰਨ ਤੋਂ ਇਕ ਸਾਲ ਬਾਅਦ ਹੀ ਦੋਵੇਂ ਭਰਾਵਾਂ ਨੇ ਰੋਟੀ ਅੱਡ ਕਰ ਲਈ ਸੀ। ਅਗਾਂਹ ਉਹਨਾਂ ਦੇ ਛੋਟੇ ਛੋਟੇ ਬੱਚੇ ਵੀ ਸਨ। ਕਿਰਪਾਲ ਭਤੀਜੇ-ਭਤੀਜੀਆਂ ਨੂੰ ਬਹੁਤ ਪਿਆਰ ਕਰਦਾ। ਸ਼ਾਇਦ ਏਸੇ ਕਰਕੇ ਉਹ ਭਰਜਾਈਆਂ ਨੂੰ ਚੰਗਾ ਲਗਦਾ। ਘੁੱਕਰ ਦਾ ਘਰ ਵਿਹੜੇ ਦੇ ਐਨ ਵਿਚਕਾਰ ਸੀ। ਗਲੀ ਉੱਤੇ ਇਕ ਛੋਟਾ ਦਰਵਾਜ਼ਾ, ਜਿਸ ਵਿਚ ਉਹ ਵਿਹਲੇ ਸਮੇਂ ਬਹਿੰਦੇ। ਉਹਨਾਂ ਦੇ ਆਇਆ ਗਿਆ ਵੀ ਇਸ ਦਰਵਾਜ਼ੇ ਵਿਚ ਹੀ ਬੈਠਦਾ ਅਤੇ ਇਥੇ ਹੀ ਸੌਂਦਾ ਬਹਿੰਦਾ। ਦਰਵਾਜ਼ੇ ਤੋਂ ਮਗਰ ਗੁਆਂਢੀਆਂ ਦੀ ਕੰਧ ਨਾਲ ਮ੍ਹੈਸਾਂ ਦੀ ਖੁਰਲੀ ਸੀ। ਖੁਰਲੀ ਉੱਤੇ ਇੱਟ-ਬਾਲੇ ਦਾ ਛਤਾਅ ਕੀਤਾ ਹੋਇਆ। ਇਸ ਛਤਾਅ ਦੇ ਸਿਰਫ ਦੋ ਥਮਲੇ ਸਨ। ਕੰਧ ਕੋਈ ਨਹੀਂ ਸੀ। ਖੁਰਲੀ ਐਨੀ ਸੀ ਕਿ ਉੱਤੇ ਦੋ-ਤਿੰਨ ਪਸ਼ੂ ਬੱਝ ਸਕਣ, ਕੱਖ-ਕੰਡਾ ਖਾ ਸਕਦੇ। ਵਿਹੜੇ ਦੇ ਪਿਛਲੇ ਪਾਸੇ ਦੋ ਨਿੱਕੀਆਂ ਨਿੱਕੀਆਂ ਸਬਾਤਾਂ ਸਨ। ਹੁਣ ਇਹ ਦੋਵੇਂ ਸਬਾਤਾਂ ਦੋਵੇਂ ਭਰਾਵਾਂ ਨੇ ਵੰਡ ਲਈਆਂ। ਇਕ-ਇਕ ਸਬਾਤ ਆ ਗਈ। ਕਿਰਪਾਲ ਦਾ ਫਿਲਹਾਲ ਕੋਈ ਹਿੱਸਾ ਨਹੀਂ ਰੱਖਿਆ। ਭਰਜਾਈਆਂ ਹਸਦੀਆਂ ਹੁੰਦੀਆਂ, ''ਇਹਨੇ ਤਾਂ

Scanned by CamScanner

ਪੜ੍ਹ ਲਿਖ ਕੇ ਕਿਸੇ ਕੰਮ 'ਤੇ ਹੋ ਜਾਣੈ। ਜਿੱਥੇ ਕੰਮ ਤੇ ਲੱਗੂ ਓਥੇ ਈ ਰਹੂ। ਇਥੇ ਤਾਂ ਇਹਨੇ ਰਹਿਣਾ ਨ੍ਹੀ।'' ਆਖਦੀਆਂ, ''ਇਹ ਦੀ ਬਹੂ ਵੀ ਕੋਈ ਬਾਰਾਂਤਾਲੀ ਆਊ, ਪੜ੍ਹੀ ਲਿਖੀ। ਸਾਡੇ 'ਚ ਉਹਨੇ ਕਦੋਂ ਕੱਟਿਆ। ਅਛਨਿਆਂ-ਪਛਨਿਆਂ ਆਲੀ ਨੇ।''

ਰੋਟੀ ਕਿਰਪਾਲ ਜਿੱਥੇ ਮਰਜੀ ਖਾ ਲੈਂਦਾ, ਸੌਂਦਾ ਦਰਵਾਜ਼ੇ ਵਿਚ। ਦਰਵਾਜ਼ੇ ਦੀ ਅਲਮਾਰੀ ਵਿਚ ਹੀ ਉਹਦਾ ਬਸਤਾ ਪਿਆ ਰਹਿੰਦਾ। ਵਾਧੂ ਕਿਤਾਬਾਂ ਅਤੇ ਉਹਦਾ ਨਿੱਕ-ਸੁੱਕ ਵੀ। ਗਲ ਤੇੜ ਦੇ ਕੱਪੜੇ ਉਹ ਆਪ ਹੀ ਧੋ ਲੈਂਦਾ। ਧੋਤੇ ਕੱਪੜੇ ਵੀ ਉਸੇ ਅਲਮਾਰੀ ਵਿਚ ਹੁੰਦੇ। ਜੁਆਕਾਂ ਦੇ ਡਰੋਂ ਉਹ ਅਲਮਾਰੀ ਨੂੰ ਜਿੰਦਰਾ ਲਾ ਕੇ ਰੱਖਦਾ।

ਬਹੁਤਾ ਕਰਕੇ ਉਹ ਆਪਣੀ ਵੱਡੀ ਭਰਜਾਈ ਗੇਬੂ ਦੀ ਬਹੂ ਦੇ ਨੇੜੇ ਰਹਿੰਦਾ। ਉਹਦੇ ਵਿਚੋਂ ਉਹਦੀ ਮਾਂ ਵਰਗਾ ਨਿੱਘ ਤੇ ਪਿਆਰ ਮਿਲਦਾ ਸੀ। ਛੋਟੀ ਵੀ ਮਾੜੀ ਨਹੀਂ ਸੀ। ਉਹ ਵੀ ਕਿਰਪਾਲ ਨੂੰ ਚਾਹੁੰਦੀ। ਪਾਲੇ ਪਾਲੇ ਕਰਦੀ ਰਹਿੰਦੀ। ਪਰ ਨਹੀਂ, ਉਹ ਵੱਡੀ ਦੇ ਬਹੁਤਾ ਨੇੜੇ ਸੀ। ਆਪਣੀਆਂ ਆਪਣੀਆਂ ਮੱਝਾਂ ਲਈ ਉਹ ਦੋਵੇਂ ਜਣੀਆਂ ਜੱਟਾਂ ਦੀਆਂ ਫ਼ਸਲਾਂ ਵਿਚੋਂ, ਵੱਟਾਂ-ਖਾਲਾਂ ਤੋਂ, ਕੱਖ ਖੋਤਕੇ ਲਿਆਉਂਦੀਆਂ ਸਨ। ਕੱਖਾਂ ਦਾ ਟੋਕਾ ਕਰਕੇ ਤੂੜੀ ਵਿਚ ਰਲਾ ਦਿੰਦੀਆਂ, ਜਿਸ ਨੂੰ ਮੱਝ ਖੁਸ਼ ਹੋ ਕੇ ਖਾਂਦੀ ਸੀ। ਛੁੱਟੀ ਵਾਲੇ ਦਿਨ ਕਿਰਪਾਲ ਵੀ ਵੱਡੀ ਭਰਜਾਈ ਨਾਲ ਕੱਖ ਖੋਤਣ ਜਾਂਦਾ। ਉਹ ਭਰਜਾਈ ਨਾਲੋਂ ਵੱਡੀ ਭਰੀ ਲਿਆਉਂਦਾ। ਉਹ ਖੇਤੋਂ ਸੁੱਕੀਆਂ ਲੱਕੜਾਂ ਵੀ ਲਿਆਉਂਦੀਆਂ। ਲੱਕੜਾਂ ਨੂੰ ਕੱਖਾਂ ਦੀ ਭਰੀ ਵਿਚ ਹੀ ਬੰਨ੍ਹ ਲੈਂਦੀਆਂ। ਭਾਰ ਨਾਲ ਉਹਨਾਂ ਦਾ ਸਰੀਰ ਦੂਹਰਾ ਹੋ-ਹੋ ਜਾਂਦਾ। ਮੂੰਹ ਦਾ ਮੁੜ੍ਹਕਾ ਕੁੜਤੀ ਦੇ ਗੁਲਾਮੇ ਵਿਚ ਜਜ਼ਬ ਹੁੰਦਾ ਰਹਿੰਦਾ।

ਜਦੋਂ ਤੋਂ ਮਸ਼ੀਨਰੀ ਦੀ ਵਰਤੋਂ ਵੱਧਣ ਲੱਗੀ ਸੀ ਅਤੇ ਪੰਜਾਬ ਵਿਚ ਬਿਹਾਰੀ ਭਈਏ ਆਉਣ ਲੱਗੇ ਸਨ, ਓਦੋਂ ਤੋਂ ਪਿੰਡਾਂ ਦੀ ਖੇਤੀ ਜੱਟਾਂ ਦੇ ਹੱਥੋਂ ਖਿਸਕਣ ਲੱਗ ਪਈ ਸੀ। ਮਸ਼ੀਨ ਅਤੇ ਭਈਏ ਨੇ ਜੱਟ ਨੂੰ ਵਿਹਲਾ ਕਰ ਦਿੱਤਾ ਸੀ। ਬਹੁਤ ਸਾਰੇ ਘਰਾਂ ਵਿਚ ਊਂਠ ਬਲਦ ਰਹੇ ਹੀ ਨਹੀਂ ਸਨ, ਟਰੈਕਟਰ ਹੀ ਹਰ ਪਾਸੇ ਨਜ਼ਰ ਆਉਂਦਾ। ਊਂਠ ਬਲਦ ਨਹੀਂ ਰਹਿ ਗਏ ਸਨ ਤਾਂ ਸੀਰੀ ਵੀ ਨਾ ਰਹੇ। ਕੰਮ ਲਈ ਕਿਸਾਨ ਲੋਕ ਸੀਰੀਆਂ ਦੀ ਥਾਂ ਨੌਕਰ ਰੱਖਣ ਲੱਗੇ। ਮਜ਼ਬੀ-ਰਾਮਦਾਸੀਏ ਨਾਲੋਂ ਬਿਹਾਰੀ ਭਈਆ ਸਸਤਾ ਪੈਂਦਾ। ਉਹ ਕੱਦ ਦਾ ਚਾਹੇ ਅੱਧਾ ਜਿਹਾ ਆਦਮੀ ਹੁੰਦਾ। ਪਰ ਕੰਮ ਵਿਚ ਅਕਦਾ ਥਕਦਾ ਨਹੀਂ ਸੀ। ਮਜ੍ਹਬੀ ਰਾਮਦਾਸੀਏ ਵਾਂਗ ਉਹਨੇ ਕਿਧਰੇ ਗਰਾਂ ਘੋਹੀ ਜਾਂ ਰਿਸ਼ਤੇਦਾਰੀ ਵਿਚ ਵਿਆਹ ਮਰਨੇ ਉੱਤੇ ਨਹੀਂ ਜਾਣਾ ਹੁੰਦਾ ਸੀ। ਉਹਨਾਂ ਤਾਂ ਜੱਟ ਕੋਲ ਹੀ ਰਹਿਣਾ ਹੁੰਦਾ ਚੌਵੀ ਘੰਟੇ। ਸੋ ਦੁੱਲੇ ਕੀ ਪਤੀ ਦੇ ਰਾਮਦਾਸੀਆਂ ਵਿਹੜੇ ਵਿਚੋਂ ਪੰਜ-ਸੱਤ ਘਰ ਹੀ ਅਜਿਹੇ ਰਹਿ ਗਏ, ਜੋ ਜੱਟਾਂ ਦੇ ਸੀਰੀ ਸਨ। ਬਾਕੀ ਲੋਕਾਂ ਨੇ ਸੀਰ ਛੱਡ ਦਿੱਤਾ ਅਤੇ ਹੋਰ ਕੰਮਾਂ ਵਿਚ ਪੈ ਗਏ। ਅਜਿਹਾ ਕੀਤੇ ਬਗੈਰ ਗੁਜ਼ਾਰਾ ਵੀ ਨਹੀਂ ਸੀ। ਪਹਿਲਾਂ ਧੰਨੇ ਨੇ ਸੀਰ

Scanned by CamScanner

ਛੱਡਿਆ। ਉਹਨਾਂ ਦੇ ਪਿੰਡ ਦਾ ਬਾਣੀਆਂ ਦਾ ਇਕ ਮੁੰਡਾ ਰਾਜ ਕੁਮਾਰ ਆਲਾ ਸਿੰਘ ਵਾਲੇ ਪੀ.ਡਬਲਯੂ.ਡੀ. ਦੀ ਬੀ.ਆਰ.ਬਰਾਂਚ ਵਿਚ ਕਲਰਕ ਸੀ। ਰਾਜ ਕੁਮਾਰ ਦੇ ਬਾਪ ਨੇ ਬਹੁਤ ਵਰ੍ਹੇ ਪਹਿਲਾਂ ਪਿੰਡ ਛੱਡ ਕੇ ਆਲਾ ਸਿੰਘ ਵਾਲੇ ਆਪਣੀ ਹੱਟੀ ਪਾ ਲਈ ਸੀ। ਉਹਦੇ ਕੋਲ ਮਿੱਟੀ ਦੇ ਤੇਲ ਦਾ ਡਿਪੂ ਵੀ ਸੀ। ਹੱਟੀ ਤਾਂ ਘੱਟ ਚਲਦੀ ਪਰ ਮਿੱਟੀ ਦੇ ਤੇਲ ਵਿਚ ਬਹੁਤ ਘਾਲੇ-ਮਾਲੇ ਸਨ। ਭਾਨਾ ਮੱਲ ਨੇ ਬਹੁਤ ਪੈਸਾ ਕਮਾਇਆ। ਉਹਨੇ ਆਪਣੇ ਦੋਵੇਂ ਮੁੰਡੇ ਵੀ ਪੜ੍ਹਾ ਲਏ। ਦੋਵਾਂ ਨੂੰ ਨੌਕਰੀ ਉੱਤੇ ਲਗਵਾਇਆ। ਹੁਣ ਵੱਡਾ ਤ੍ਰਿਲੋਕ ਚੰਦ ਸਕੂਲ ਮਾਸਟਰ ਸੀ ਅਤੇ ਛੋਟਾ ਰਾਜਕੁਮਾਰ ਪੀ.ਡਬਲਯੂ.ਡੀ ਵਿਚ। ਰਾਜ ਕੁਮਾਰ ਧੰਨੇ ਦਾ ਬਚਪਨ ਦਾ ਆੜੀ ਸੀ। ਰਾਜਕੁਮਾਰ ਜਦੋਂ ਕਦੇ ਪਿੰਡ ਆਉਂਦਾ, ਧੰਨੇ ਨੂੰ ਮਿਲਕੇ ਜਾਂਦਾ। ਉਹ ਬਚਪਨ ਦੀਆਂ ਗੱਲਾਂ ਮਾਰਦੇ ਤੇ ਹੱਸਦੇ। ਧੰਨਾ ਵੀ ਸ਼ਹਿਰ ਜਾ ਕੇ ਰਾਜਕੁਮਾਰ ਨੂੰ ਉਹਦੇ ਦਫ਼ਤਰ ਵਿਚ ਮਿਲ ਆਉਂਦਾ। ਉਹ ਧੰਨੇ ਨੂੰ ਬਰਫ਼ੀ ਨਾਲ ਚਾਹ ਪਿਆਉਂਦਾ। ਇਕ ਦਿਨ ਧੰਨੇ ਨੇ ਬੜਾ ਦੁਖੀ ਜਿਹਾ ਹੋ ਕੇ ਰਾਜਕੁਮਾਰ ਨੂੰ ਸਵਾਲ ਪਾਇਆ ਅਤੇ ਕਿਹਾ ਕਿ ਉਹ ਕਿਵੇਂ ਨਾ ਕਿਵੇਂ ਜੱਟਾਂ ਕੋਲੋਂ ਉਹਦਾ ਖਹਿੜਾ ਛੁਡਾ ਦੇਵੇ, ਉਹਨੂੰ ਬੇਲਦਾਰ ਲਗਵਾ ਦੇਵੇ। ਸੜਕਾਂ ਉੱਤੇ ਕੰਮ ਕਰਦਾ ਉਹ ਆਪਣਾ ਜੂਨ ਗੁਜ਼ਾਰਾ ਕਰੀਂ ਜਾਵੇਗਾ। ਰਾਜਕੁਮਾਰ ਲਈ ਇਹ ਕੋਈ ਵੱਡਾ ਕੰਮ ਨਹੀਂ ਸੀ। ਫੇਰ ਵੀ ਧੰਨਾ ਉਹਦਾ ਯਾਰ ਸੀ। ਉਹ ਸੀਰ ਦਾ ਕੰਮ ਛੱਡ ਕੇ ਪੰਜ ਸੱਤ ਮਹੀਨਿਆਂ ਅੰਦਰ ਹੀ ਬੇਲਦਾਰ ਬਣ ਗਿਆ ਅਤੇ ਫੇਰ ਮੇਟ ਵੀ।

ਧੰਨੇ ਦੇ ਸੀਰ ਛੱਡਣ ਤੋਂ ਅਗਲੇ ਸਾਲ ਹੀ ਗੇਬੂ ਨੇ ਵੀ ਸੀਰ ਛੱਡ ਦਿੱਤਾ। ਇਕ ਸਾਲ ਤਾਂ ਉਹ ਔਖਾ ਜਿਹਾ ਰਿਹਾ। ਪਰ ਫੇਰ ਸੁਖਾਲਾ ਹੋਣ ਲੱਗਿਆ। ਉਹ ਮੰਡੀ ਉੱਤੇ ਜਾਂਦਾ ਅਤੇ ਮ੍ਹੈਸ ਖਰੀਦ ਲਿਆਉਂਦਾ। ਸੱਜਰ ਸੂਈ ਮੱਝ ਲੈ ਕੇ ਆਉਂਦਾ। ਨਫਾ ਕੱਢ ਕੇ ਪਿੰਡ ਵਿਚ ਹੀ ਮੱਝ ਨੂੰ ਵੇਚ ਦਿੰਦਾ। ਇਹ ਧੰਦਾ ਉਹਨੂੰ ਖਾਸਾ ਰਾਸ ਆਇਆ ਸੀ। ਵਿਹੜੇ ਦੀ ਖੁਰਲੀ ਲੰਮੀ ਹੋ ਗਈ ਅਤੇ ਉਸ ਉਤਲਾ ਛਤਾਅ ਵੀ। ਫੇਰ ਤਾਂ ਖੁਰਲੀ ਉੱਤੇ ਉਹਦੀਆਂ ਤਿੰਨ ਤਿੰਨ, ਚਾਰ-ਚਾਰ ਮੱਝਾਂ ਖੜ੍ਹੀਆਂ ਰਹਿੰਦੀਆਂ। ਹਰੇ ਲਈ ਉਹ ਕਿਸੇ ਜੱਟ ਤੋਂ ਕਿਆਰਾ ਮੁੱਲ ਲੈ ਲੈਂਦਾ ਸੀ। ਉਹਦੀ ਜਨਾਨੀ ਮੱਝਾਂ ਦੀਆਂ ਸੰਨ੍ਹੀਆਂ ਕਰਦੀ ਫਿਰਦੀ। ਵਿਹੜੇ ਦੇ ਦੂਜੇ ਪਾਸੇ ਕੰਧ ਨਾਲ ਨਲਕਾ ਸੀ। ਦੋਵੇਂ ਘਰ ਇਥੋਂ ਹੀ ਪਾਣੀ ਭਰਦੇ। ਨਲਕੇ ਦੇ ਦੋਵੇਂ ਪਾਸੇ ਉੱਚੀਆਂ ਉੱਚੀਆਂ ਬਕਰੈਣਾਂ ਸਨ। ਗਰਮੀ ਦੇ ਦਿਨਾਂ ਵਿਚ ਇਨ੍ਹਾਂ ਬਕਰੈਣਾਂ ਦੀ ਸੰਘਣੀ ਛਾਂ ਹੁੰਦੀ। ਵਿਹਲੇ ਵੇਲੇ ਤੀਵੀਆਂ ਅਤੇ ਬੱਚੇ ਬਕਰੈਣਾਂ ਥੱਲੇ ਮੰਜੇ ਡਾਹ ਕੇ ਬੈਠਦੇ। ਦਰਵਾਜ਼ੇ ਵਾਲੇ ਪਾਸੇ ਦੀ ਬਕਰੈਣ ਕੋਲ ਇੱਟਾਂ ਦਾ ਪੱਕਾ ਫਰਸ਼ ਬਣਵਾ ਕੇ ਗੇਬੂ ਨੇ ਆਪਣੀ ਕੁਤਰੇ ਵਾਲੀ ਮਸ਼ੀਨ ਲਾ ਲਈ। ਕੁਤਰੇ ਨੂੰ ਮੀਂਹ-ਕਣੀ ਅਤੇ ਤਿੱਖੀ ਧੁੱਪ ਦੇ ਬਚਾਓ ਲਈ ਬਕਰੈਣ ਵਧੀਆ ਕੰਮ ਕਰਦੀ।

Scanned by CamScanner

ਧੰਨੇ ਦੀ ਤਨਖਾਹ ਤਾਂ ਬਹੁਤ ਥੋੜੀ ਸੀ, ਪਰ ਉਹ ਉਂਜ ਛੰਡੇ ਲਾਹੀ ਜਾਂਦਾ। ਸੜਕ ਕਿਨਾਰੇ ਬੱਜਰੀ ਦੇ ਢੇਰ ਲੱਗੇ ਹੁੰਦੇ ਅਤੇ ਲੁੱਕ ਦੇ ਢੋਲ। ਉਹ ਚੋਰੀਓਂ ਬੱਜਰੀ ਵੇਚ ਦਿੰਦਾ। ਲੁੱਕ ਵੇਚਦਾ। ਉਹ ਥੋੜੀ ਥੋੜੀ ਬਜਰੀ ਚੁਕਵਾਉਂਦਾ ਅਤੇ ਪੀਪਾ ਦੋ ਪੀਪੇ ਲੁੱਕ ਹੀ। ਐਨੀ ਕੁ ਮਾਰ ਕਰਦਾ, ਜਿਹਦਾ ਕਿਸੇ ਨੂੰ ਪਤਾ ਨਾ ਲੱਗੇ। ਪੰਜਵੇਂ-ਸੱਤਵੇਂ ਦਿਨ ਹੀ ਉਹਦਾ ਦਾਅ ਲੱਗ ਜਾਂਦਾ। ਬਹੁਤ ਪੈਸੇ ਬਣਾਉਂਦਾ ਉਹ। ਇਹ ਕਿੱਤਾ ਕਰਨ ਲਈ ਉਹਨੂੰ ਰਾਜ ਕੁਮਾਰ ਨੇ ਹੀ ਉਕਸਾਇਆ ਸੀ। ਰਾਜਕੁਮਾਰ ਨੇ ਜਦੋਂ ਆਪਣੀ ਕੋਠੀ ਬਣਾਈ ਸੀ ਤਾਂ ਸਾਰੀ ਬਜਰੀ ਅਤੇ ਲੁੱਕ ਬੇਲਦਾਰਾਂ ਅਤੇ ਮੇਟਾਂ ਨੇ ਹੀ ਉਸ ਨੂੰ ਭੇਜੀ ਸੀ।

ਧੰਨੇ ਕੋਲ ਇਕ ਦਰੀ ਦਾ ਝੋਲਾ ਸੀ, ਤਣੀਆਂ ਵਾਲਾ। ਉਹ ਇਹਨੂੰ ਸਾਈਕਲ ਦੇ ਕੈਰੀਅਰ ਮਗਰ ਅੜਾ ਕੇ ਰਖਦਾ। ਉਹਦੀ ਇਹ ਪੱਕੀ ਵਾਣ, ਜਦੋਂ ਹੀ ਉਹਦਾ ਦਾਅ ਲਗਦਾ, ਉਹ ਕਿਤੋਂ ਝੋਲੇ ਨੂੰ ਬੱਜਰੀ ਨਾਲ ਭਰ ਲੈਂਦਾ ਅਤੇ ਉੱਤੋਂ ਦੀ ਤਣੀਆਂ ਬੰਨ੍ਹ ਕੇ ਕੈਰੀਅਰ ਵਿਚ ਦੇ ਲੈਂਦਾ। ਇਸ ਤਰ੍ਹਾਂ ਉਹਨੇ ਆਪਣੀ ਸਬਾਤ ਦੇ ਬਾਹਰ ਕੰਧ ਨਾਲ ਟੋਆ ਪੁੱਟ ਕੇ ਕਾਫ਼ੀ ਸਾਰੀ ਬੱਜਰੀ ਜਮ੍ਹਾ ਕਰ ਲਈ ਸੀ। ਉਹਦੀ ਵਿਉਂਤ ਸੀ ਕਿ ਉਹ ਕਦੇ ਦਰਵਾਜ਼ਾ ਢਾਹ ਕੇ ਗਲੀ ਉੱਤੇ ਦੋ ਬੈਠਕਾਂ ਬਣਾਉਣਗੇ ਅਤੇ ਇਹ ਬੱਜਰੀ ਓਦੋਂ ਕੰਮ ਆਵੇਗੀ। ਧੰਨਾ ਸੜਕ ਦੇ ਦਰਖ਼ਤਾਂ ਤੋਂ ਸੁੱਕੀਆਂ ਲੱਕੜਾਂ ਵੱਢਕੇ ਵੀ ਲਿਆਉਂਦਾ। ਲੱਕੜਾਂ ਦੀ ਭਰੀ ਬਣਾ ਕੇ ਕੈਰੀਅਰ ਮਗਰ ਬੰਨ੍ਹ ਲੈਂਦਾ। ਲੱਕੜਾਂ ਦੀ ਭਰੀ ਲਿਆਉਣ ਦਾ ਕੰਮ ਸਾਰੇ ਬੇਲਦਾਰ ਹੀ ਕਰਦੇ ਸਨ। ਬਜਰੀ ਘਰ ਲੈ ਕੇ ਆਉਣ ਅਤੇ ਲੁਕ ਬਜਰੀ ਵੇਚਣ ਦਾ ਧੰਦਾ ਸਿਰਫ ਓਹੀ ਕਰਦਾ। ਕਿਉਂਕਿ ਉਹ ਮੇਟ ਸੀ। ਬੇਲਦਾਰਾਂ ਦਾ ਅਫਸਰ ਸੀ। ਉਹਦੀ ਇਸ ਚੋਰੀ ਬਾਰੇ ਸਾਰੇ ਬੇਲਦਾਰਾਂ ਨੂੰ ਪਤਾ ਸੀ। ਉਹ ਬੇਲਦਾਰਾਂ ਨੂੰ ਕੰਮ ਵਿਚ ਸੁਖਾਲਾ ਵੀ ਤਾਂ ਰਖਦਾ ਸੀ। ਉਤਲੇ ਅਫ਼ਸਰਾਂ ਕੋਲ ਉਹਨਾਂ ਦੀ ਤਾਰੀਫ ਕਰਦਾ। ਕਿਸੇ ਬੇਲਦਾਰ ਨੂੰ ਜ਼ਰੂਰੀ ਕੰਮ ਹੁੰਦਾ ਤਾਂ ਉਹਦੀ ਫਰਲੋਅ ਵੀ ਮਰਵਾ ਦਿੰਦਾ।

ਗੇਬੂ ਤੇ ਧੰਨੇ ਦਾ ਆਪਸ ਵਿਚ ਪਿਆਰ ਬਹੁਤ ਸੀ। ਉਹਨਾਂ ਦੀਆਂ ਬਹੂਆਂ ਵੀ ਮਿਲ-ਜੁਲ ਕੇ ਰਹਿੰਦੀਆਂ। ਜੁਆਕ ਇਕੱਠੇ ਹੀ ਸੌਂਦੇ-ਪੈਂਦੇ, ਖੇਡਦੇ। ਜਿਵੇਂ ਇਕੋ ਘਰ ਦੇ ਜੁਆਕ ਹੋਣ। ਦੋਵਾਂ ਪਰਿਵਾਰਾਂ ਵਿਚ ਕੋਈ ਖਾਸ ਮੇਰ-ਤੇਰ ਨਹੀਂ ਸੀ। ਦੋਵਾਂ ਦੀ ਆਰਥਿਕ ਹਾਲਤ ਹੁਣ ਚੰਗੀ ਸੀ। ਮੌਜਾਂ ਕਰਦੇ। ਜੱਟ ਹੁਣ ਉਹਨਾਂ ਦੇ ਯਾਦ ਨਹੀਂ ਸਨ। ਸਗੋਂ ਜੱਟਾਂ ਨੂੰ ਅੰਦਰਖਾਤੇ ਟਿੱਚ ਜਾਣਦੇ। ਕਦੇ ਕਦੇ ਦੋਵੇਂ ਭਰਾ ਅੰਦਰ ਸਬਾਤ ਵਿਚ ਬੈਠਕੇ ਘਰ ਦੀ ਕੱਢੀ ਦਾਰੂ ਪੀਂਦੇ। ਚੁੱਲ੍ਹੇ ਉੱਤੇ ਮੀਟ ਰਿਝ ਰਿਹਾ ਹੁੰਦਾ। ਉਸ ਦਿਨ ਸਾਰਾ ਟਬੱਰ ਮੀਟ ਨਾਲ ਰੋਟੀ ਖਾਂਦਾ। ਦਾਰੂ ਪੀਂਦੇ ਉਹ ਆਪਣੇ ਬਾਪ ਘੁੱਕਰ ਦੀਆਂ ਗੱਲਾਂ ਕਰਨ ਲਗਦੇ ਜਿਹਨੇ ਸਾਰੀ ਉਮਰ ਜੱਟਾਂ ਦੀ ਗੁਲਾਮੀ ਕੀਤੀ ਸੀ। ਕਿਰਪਾਲ ਕੋਲ ਬੈਠਾ ਉਹਨਾਂ ਦੀਆਂ ਗੱਲਾਂ ਸੁਣਦਾ। ਉਹ ਦਾਰੂ ਨਹੀਂ ਪੀਂਦਾ ਸੀ। ਉਹਨਾਂ ਨੂੰ

Scanned by CamScanner

ਪਾਣੀ-ਧਾਣੀ ਲਿਆਕੇ ਦਿੰਦਾ। ਜਦੋਂ ਉਹ ਉਹਨਾਂ ਦੀਆਂ ਬਹੁਤ ਸਾਰੀਆਂ ਗੱਲਾਂ ਸੁਣ ਚੁੱਕਿਆ ਹੁੰਦਾ ਤਾਂ ਰੋਟੀ ਖਾਕੇ ਦਰਵਾਜ਼ੇ ਵਿਚ ਆ ਬੈਠਦਾ ਅਤੇ ਆਪਣਾ ਪੜ੍ਹਾਈ ਦਾ ਕੰਮ ਕਰਨ ਲਗਦਾ। ਉਹਨੂੰ ਆਪਣੀ ਮਿਹਨਤ ਅਤੇ ਲਗਨ ਉੱਤੇ ਮਾਣ ਸੀ।

''ਧੰਨਿਆ, ਆਹ ਤੂੰ ਜਿਹੜੀ ਮਾਰ-ਧਾੜ ਜੀ ਦਰਦਾ ਰਹਿਨੈਂ, ਲੁੱਕ-ਬਜਰੀ ਵੇਚਦੈਂ, ਇਹ ਚੰਗੀ ਗੱਲ ਨ੍ਹੀ ਤੇਰੀ ਜਾਰ।'' ਗੇਬੂ ਨੂੰ ਸਾਰਾ ਪਤਾ ਸੀ।

''ਕਿਉਂ ਚੰਗੀ ਨ੍ਹੀ। ਹੋਰ ਫੇਰ ਤਨਖਾਹਾਂ ਨਾਲ ਕੀ ਬਣਦੈ।'' ਧੰਨਾ ਦ੍ਰਿੜ੍ਹ ਸੀ।

''ਬੰਦੇ ਨੂੰ ਹੱਕ ਦੀ ਕਮਾਈ ਖਾਣੀ ਚਾਹੀਦੀ ਐ। ਜੇ ਕਿਸੇ ਦਿਨ ਫੜਿਆ ਗਿਆ, ਤੇਰੀ ਨੌਕਰੀ ਵੀ ਜਾਊ।''

''ਨਹੀਂ, ਮੈਂ ਫੜਿਆ ਨ੍ਹੀ ਜਾਂਦਾ। ਸਾਡੇ ਦਫਤਰ ਆਲਿਆਂ ਨੂੰ ਸਭ ਪਤੈ। ਉਹ ਆਪ ਕੀ ਘੱਟ ਗੁਜਾਰਦੇ ਐ।''

''ਫੇਰ ਵੀ ਬਚਕੇ ਰਹਿਆ ਕਰ, ਭਾਈ।''

''ਜਾਰ, ਤੂੰ ਗੱਲਾਂ ਕੀ ਕਰਦੈਂ। ਕੁਲ ਮਹਿਕਮਾ ਮਾਰ-ਧਾੜ ਕਰਦੈ, ਜਿੰਨੀ ਵੀ ਕਿਸੇ ਤੋਂ ਹੁੰਦੀ ਐ, ਕਿਸੇ ਵੀ ਮਹਿਕਮੇ ਦਾ ਨਾਂ ਲੈ ਲੈ, ਕੀ ਨ੍ਹੀ ਕਰਦਾ ਕੋਈ। ਸਾਰਾ ਦੇਸ ਏਸੇ ਰਾਹ ਤੁਰਿਆ ਹੋਇਐ। ਹੱਕ ਦੀ ਕਮਾਈ ਦਾ ਜਮਾਨਾ ਕਿੱਥੇ ਰਹਿ ਗਿਆ। ਜਿਹੜਾ ਨਹੀਂ ਕਰਦਾ, ਫੇਰ ਮਰੇ ਭੁੱਖਾ। ਉਹਦੇ ਨਾਲ ਕੰਮ ਕਰਦੇ ਉਹਨੂੰ ਫੁੱਦੂ ਕਹਿੰਦੇ ਐ।'' ਧੰਨਾ ਸ਼ਹਿਰ ਆਉਂਦਾ-ਜਾਂਦਾ ਹੋਣ ਕਰਕੇ ਅਤੇ ਰਾਜਕੁਮਾਰ ਤੋਂ ਗਲਾਂ ਸੁਣਕੇ ਸਭ ਜਾਣਦਾ ਸੀ।

26

ਕਿਰਪਾਲ ਦਸਵੀਂ ਬਾਅਦ ਆਲਾ ਸਿੰਘ ਵਾਲੇ ਕਾਲਜ ਜਾਣ ਲੱਗਿਆ ਸੀ। ਉਹਨੇ ਨਾਨ-ਮੈਡੀਕਲ ਲਿਆ ਸੀ। ਬੱਸਾਂ ਆਮ ਸਨ। ਨਿੱਤ ਸਵੇਰੇ ਬੱਸ ਉੱਤੇ ਜਾਂਦਾ। ਪੀਰੀਅਡ ਖਤਮ ਹੋਣ ਬਾਅਦ ਬੱਸ ਤੇ ਹੀ ਪਿੰਡ ਨੂੰ ਮੁੜ ਆਉਂਦਾ। ਉਹਨੂੰ ਕੋਈ ਐਬ ਨਹੀਂ, ਕੋਈ ਸ਼ੌਕ ਨਹੀਂ ਸੀ। ਬੱਸ ਆਪਣੀ ਪੜ੍ਹਾਈ ਵਲ ਧਿਆਨ ਰਖਦਾ। ਦਰਵਾਜੇ ਵਿਚ ਬੈਠਾ ਪੜ੍ਹਦਾ ਰਹਿੰਦਾ। ਸਿਆਲਾਂ ਦੇ ਦਿਨਾਂ ਵਿਚ ਬਿਜਲੀ ਬੱਤੀ ਬਾਲ ਕੇ ਅੱਧੀ ਰਾਤ ਤੱਕ ਬੈਠਦਾ। ਸਵੇਰੇ ਸਵੇਰੇ ਉਠਦਾ। ਦਰਵਾਜੇ ਵਿਚ ਉਹਦਾ ਬੱਤੀਆਂ ਵਾਲਾ ਸਟੋਵ ਰੱਖਿਆ ਹੋਇਆ ਸੀ। ਆਪੇ ਚਾਹ ਬਣਾਉਂਦਾ ਅਤੇ ਚਾਹ ਪੀ ਕੇ ਪੜ੍ਹਨ ਬੈਠ ਜਾਂਦਾ। ਪੜ੍ਹਾਈ ਦੀ ਲਗਨ ਉਹਨੂੰ ਕਿਸੇ ਖੁਮਾਰ ਵਾਂਗ ਚੜ੍ਹੀ ਹੋਈ ਸੀ। ਹੁਣ ਉਹ ਦੋਵਾਂ ਭਰਾਵਾਂ

Scanned by CamScanner

ਤੋਂ ਖਰਚ ਲੈਂਦਾ। ਓਨਾ ਹੀ ਲੈਂਦਾ, ਜਿੰਨੀ ਉਹਦੀ ਲੋੜ ਹੁੰਦੀ। ਉਹ ਫਜ਼ੂਲ-ਖਰਚ ਬਿਲਕੁਲ ਨਹੀਂ ਸੀ ਕਰਦਾ। ਸਗੋਂ ਸੰਕੋਚ ਨਾਲ ਚਲਦਾ।

ਕਿਰਪਾਲ ਬੀ. ਐਸ. ਸੀ. ਵਿਚੋਂ ਚੰਗੇ ਨੰਬਰਾਂ ਦੀ ਸੈਕੰਡ ਡਵੀਜ਼ਨ ਲੈ ਕੇ ਪਾਸ ਹੋਇਆ। ਵਿਹੜੇ ਵਿਚ ਬੀ. ਏ. ਜਾਂ ਬੀ. ਐਸ. ਸੀ. ਨੂੰ ਕੋਈ ਨਹੀਂ ਜਾਣਦਾ ਸੀ, ਉਹਨਾਂ ਨੂੰ ਤਾਂ ਬੱਸ ਐਨੀ ਖੁਸ਼ੀ ਸੀ ਕਿ ਘੁੱਕਰ ਦਾ ਛੋਟਾ ਮੁੰਡਾ ਚੌਦਾਂ ਪਾਸ ਹੈ। ਰਾਮਦਾਸੀਆਂ ਵਿਚੋਂ ਉਹ ਪਹਿਲਾ ਮੁੰਡਾ ਸੀ ਜਿਸਨੇ ਐਨੀਆਂ ਜਮਾਤਾਂ ਪਾਸ ਕੀਤੀਆਂ ਸਨ। ਭਰਾਵਾਂ ਨੇ ਸਾਰੇ ਵਿਹੜੇ ਵਿਚ ਘਰ-ਘਰ ਦੋ-ਦੋ ਲੱਡੂ ਦਿੱਤੇ। ਭਰਜਾਈਆਂ ਉਹਨੂੰ ਹਿੱਕ ਨਾਲ ਲਾਉਂਦੀਆਂ। ਉਹਨਾਂ ਨੂੰ ਚਾਅ ਸੀ ਕਿ ਹੁਣ ਉਹਨਾਂ ਦੇ ਆਪਣੇ ਜੁਆਕ ਵੀ ਐਨਾ ਹੀ ਪੜ੍ਹਨਗੇ ਅਤੇ ਚੰਗੇ ਕਿਤਿਆਂ ਉੱਤੇ ਲੱਗਣਗੇ। ਉਹਨਾਂ ਦੇ ਘਰਾਂ ਦੀ ਗਰੀਬੀ ਧੋਤੀ ਜਾਵੇਗੀ। ਕਿਰਪਾਲ ਨੇ ਆਲਾ ਸਿੰਘ ਵਾਲੇ ਦੇ ਰੋਜ਼ਗਾਰ ਦਫ਼ਤਰ ਵਿਚ ਆਪਣਾ ਨਾਂ ਦਰਜ ਕਰਵਾ ਦਿੱਤਾ। ਉਹਨਾਂ ਦਿਨਾਂ ਵਿਚ ਹੀ ਐਫ਼. ਸੀ. ਆਈ. ਦੀਆਂ ਪੋਸਟਾਂ ਨਿੱਕਲੀਆਂ। ਫਾਰਮ ਲਿਆਕੇ ਕਿਰਪਾਲ ਨੇ ਐਪਲਾਈ ਕਰ ਦਿੱਤਾ। ਕਈ ਸੌ ਪੋਸਟਾਂ ਸਨ। ਮਜ੍ਹਬੀ-ਰਾਮਦਾਸੀਆਂ ਲਈ ਰਾਖਵੀਆਂ ਥਾਵਾਂ ਵੀ ਸਨ। ਕਿਰਪਾਲ ਦੀ ਕੋਈ ਸਿਫ਼ਾਰਸ਼ ਨਹੀਂ ਸੀ। ਪਰ ਉਹਨੂੰ ਉਮੀਦ ਸੀ, ਧੁੰਦਲੀ ਜਿਹੀ ਉਮੀਦ ਕਿ ਉਹ ਚੁਣ ਲਿਆ ਜਾਵੇਗਾ। ਉਹਦਾ ਮਨ ਕਹਿੰਦਾ ਸੀ, ਉਹਦੀ ਲਾਲਸਾ ਕਹਿੰਦੀ ਸੀ। ਧੰਨੇ ਨੇ ਆਲਾ ਸਿੰਘ ਵਾਲੇ ਜਾਕੇ ਰਾਜਕੁਮਾਰ ਨਾਲ ਵੀ ਸਲਾਹ ਕੀਤੀ। ਰਾਜਕੁਮਾਰ ਨੇ ਦੱਸਿਆ ਕਿ ਇਹ ਬੜਾ ਵਧੀਆ ਮਹਿਕਮਾ ਹੈ। ਇਸ ਵਿਚ ਉਹਲਾ ਬਹੁਤ ਹੈ। ਕਿਰਪਾਲ ਲੱਗ ਗਿਆ ਤਾਂ ਕੁਲਾਂ ਤਰ ਜਾਣਗੀਆਂ। ਅਖੇ-''ਆਪਣਾ ਪੀ. ਡਬਲਯੂ. ਡੀ. ਤਾਂ ਕੁਸ ਵੀ ਨ੍ਹੀ ਐਫ. ਸੀ. ਆਈ. ਸਾਹਮਣੇ।'' ਉਹਨੇ ਧੰਨੇ ਦਾ ਹੌਸਲਾ ਬੰਨ੍ਹਿਆ ਸੀ ਕਿ ਉਹਨਾਂ ਦਾ ਮੁੰਡਾ ਜ਼ਰੂਰ ਸਿਲੈਕਟ ਹੋ ਜਾਵੇਗਾ, ਕਿਉਂਕਿ ਮਜ੍ਹਬੀ-ਰਾਮਦਾਸੀਆਂ ਵਿਚ ਬੀ. ਐਸ. ਸੀ. ਕੋਈ-ਕੋਈ ਕਰਦਾ ਹੈ। ਚੌਦਾਂ ਜਮਾਤਾਂ ਤੱਕ ਤਾਂ ਪਹੁੰਚਦਾ ਹੀ ਕੋਈ ਨਹੀਂ। ਅਖੇ-''ਥੋਡਾ ਮੁੰਡਾ ਤਾਂ ਭਾਈ ਹਜਾਰਾਂ ਚੋਂ ਇੱਕ ਐ।''

''ਜਾਰ ਰਾਜਕੁਮਾਰ, ਆਪਾਂ ਥੋੜੇ ਘਣੇ ਪੈਸੇ ਵੀ ਝੋਕ ਸਕਦੇ ਆਂ। ਦੋਮਾਂ ਭਾਈਆਂ 'ਚ ਐਨੀ ਗੁੰਜੈਸ਼ ਤਾਂ ਹੈਗੀ ਐ। ਕੋਈ ਕਰ ਜਗਾੜ ਤੂੰ।'' ਧੰਨਾ ਪੱਬਾਂ ਭਾਰ ਹੋਇਆ ਬੈਠਾ ਸੀ।

''ਨਾ, ਐਹੀ ਜੀ ਗੱਲ ਆਪਣੀ ਕੋਈ ਨ੍ਹੀ ਬਣਨੀ। ਪੋਸਟਾਂ ਤਾਂ ਦੇਖ ਕਿੰਨੀਆਂ ਨੇ। ਐਨੇ ਮੁੰਡੇ ਤਾਂ ਮਜ਼ਬੀ-ਰਾਮਦਾਸੀਆਂ ਦੇ ਉਹਨਾਂ ਨੂੰ ਮਿਲਣੇ ਵੀ ਨ੍ਹੀ। ਤੂੰ ਰੱਬ ਤੇ ਨਿਹਚਾ ਰੱਖ। ਸਰ੍ਹਾਣੇ ਬਾਂਹ ਦੇ ਕੇ ਸੌਂ ਜਾ। ਐਂਟਰਵਿਊ ਨੂੰ ਡੀਕ'' ਪੰਜਾਬ ਵਿਚ ਟੈਕਨੀਕਲ ਐਸਿਸਟੈਂਟ ਅਤੇ ਐਸਿਸਟੈਂਟ ਗਰੇਡ ਦੀਆਂ ਨੌਂ-ਨੌਂ ਸੌ ਪੋਸਟਾਂ ਸਨ। ਮਹਿਕਮਾ ਨਵਾਂ-ਨਵਾਂ

Scanned by CamScanner

ਸੀ। ਬੰਦਿਆਂ ਦੀ ਬਹੁਤ ਲੋੜ ਸੀ। ਇਹ ਟੀ. ਏ. (ਤਿੰਨ) ਅਤੇ ਏ. ਜੀ (ਤਿੰਨ) ਦੀਆਂ ਪੋਸਟਾਂ ਸਨ। ਰਾਜਕੁਮਾਰ ਨੇ ਚੰਡੀਗੜ ਜਾਕੇ ਪਤਾ ਕੀਤਾ ਸੀ, ਟੀ. ਏ. ਲਈ ਦੋ ਹਾਜ਼ਰ ਉਮੀਦਵਾਰ ਸੀ, ਜਦੋਂ ਕਿ ਏ. ਜੀ. ਖਾਤਰ ਪੰਜ ਹਜ਼ਾਰ ਮੁੰਡਿਆਂ ਨੇ ਫਾਰਮ ਭਰੇ ਸਨ। ਰਾਜਕੁਮਾਰ ਨੇ ਬੰਦਾ ਲੱਭ ਲਿਆ। ਟੀ. ਏ. ਲਈ ਉਹਨਾਂ ਨੂੰ ਥੋੜਾ ਹੀ ਦੇਣਾ ਪਿਆ, ਜਦੋਂ ਕਿ ਏ. ਜੀ. ਲਈ ਤਾਂ ਬਹੁਤ ਉੱਚੀ ਰਕਮ ਸੀ। ਐਨਾ ਤਾਂ ਗੇਬੂ-ਧੰਨੇ ਹੋਰੀ ਦੇ ਵੀ ਨਹੀਂ ਸਕਦੇ ਸਨ। ਇੰਟਰਵਿਊ ਚੰਡੀਗੜ੍ਹ ਹੋਈ ਅਤੇ ਕਿਰਪਾਲ ਨੂੰ ਟੈਕਨੀਕਲ ਐਸਿਸਟੈਂਟ ਵਜੋਂ ਨਿਯੁਕਤੀ ਪੱਤਰ ਮਿਲ ਗਿਆ।

''ਇਹ ਕਿਹੜਾ ਮਹਿਕਮਾ ਹੋਇਆ ਬਈ?'' ਵਿਹੜੇ ਵਿਚ ਗੱਲਾਂ ਹੁੰਦੀਆਂ।

''ਓਏ, ਮਹਿਕਮੇ ਦਾ ਨਾਉਂ ਤਾਂ ਕਸੂਤਾ ਜ੍ਹਾ ਐ ਕੋਈ। ਪਰ ਐਂ ਸੁਣਿਐ, ਬਈ ਘੁੱਕਰ ਦਾ ਮੁੰਡਾ ਮੰਡੀਆਂ ਤੇ ਜਾਕੇ ਕਣਕ ਖਰੀਦਿਆ ਕਰੂਗਾ।'' ਕੋਈ ਬਹੁਤਾ ਸਿਆਣਾ ਦੱਸਣ ਲਗਦਾ।

''ਇਹ ਕਣਕ ਖਰੀਦਣ ਦਾ ਕੰਮ ਤਾਂ ਆੜ੍ਹਤੀਆਂ ਦਾ ਐ, ਬਾਣੀਏ-ਬਕਾਲਾਂ ਦਾ। ਕਿਰਪਾਲ ਕਿਤੇ ਬਾਣੀਆਂ ਦੇ ਨੌਕਰ ਤਾਂ ਨ੍ਹੀ ਹੋਗਿਆ?'' ਸ਼ਰੀਕ ਮਖੌਲ ਉਡਾਉਣ ਲੱਗਦੇ।

''ਓਏ, ਨਹੀਂ ਭਾਈ। ਇਹ ਬਹੁਤ ਵੱਡਾ ਮਹਿਕਮਾ ਐ। ਸ਼ਹਿਰਾਂ 'ਚ ਗੁਦਾਮ ਨ੍ਹੀ ਦੇਖੇ, ਕਣਕਾਂ-ਜੀਰੀਆਂ ਦੇ। ਇਹ ਸਭ ਏਸੇ ਮਹਿਕਮੇ ਦੇ ਨੇ। ਇਹ ਮਹਿਕਮਾ ਆੜ੍ਹਤੀਆਂ ਦੇ ਮੂਹਰੇ ਹੋ ਕੇ ਕਣਕ-ਜੀਰੀ ਖਰੀਦਦਾ ਐ। ਇਹ ਕੋਈ ਛੋਟਾ ਕੰਮ ਨੀ। ਕਿਰਪਾਲ ਦੀ ਇਹ ਵਧੀਆ ਨੌਕਰੀ ਐ, ਸਰਕਾਰੀ ਨੌਕਰੀ ਐ। ਪੂਰੀ ਤਨਖਾਹ ਐ ਇਹਦੇ 'ਚ।'' ਕੋਈ ਭੇਤੀ ਬੰਦਾ ਅਤੇ ਉਹਨਾਂ ਦਾ ਪੱਖੀ ਮਾਣ ਨਾਲ ਦਸਦਾ।

''ਇਹ ਕੀ ਕੰਮ ਹੋਇਆ। ਚੌਦਾਂ ਪਾਸ ਸੀ ਤਾਂ ਕੋਈ ਪਟਵਾਰੀ-ਕਾਨੂੰਗੋ ਲਗਦਾ। ਜੱਟਾਂ ਨੂੰ ਲੁੱਟ-ਲੁੱਟ ਖਾਂਦਾ।''

''ਪਟਵਾਰੀ-ਕਾਨੂੰਗੋ ਕੀਹ ਨੇ ਹੁਣ ਕਿਰਪਾਲ ਸਾਮ੍ਹਣੇ। ਤੂੰ ਦੇਖੀਂ ਸਈ ਮੁੰਡੇ ਦੇ ਰੰਗ।''

ਕਿਰਪਾਲ ਦੀ ਪਹਿਲੀ ਪੋਸਟਿੰਗ ਸਬੱਬ ਨਾਲ ਆਲਾ ਸਿੰਘ ਵਾਲੇ ਦੀ ਹੀ ਹੋਈ ਸੀ। ਓਥੇ ਐਫ. ਸੀ. ਆਈ. ਦੀਆਂ ਨੌ ਯੂਨਿਟਾਂ ਸਨ। ਹਰ ਯੂਨਿਟ ਵਿਚ ਕਈ-ਕਈ ਟੀ. ਏ. ਅਤੇ ਏ. ਜੀ. ਸਨ। ਹੁਣ ਇਕ ਯੂਨਿਟ ਵਿਚ ਜਿਹੜੀ ਲੁਧਿਆਣਾ ਰੋਡ ਉੱਤੇ ਸੀ, ਕਿਰਪਾਲ ਟੀ. ਏ. (ਤਿੰਨ) ਸੀ। ਉਹ ਹਰ ਰੋਜ਼ ਪਿੰਡੋਂ ਸਾਈਕਲ ਉੱਤੇ ਜਾਂਦਾ। ਬੱਸ ਉੱਤੇ ਜਾਣਾ ਠੀਕ ਨਹੀਂ ਸੀ, ਕਿਉਂਕਿ ਸ਼ਹਿਰ ਦੇ ਬੱਸ-ਸਟੈਂਡ ਤੇ ਜਾਕੇ ਅੱਗੋਂ ਰਿਕਸ਼ਾ

Scanned by CamScanner

ਲੈਣੀ ਪੈਂਦੀ। ਪੈਰੀਂ ਤੁਰਕੇ ਜਾਣਾ ਔਖਾ ਸੀ। ਬੱਸ-ਸਟੈਂਡ ਤੋਂ ਉਹਨਾਂ ਦੀ ਯੂਨਿਟ ਤਿੰਨ ਕਿਲੋਮੀਟਰ ਦੂਰ ਸੀ। ਪਹਿਲੇ ਮਹੀਨੇ ਹੀ ਪਹਿਲਾਂ ਲੱਗੇ ਮੁੰਡਿਆਂ ਤੋਂ ਗੱਲਾਂ ਸੁਣ-ਸੁਣ ਉਹਨੂੰ ਆਪਣੇ ਮਹਿਕਮੇ ਬਾਰੇ ਖਾਸਾ ਚਾਨਣ ਹੋ ਗਿਆ।

ਪਹਿਲੀ ਤਨਖਾਹ ਮਿਲੀ ਤਾਂ ਕਿਰਪਾਲ ਨੇ ਪਿੰਡ ਆਕੇ ਸਾਰੇ ਦੇ ਸਾਰੇ ਨੋਟ ਵੱਡੀ ਭਰਜਾਈ ਦੇ ਚਰਨਾਂ ਵਿਚ ਰੱਖ ਦਿੱਤੇ। ਮੱਥਾ ਟੇਕਿਆ, ''ਭਾਬੀ! ਜੋ ਕੁਸ ਅੱਜ ਮੈਂ ਹਾਂ, ਇਹ ਤੇਰੇ ਕਰਕੇ ਆਂ। ਤੂੰ ਮੈਨੂੰ ਮਾਂ ਵਰਗਾ ਪਿਆਰ ਦਿੱਤਾ।''

ਛੋਟੀ ਭਰਜਾਈ ਕੋਲ ਖੜ੍ਹੀ ਮੁਸਕਰਾ ਰਹੀ ਸੀ। ਉਹਨੂੰ ਇਸ ਗੱਲ ਦਾ ਕੋਈ ਗਿਲਾ ਨਹੀਂ ਸੀ ਕਿ ਕਿਰਪਾਲ ਨੇ ਉਹਨੂੰ ਪਹਿਲੀ ਤਨਖਾਹ ਕਿਉਂ ਨਹੀਂ ਫੜਾਈ। ਉਹ ਜਠਾਣੀ ਦੀ ਇੱਜ਼ਤ ਕਰਦੀ ਅਤੇ ਉਹਨੂੰ ਸੱਸਾਂ ਸਮਾਨ ਸਮਝਦੀ। ਵੱਡੀ ਭਰਜਾਈ ਨੇ ਨੋਟ ਚੁੱਕ ਕੇ ਕਿਰਪਾਲ ਦੀ ਜੇਬ ਵਿਚ ਪਾ ਦਿੱਤੇ। ਆਖਿਆ, ''ਪਾਲਿਆ, ਇਹ ਤੇਰੀ ਮਿਹਨਤ ਐ ਭਾਈ। ਸਾਨੂੰ ਤਾਂ ਤੇਰਾ ਊਈਂ ਚਾਅ ਨ੍ਹੀ ਚੱਕਿਆ ਜਾਂਦਾ।''

ਫੇਰ ਵੀ ਉਹਨੇ ਅੱਧੀ ਤਨਖਾਹ ਦੋਵੇਂ ਭਰਾਵਾਂ ਦੇ ਮੁੰਡੇ-ਕੁੜੀਆਂ ਵਿਚ ਵੰਡ ਦਿੱਤੀ। ਦੋਵੇਂ ਭਰਜਾਈਆਂ ਨੂੰ ਪੰਜ-ਪੰਜ ਸੌ ਰੁਪਿਆ ਸੂਟ ਲਿਆਉਣ ਲਈ ਦਿੱਤਾ। ਦੋਵੇਂ ਭਰਾ ਆਥਣ ਨੂੰ ਠੇਕੇ ਦੀ ਬੋਤਲ ਖੋਲ੍ਹਕੇ ਬੈਠ ਗਏ। ਉਹ ਬੱਸ-ਅੱਡੇ ਤੋਂ ਬੱਕਰੇ ਦਾ ਮੀਟ ਵੀ ਲੈ ਆਏ ਸਨ। ਧੰਨਾ ਆਖ ਰਿਹਾ ਸੀ, ''ਆਪਣੀ ਤਾਂ ਸਦੀ ਪਲਟ 'ਗੀ ਜਾਰ, ਛੋਟਾ ਭਾਈ ਅਫਸਰ ਬਣਿਐ। ਅੱਜ ਪੂਰਾ ਸ਼ੁਗਲ ਕਰਾਂਗੇ। ਜੱਟ ਸੌ-ਸੌ ਟਸਣ ਕਰਦੇ ਐ। ਆਪਾਂ ਨੂੰ ਚਮਿਆਰਾਂ ਦੀ ਜਾਤ ਕਰਕੇ ਮਾਰਨਾ ਤਾਂ ਨ੍ਹੀ। ਆਪਣਾ ਕੀ ਰੱਬ ਵੇਚਿਆ ਹੋਇਐ।''

ਦੋ-ਦੋ ਪੈੱਗ ਲੈ ਕੇ ਗੇਬੂ ਨੇ ਕੋਲ ਬੈਠੇ ਕਿਰਪਾਲ ਨੂੰ ਵੀ ਦਾਰੂ ਪਾ ਦਿੱਤੀ। ਕਹਿੰਦਾ, ''ਅੱਜ ਤਾਂ ਪਾਲਿਆ ਤੇਰਾ ਪੀਣ ਦਾ ਵੀ ਹੱਕ ਐ। ਪੀ ਜਾ, ਮੂੰਹ ਨੂੰ ਲਾਕੇ।''

ਉਹ ਕਹਿੰਦਾ, ''ਨਾ, ਇਹ ਕੰਮ ਨ੍ਹੀ ਕਰਨਾ। ਦਾਰੂ ਥੋਨੂੰ ਈ ਬਖਸ਼ੀ, ਵੱਡਿਆਂ ਨੂੰ।''

ਕਿਰਪਾਲ ਮੀਟ ਖਾ ਲੈਂਦਾ, ਪਰ ਦਾਰੂ ਨਹੀਂ ਪੀਂਦਾ ਸੀ। ਉਹਨੇ ਪਹਿਲਾਂ ਵੀ ਕਦੇ ਦਾਰੂ ਨਹੀਂ ਪੀਤੀ ਸੀ। ਇਹ ਨਿਯਮ ਜਿਹਾ ਉਹਨੇ ਪਤਾ ਨਹੀਂ ਕਿਉਂ ਅਤੇ ਕਦੋਂ ਪਾ ਦਿੱਤਾ ਸੀ।

ਦੋ ਕੁ ਮਹੀਨਿਆਂ ਬਾਅਦ ਹੀ ਕਣਕ ਦਾ ਸੀਜ਼ਨ ਆ ਗਿਆ। ਮੰਡੀਆਂ ਵਿਚ ਖਰੀਦਦਾਰੀ ਹੋਣ ਲੱਗੀ। ਖਰੀਦਦਾਰੀ ਵਿਚ ਕਿਰਪਾਲ ਦੀ ਡਿਊਟੀ ਵੀ ਲੱਗ ਗਈ। ਇਲਾਕੇ ਦੀਆਂ ਮੰਡੀਆਂ ਵਿਚੋਂ ਸਿਰਫ ਐਫ. ਸੀ. ਆਈ. ਵਾਲੇ ਹੀ ਕਣਕ ਨਹੀਂ ਖਰੀਦ ਰਹੇ ਸਨ, ਹੋਰ ਸਰਕਾਰੀ ਏਜੰਸੀਆਂ ਵੀ ਸਨ- ਮਾਰਕਫੈੱਡ, ਪਨਸੱਪ, ਪੰਜਾਬ

Scanned by CamScanner

ਐਗਰੋ ਅਤੇ ਫੂਡ ਸਪਲਾਈ ਆਦਿ।

ਕਣਕ ਦੇ ਸੀਜ਼ਨ ਵਿਚੋਂ ਹੀ ਉਹਨੂੰ ਖਾਸਾ ਲਾਭ ਹੋਇਆ ਸੀ। ਆੜ੍ਹਤੀਏ ਘਰ ਬੈਠਿਆਂ ਹੀ ਉਹਨੂੰ ਉਹਦਾ ਹਿਸਾ ਦੇ ਗਏ ਸਨ। ਉਹਨੇ ਇਹ ਗੱਲਾਂ ਆਪਣੇ ਸਾਥੀ ਮੁੰਡਿਆਂ ਤੋਂ ਸੁਣੀਆਂ ਤਾਂ ਸਨ, ਪਰ ਫੇਰ ਆਪਣੇ ਨਾਲ ਪ੍ਰਤੱਖ ਹੋ ਗਈਆਂ। ਕੋਲ ਪੈਸਾ ਆਉਣ ਕਰਕੇ ਉਹਦੇ ਅੰਗ ਥਿਰਕਣ ਲੱਗੇ, ਪੈਰਾਂ ਵਿਚ ਚੁਸਤੀ ਆ ਗਈ। ਖਰੀਦ-ਕੇਂਦਰਾਂ ਦਾ ਕੰਮ ਮੁੱਕੇ ਤੋਂ ਕਿਰਪਾਲ ਨੇ ਚੇਤਕ ਬਜਾਜ ਸਕੂਟਰ ਲੈ ਲਿਆ ਅਤੇ ਬੜੀ ਟੌਹਰ ਨਾਲ ਸ਼ਹਿਰ ਜਾਂਦਾ। ਵਿਹੜੇ ਵਾਲੇ ਉਹਨੂੰ ਤੜਕੇ ਜਾਂਦੇ ਨੂੰ ਦੇਖਦੇ ਅਤੇ ਫੇਰ ਆਥਣ ਨੂੰ ਵਿਹੜੇ ਵੜਦੇ ਨੂੰ ਦੇਖਦੇ। ਹਥਾਈ ਦੇ ਬਾਰ ਮੂਹਰੇ ਬੈਠੇ ਬੁੜ੍ਹੇ ਉਹਦੀਆਂ ਗੱਲਾਂ ਕਰਨ ਲਗਦੇ।

''ਮੁੰਡੇ ਦੀਆਂ ਜਮਾਤਾਂ ਰਾਸ ਆ ਗੀਆਂ ਬਈ। ਨੇਕ ਨਿੱਕਲਿਆ, ਘੁੱਕਰ ਦਾ ਪੁੱਤ।''

''ਓਏ ਭਾਈ, ਸਾਰੇ ਕਰਮਾਂ ਦੇ ਕੜਛੇ ਐ। ਇਹਦੇ ਨਾਲ ਦੇ ਓਹੀ ਜੁੱਤੀਆਂ ਸਿਉਂਦੇ ਐ ਜਾਂ ਜੱਟਾਂ ਦੇ ਖੇਤੀਂ ਕੰਮ ਕਰਦੇ ਐ।''

''ਭਾਈ ਮੁੰਡੇ ਨੇ ਤਪ ਵੀ ਬਹੁਤ ਕੀਤਾ। ਜਦੋਂ ਦੇਖੋ ਦਰਵਾਜੇ 'ਚ ਕਤਾਬ ਫੜੀਂ ਬੈਠਾ ਹੁੰਦਾ। ਚੌਦਾਂ-ਪੰਦਰਾਂ ਸਾਲ ਕਤਾਬਾਂ ਈ ਪੜ੍ਹੀ ਗਿਆ। ਫਕੀਰੀ ਹੰਢਾਈ ਮੁੰਡੇ ਨੇ। ਫੇਰ ਕਿਤੇ ਜਾਕੇ ਫਲ ਮਿਲਿਐ ਇਹਨੂੰ।''

''ਮੁੰਡੇ ਤਾਂ ਵਿਹੜੇ ਦੇ ਹੋਰ ਵੀ ਪੜ੍ਹੀਂ ਜਾਂਦੇ ਐ। ਇਹਨਾਂ ਨੂੰ ਵੀ ਜੇ ਨੌਕਰੀਆਂ ਮਿਲ ਜਾਣ ਤਾ ਚਮਿਆਰਾਂ ਦੀ ਕਾਇਆ ਕਿਹੜਾ ਨਾ ਪਲਟ ਜੇ।''

''ਹੁਣ ਸਾਰੇ ਘਰਾਂ ਨੂੰ ਕਿੱਤੇ ਬਦਲਣੇ ਪੈਣਗੇ। ਧੰਨਾ ਤੇ ਗੋਬੂ ਜੱਟਾਂ ਦੇ ਜੂਲੇ ਥੱਲਿਓਂ ਨਿੱਕਲਗੇ, ਦੇਖ ਲੈ, ਐਸ਼ਾਂ ਕਰਦੇ ਐ।''

''ਇਹੀ ਤਾਂ ਹੈ। ਜਿੰਨਾ ਚਿਰ ਅਸੀਂ ਜੱਟਾਂ ਦੇ ਥੱਲੇ ਲੱਗੇ ਰਹਾਂਗੇ, ਉਗਸ ਨ੍ਹੀ ਸਕਦੇ। ਜੱਟ ਚੰਮ ਲਾਹੁੰਦੇ ਐ ਆਪਣਾ।''

''ਪਹਿਲਾਂ ਦੇਖ ਲੈ, ਆਪਣੀ ਉਮਰ ਦੇ ਸਾਰੇ ਆਪਾਂ ਇਹਨਾਂ ਦੀ ਵਗਾਰ ਕਰਦੇ ਰਹੇ ਆਂ। ਕੀ ਇਕ ਰੋਟੀ ਦੀ ਬੁਰਕੀ ਪਿੱਛੇ?''

''ਓਏ ਭਾਈ, ਹੁਣ ਉਹ ਜੁੱਗ ਨ੍ਹੀ ਰਿਹਾ। ਚਮਿਆਰਾਂ ਦੇ ਮੁੰਡੇ, ਚਾਹੇ ਕੋਈ ਪੜ੍ਹ ਗਿਆ, ਚਾਹੇ ਅਣਪੜ੍ਹ ਐ, ਆਪਣੀ ਕਾਰ ਕਰਕੇ ਖਾਂਦੇ ਐ। ਕਿਸੇ ਦੇ ਸੌ ਨ੍ਹੀ ਮਾਰਦੇ ਜੁੱਤੀ।''

Scanned by CamScanner

27

ਪੰਜ-ਸੱਤ ਸਾਲਾਂ ਦੇ ਅੰਦਰ-ਅੰਦਰ ਹੀ ਕਿਰਪਾਲ ਨੇ ਆਲਾ ਸਿੰਘ ਵਾਲੇ ਐਨ ਸੜਕ ਉੱਤੇ ਪੰਜ ਵਿਸਵੇ ਦਾ ਇਕ ਪਲਾਟ ਮੁੱਲ ਲੈਕੇ ਵਧੀਆ ਮਕਾਨ ਬਣਾ ਲਿਆ। ਮਕਾਨ ਵਿਚ ਸਾਰੀਆਂ ਸ਼ਹਿਰੀ ਸਹੂਲਤਾਂ ਸਨ। ਮਹਿਕਮੇ ਵਿਚ ਭਰਤੀ ਹੋਣ ਤੋਂ ਦੂਜੇ ਸਾਲ ਹੀ ਉਹਨੂੰ ਚੰਗੀ ਕੁੜੀ ਮਿਲ ਗਈ। ਕੁੜੀ ਬੀ. ਏ., ਜੇ. ਬੀ. ਟੀ. ਸੀ। ਪੱਕੀ ਸਰਕਾਰੀ ਟੀਚਰ। ਉਹ ਨੇੜੇ ਦੇ ਹੀ ਇਕ ਪਿੰਡ ਵਿਚ ਪੜ੍ਹਾਉਣ ਜਾਂਦੀ। ਕਿਰਪਾਲ ਤੋਂ ਚਾਹੇ ਇਕ ਸਾਲ ਵੱਡੀ ਸੀ ਪਰ ਉਹ ਹਾਣ ਪ੍ਰਵਾਣ ਜਿਹੇ ਹੀ ਲਗਦੇ। ਕਿਸੇ ਕਾਂਗਰਸੀ ਲੀਡਰ ਦੀ ਕੁੜੀ ਸੀ।

ਕਿਰਪਾਲ ਨੇ ਦੋਵੇਂ ਭਰਾਵਾਂ ਉੱਤੇ ਪਰਉਪਕਾਰ ਕੀਤਾ ਕਿ ਉਹਨਾਂ ਦੀ ਇਕ-ਇਕ ਕੁੜੀ ਆਲਾ ਸਿੰਘ ਵਾਲੇ ਕਾਲਜ ਵਿਚ ਪੜ੍ਹਾ ਦਿੱਤੀ। ਦੋਵੇਂ ਕੁੜੀਆਂ ਨੇ ਬੀ. ਏ. ਕੀਤੀ। ਬੀ. ਏ. ਤੋਂ ਬਾਅਦ ਦੋਵਾਂ ਨੂੰ ਬੀ. ਐਡ. ਵਿਚ ਦਾਖਲਾ ਮਿਲ ਗਿਆ।

ਕਿਰਪਾਲ ਦੇ ਇਕ ਮੁੰਡਾ ਸੀ ਅਤੇ ਉਸ ਤੋਂ ਵੱਡੀ ਕੁੜੀ, ਜੋ ਸ਼ਹਿਰ ਦੇ ਮਹਿੰਗੇ ਪਬਲਿਕ ਸਕੂਲ ਵਿਚ ਪੜ੍ਹਦੇ ਸਨ। ਸ਼ਹਿਰ ਦੀਆਂ ਬੈਂਕਾਂ ਵਿਚ ਉਹਦਾ ਪੈਸਾ ਸੀ। ਆੜ੍ਹਤੀਏ ਕੋਲ ਕਾਲਾ ਧਨ ਸੀ, ਵਿਆਜੂ ਫੜਾਇਆ ਹੋਇਆ।

ਉਹਨੂੰ ਐਨਾ ਗੁਮਾਨ ਪੈਸੇ ਦਾ ਨਹੀਂ ਸੀ, ਜਿੰਨਾ ਮਾਣ ਇਸ ਗੱਲ ਦਾ ਕਿ ਮੰਡੀ ਵੇਲੇ ਪਿੰਡਾਂ ਦੇ ਜੱਟ ਜ਼ੀਮੀਂਦਾਰ ਫਸਲ ਲੈ ਕੇ ਆਏ, ਉਹਨੂੰ ਸਲਾਮਾਂ ਬੁਲਾਉਂਦੇ। ਪਰ ਸਰਦਾਰ ਗੜ੍ਹ ਦੇ ਜੱਟ ਉਹਨੂੰ ਸਤਿ ਸ੍ਰੀ ਅਕਾਲ ਨਹੀਂ ਆਖਦੇ ਸਨ। ਐਨਾ ਹੀ ਕਹਿੰਦੇ, ''ਸੁਣਾ ਬਈ ਕਿਰਪਾਲ ਸਿਆਂ!'' ਉਹਦੇ ਲਈ ਇਹੀ ਬਹੁਤ ਸੀ।

28

ਜੈਕੁਰ ਤਖਾਣੀ ਦੇ ਦੋਵੇਂ ਮੁੰਡੇ ਚੰਦ ਅਤੇ ਹਰੀ ਪੰਜ-ਪੰਜ, ਸੱਤ-ਸੱਤ ਜਮਾਤਾਂ ਪੜ੍ਹਕੇ ਆਪਣੇ ਹੀ ਪਿਤਾ-ਪੁਰਖੀ ਤਖਾਣੇ ਕੰਮ ਵਿਚ ਲੱਗ ਗਏ ਸਨ। ਉਹ ਲੱਕੜ ਦਾ ਕੰਮ ਕਰਦੇ ਅਤੇ ਲੋਹੇ ਦਾ ਵੀ। ਉਹਨਾਂ ਦਾ ਪਿਓ ਕੁੰਢਾ ਸਿੰਘ ਬਹੁਤ ਵਰ੍ਹੇ ਪਹਿਲਾਂ ਮਰ ਗਿਆ ਸੀ। ਉਹਨੂੰ ਤਪਦਿਕ ਦਾ ਰੋਗ ਸੀ। ਪਹਿਲਾਂ ਕੰਮ ਛੱਡਿਆ, ਫੇਰ ਮੰਜੇ ਵਿਚ ਪੈ ਕੇ

Scanned by CamScanner

ਰੱਬ ਨੂੰ ਪਿਆਰਾ ਹੋ ਗਿਆ। ਉਹ ਜਿਉਂਦਾ ਰਹਿੰਦਾ ਅਤੇ ਉਹਨੂੰ ਇਹ ਰੋਗ ਨਾ ਹੁੰਦਾ ਤਾਂ ਉਹ ਵੀ ਆਪਣੇ ਮੁੰਡਿਆਂ ਨੂੰ ਪੜ੍ਹਾਕੇ ਸਰਕਾਰੀ ਨੌਕਰੀਆਂ ਦੇ ਸਿਰੇ ਕਰ ਦਿੰਦਾ। ਜੈਕੁਰ ਵਿਚਾਰੀ ਸਿਰੋਂ ਨੰਗੀ ਕੀ ਕਰਦੀ। ਉਹ ਜੱਟਾਂ ਦੇ ਘਰਾਂ ਦੀ ਆਝੀ ਹੋ ਕੇ ਰਹਿ ਗਈ। ਮੁੰਡਿਆਂ ਨੂੰ ਆਖਰ ਜੱਟਾਂ ਦੇ ਕੰਮ ਹੀ ਕਰਨੇ ਪਏ। ਪਹਿਲਾਂ ਪਿਓ ਸੇਪੀ ਕਰਦਾ ਸੀ, ਫੇਰ ਮੁੰਡੇ ਸੇਪੀ ਕਰਨ ਲੱਗੇ। ਅਜਿਹਾ ਕਰੇ ਬਗੈਰ ਗੁਜ਼ਾਰਾ ਨਹੀਂ ਸੀ।

ਸੇਪੀ ਦਾ ਕੰਮ ਹੋਰ ਜਾਤਾਂ ਛੱਡਦੀਆਂ ਜਾ ਰਹੀਆਂ ਸਨ। ਚੰਦ ਅਤੇ ਹਰੀ ਨੇ ਵੀ ਇਹ ਕੰਮ ਛੱਡ ਦਿੱਤਾ। ਹੁਣ ਕੌਣ ਪਸ਼ੂਆਂ ਦੇ ਕੀਲੇ ਘੜਵਾਉਂਦਾ ਸੀ ਜਾਂ ਮੰਜਿਆਂ ਦੇ ਪਾਵੇ ਠੁਕਵਾਉਂਦਾ ਅਤੇ ਕੌਣ ਹਲਾਂ ਦੀਆਂ ਚਉਆਂ ਡੰਗਵਾਉਂਦਾ ਸੀ ਜਾਂ ਦਾਤੀਆਂ ਦੇ ਦੰਦੇ ਕਢਵਾਉਂਦਾ, ਕਹੀਆਂ ਅਤੇ ਖੁਰਪੇ ਚੰਡਵਾਉਂਦਾ। ਖੇਤੀ ਦੇ ਸੰਦ ਬਦਲ ਗਏ ਸਨ ਅਤੇ ਨਾਲ ਹੀ ਬਦਲ ਗਏ ਬੰਦਿਆਂ ਦੇ ਕੰਮ ਤੇ ਸੁਭਾਅ।

ਚੰਦ ਅਤੇ ਹਰੀ ਪਿੰਡ ਵਿਚ ਦਿਹਾੜੀਆਂ ਕਰਨ ਲੱਗੇ। ਉਹ ਮਕਾਨਾਂ ਦੀ ਉਸਾਰੀ ਕਰਦੇ, ਲੱਕੜ ਦਾ ਕੰਮ ਚੁਗਾਠਾਂ-ਤਖਤੇ ਅਤੇ ਖਿੜਕੀਆਂ- ਅਲਮਾਰੀਆਂ ਵੀ ਬਣਾਉਂਦੇ। ਲੋਹੇ ਦੀਆਂ ਸਭ ਚੀਜ਼ਾਂ ਹੁਣ ਸ਼ਹਿਰੋਂ ਮਿਲ ਜਾਂਦੀਆਂ ਸਨ। ਫੇਰ ਵੀ ਉਹ ਲੋਹੇ ਦਾ ਨਿੱਕਾ-ਮੋਟਾ ਕੰਮ ਕਰਦੇ ਰਹਿੰਦੇ। ਅਹਿਰਨ ਦਾ ਕੰਮ ਹੁਣ ਪਿੰਡਾਂ ਵਿਚ ਨਹੀਂ ਹੁੰਦਾ ਸੀ।

ਚੰਦ ਵੱਡਾ ਸੀ ਅਤੇ ਅਠਾਈ ਸਾਲ ਦਾ ਹੋ ਚੁੱਕਿਆ ਸੀ। ਹਰੀ ਪੱਚੀ-ਛੱਬੀ ਸਾਲ ਦਾ ਸੀ। ਦੋਵਾਂ ਦੇ ਵਿਆਹ ਨਹੀਂ ਹੋਏ ਸਨ। ਦੋਵਾਂ ਦੀ ਕਮਾਈ ਗੁਜ਼ਾਰੇ ਜੋਗੀ ਸੀ। ਘਰ ਦਾ ਖਰਚ ਵੀ ਐਨਾ ਕੋਈ ਖਾਸ ਨਹੀਂ ਸੀ। ਜੈਕੁਰ ਨੇ ਸਾਕ-ਸਕੀਰੀਆਂ ਵਿਚ ਸਭ ਨੂੰ ਆਖਿਆ ਹੋਇਆ ਸੀ ਕਿ ਉਹਦੇ ਮੁੰਡਿਆਂ ਨੂੰ ਰਿਸ਼ਤਾ ਲਿਆਕੇ ਦਿਓ। ਗੱਲ ਉਠਦੀ, ਫੇਰ ਮੱਧਮ ਪੈ ਜਾਂਦੀ। ਅਖੀਰ ਸੰਜੋਗਾਂ ਦੀ ਗੱਲ ਸੀ, ਉਹ ਦੋਵੇਂ ਵਿਆਹੇ ਗਏ। ਕਿਸਮਤ ਦੀ ਗੱਲ, ਬਹੂਆਂ ਪਰੀਆਂ ਵਰਗੀਆਂ ਆਈਆਂ। ਇਕੋ ਘਰ ਦੀਆਂ ਧੀਆਂ ਸਨ। ਤਖਾਣ ਦੇ ਮੁੰਡਾ ਕੋਈ ਨਹੀਂ ਸੀ, ਇਹ ਦੋ ਕੁੜੀਆਂ ਹੀ ਕੁੜੀਆਂ ਸਨ। ਦਾਜ-ਦਹੇਜ ਕੋਈ ਨਹੀਂ ਦਿੱਤਾ। ਜੈਕੁਰ ਨੇ ਬਰਾਤ ਵੀ ਕੋਈ ਖਾਸ ਨਹੀਂ ਭੇਜੀ ਸੀ। ਇਕੋ ਦਿਨ ਦਾ ਵਿਆਹ। ਮੁੰਡੇ ਗਏ ਅਤੇ ਅਨੰਦ-ਕਾਰਜ ਕਰਵਾਕੇ ਬਹੂਆਂ ਲੈ ਆਏ। ਜੈਕੁਰ ਨੂੰ ਰੋਟੀ ਸੁਆਦ ਲੱਗਣ ਲੱਗੀ।

ਚੰਦ ਮੁਕਾਨ-ਉਸਾਰੀ ਵਿਚ ਚੰਗਾ ਮਿਸਤਰੀ ਸੀ ਅਤੇ ਹਰੀ ਲਕੱੜ ਦਾ ਕੰਮ ਦਿਲਚਸਪੀ ਨਾਲ ਕਰਦਾ। ਦੋਵਾਂ ਨੇ ਪਿੰਡ ਦੀਆਂ ਦਿਹਾੜੀਆਂ ਛੱਡ ਦਿੱਤੀਆਂ ਅਤੇ ਸ਼ਹਿਰ ਜਾਣ ਲੱਗੇ। ਦੋਵਾਂ ਦੇ ਆਪਣੇ-ਆਪਣੇ ਸਾਈਕਲ ਸਨ।

ਚੰਦ ਤੜਕੇ ਹੀ ਆਲਾ ਸਿੰਘ ਵਾਲੇ ਜਾ ਕੇ ਇਕ ਲੇਬਰ-ਚੌਕ ਵਿਚ ਖੜ੍ਹਾ ਹੋ

Scanned by CamScanner

ਜਾਂਦਾ। ਕੁਲ ਮਿਸਤਰੀ ਅਤੇ ਮਜ਼ਦੂਰ ਉਹਦੇ ਸਿਆਣੂ ਹੋ ਚੁੱਕੇ ਸਨ। ਉਹਨਾਂ ਕਰਕੇ ਸ਼ਹਿਰ ਦੇ ਲੋਕਾਂ ਨਾਲ ਚੰਦ ਦੀ ਵਾਕਫੀ ਹੋ ਗਈ। ਲੋਕ ਉਹਨੂੰ ਕੰਮ ਤੇ ਲੈ ਜਾਂਦੇ ਸਨ। ਕਦੇ ਦੋ ਚਾਰ ਦਿਨਾਂ ਲਈ ਅਤੇ ਕਦੇ-ਕਦੇ ਹਫਤਾ-ਦਸ ਦਿਨ ਜਾਂ ਪੰਦਰਾਂ-ਵੀਹ ਦਿਨ ਇਕੱਠੇ ਵੀ ਉਹ ਲਾ ਲੈਂਦਾ ਸੀ। ਇਕੋ ਕੰਮ ਤੇ ਜਾਣਾ ਹੁੰਦਾ ਤਾਂ ਉਹ ਲੇਬਰ-ਚੌਕ ਵਿਚ ਫੇਰ ਵੀ ਜਾਂਦਾ। ਇਹ ਬੱਸ ਅਮਲ ਜਿਹਾ ਮਿਸਤਰੀਆਂ ਅਤੇ ਮਜ਼ਦੂਰਾਂ ਨੂੰ ਪਿਆ ਹੋਇਆ ਹੀ ਕਿ ਉਹ ਪਿੰਡਾਂ ਤੋਂ ਆਕੇ ਇਕ ਵਾਰ ਲੇਬਰ-ਚੌਕ ਜ਼ਰੂਰ ਜਾਂਦੇ।

ਹਰੀ ਲੇਬਰ-ਚੌਕ ਨਹੀਂ ਗਿਆ, ਕਦੇ ਵੀ ਨਹੀਂ ਗਿਆ। ਮੰਦਰ ਰੋਡ ਉੱਤੇ ਲੱਕੜ ਦੇ ਕੰਮ ਦੀਆਂ ਤਿੰਨ ਦੁਕਾਨਾਂ ਸਨ। ਇਥੇ ਸਾਈ ਉੱਤੇ ਚਗਾਠਾਂ, ਦਰਵਾਜ਼ੇ, ਖਿੜਕੀਆਂ, ਵਿੰਡੋ, ਛੋਟੇ ਮੇਜ਼, ਅਲਮਾਰੀਆਂ ਅਤੇ ਰੈਕ ਆਦਿ ਤਿਆਰ ਹੁੰਦੇ। ਇਕ ਦੁਕਾਨ ਕਰਮਗੜ੍ਹ ਵਾਲੇ ਮਿਸਤਰੀਆਂ ਦੀ ਸੀ। ਉਹ ਕੰਮ ਦੇ ਪੂਰੇ ਮਾਹਰ ਸਨ। ਕੋਈ ਦਸ ਮੁੰਡੇ ਉਸ ਦੁਕਾਨ ਤੇ ਕੰਮ ਕਰਦੇ। ਵੱਡਾ ਮਿਸਤਰੀ ਤਾਰਾ ਸਿੰਘ ਉਹਨਾਂ ਮੁੰਡਿਆਂ ਨੂੰ ਤਨਖਾਹ ਦਿੰਦਾ ਸੀ। ਸਵੇਰ ਤੋਂ ਸ਼ਾਮ ਤੱਕ ਆਪਣੀ ਨਿਗਰਾਨੀ ਥੱਲੇ ਉਹਨਾਂ ਤੋਂ ਕੰਮ ਕਰਵਾਉਂਦਾ। ਇਹ ਮੁੰਡੇ ਕੰਮ ਕਰਦੇ ਅਤੇ ਕੰਮ ਸਿਖਦੇ ਵੀ।

ਕਰਮਗੜ੍ਹ ਇਹਨਾਂ ਮਿਸਤਰੀਆਂ ਦੇ ਪਰਵਾਰ ਵਿਚ ਹਰੀ ਦੇ ਬਾਪ ਕੁੰਢਾ ਸਿੰਘ ਦੀ ਭੂਆ ਦੀ ਧੀ ਵਿਆਹੀ ਹੋਈ ਸੀ। ਰਿਸ਼ਤੇਦਾਰੀ ਪੁਰਾਣੀ ਸੀ, ਪਰ ਉਹ ਹਾਲੇ ਤੱਕ ਵੀ ਗਮੀ-ਸ਼ਾਦੀ ਵਿਚ ਇਕ ਦੂਜੇ ਦੇ ਆਉਂਦੇ-ਜਾਂਦੇ ਸਨ। ਅਪਣੱਤ ਬਣੀ ਹੋਈ ਸੀ। ਜੈਕੁਰ ਆਪ ਨਾਲ ਆ ਕੇ ਤਾਰਾ ਸਿੰਘ ਕੋਲ ਹਰੀ ਨੂੰ ਛੱਡ ਗਈ ਸੀ। ਕਹਿੰਦੀ, ''ਲੈ ਭਾਈ ਤਾਰਾ ਸਿਆਂ, ਮੁੰਡੇ ਨੂੰ ਤੇਰੇ ਕੋਲ ਛੱਡ ਚੱਲੀ, ਇਹਨੂੰ ਬੰਦਾ ਬਣਾ ਦੇਹ।''

''ਬੰਦਾ ਤਾਂ ਮਾਤਾ ਜੀ ਇਹਨੇ ਆਪੇ ਈ ਬਣ ਜਾਣੈ ਵੱਡਾ ਹੋ ਕੇ, ਅਸੀਂ ਤਾਂ ਇਹ ਨੂੰ ਪੱਕਾ ਮਿਸਤਰੀ ਬਣਾ ਦਿਆਂਗੇ, ਲੱਕੜ ਦੇ ਕੰਮ ਦਾ।'' ਤਾਰਾ ਸਿੰਘ ਹੱਸ ਰਿਹਾ ਸੀ।

''ਹਾਂ ਭਾਈ, ਮੈਂ ਇਹੀ ਆਖਦੀ ਆਂ।'' ਜੈਕੁਰ ਤਾਰਾ ਸਿੰਘ ਦੀ ਗੱਲ ਸੁਣਕੇ ਖੁਸ਼ ਹੋਈ।

ਦੁਕਾਨ ਖਾਸੀ ਲੰਮੀ ਸੀ, ਚੌੜੀ ਘੱਟ। ਦੂਰ ਤੱਕ ਮਿਸਤਰੀ ਮੁੰਡੇ ਆਰੀਆਂ-ਤੇਸੇ ਚਲਾ ਰਹੇ ਸਨ। ਮੇਖਾਂ ਠੋਕਦੇ ਠੱਕ-ਠੱਕ ਕਰਦੇ। ਓਥੇ ਬਹਿਕੇ ਜੈਕੁਰ ਦਾ ਜਿਵੇਂ ਜੀਅ ਜਿਹਾ ਲੱਗ ਗਿਆ ਹੋਵੇ। ਉਹ ਮਨ ਵਿਚ ਸੋਚ ਰਹੀ ਸੀ ਕਿ ਉਹਦਾ ਪੁੱਤ ਹਰੀ ਵੀ ਇਕ ਦਿਨ ਇਹਨਾਂ ਵਿਚ ਬੈਠਕੇ ਠੱਕ-ਠੱਕ ਕਰਨ ਲੱਗੇਗਾ ਅਤੇ ਵੱਡਾ ਮਿਸਤਰੀ ਬਣ ਜਾਵੇਗਾ। ਗਰਮੀ ਦੀ ਰੁੱਤ ਸੀ। ਤਾਰਾ ਸਿੰਘ ਨੇ ਜੈਕੁਰ ਨੂੰ ਕੋਕ ਦੀ ਬੋਤਲ ਮੰਗਵਾ ਦਿੱਤੀ। ਹਰੀ ਖਾਤਰ ਵੀ। ਕੋਕ ਪੀ ਰਹੀ ਜੈਕੁਰ ਅਜੀਬ ਜਿਹਾ ਮਹਿਸੂਸ ਕਰ ਰਹੀ ਸੀ। ਉਹਨੇ ਮਿੱਠੇ

Scanned by CamScanner

ਬੱਤੇ ਤਾਂ ਪੀਤੇ ਸਨ, ਪਰ ਉਹ ਕਾਲਾ ਜਿਹਾ ਪਾਣੀ, ਜਿਵੇਂ ਵਿਚ ਚਾਹ ਦੀ ਪੱਤੀ ਉਬਾਲ ਕੇ ਪਾਈ ਹੋਵੇ, ਪਹਿਲੀ ਵਾਰ ਪੀ ਰਹੀ ਸੀ। ਉਹ ਕੋਕ ਦੀ ਘੁੱਟ ਭਰਦੀ ਤਾਂ ਉਹਨੂੰ ਧੁੜਧੜੀ ਆਉਂਦੀ।

ਤਾਰਾ ਸਿੰਘ ਨੌ ਵਜੇ ਦੁਕਾਨ ਖੋਲ੍ਹਦਾ ਸੀ। ਰਾਤ ਨੂੰ ਅੱਠ ਵਜੇ ਬੰਦ ਕਰਦਾ। ਹਰੀ ਪੌਣੇ ਨੌ ਵਜੇ ਦੁਕਾਨ ਅੱਗੇ ਆ ਖੜ੍ਹਦਾ ਸੀ ਅਤੇ ਦੁਕਾਨ ਖੁੱਲ੍ਹਣ ਦੀ ਉਡੀਕ ਕਰਨ ਲਗਦਾ।

ਪਹਿਲੇ ਪੰਜ-ਛੇ ਮਹੀਨੇ ਤਾਂ ਤਾਰਾ ਸਿੰਘ ਨੇ ਉਹਨੂੰ ਕੁਝ ਨਹੀਂ ਦਿੱਤਾ। ਉਹ ਸਿਖਦਾ ਹੀ ਰਿਹਾ। ਆਖਰ ਤਖਾਣ ਦਾ ਪੁੱਤ ਸੀ। ਉਹਦਾ ਦਿਮਾਗ ਤਿੱਖਾ ਸੀ ਅਤੇ ਹੱਥਾਂ ਦਾ ਛੁਹਲਾ। ਉਹ ਛੇਤੀ ਛੇਤੀ ਕੰਮ ਨੂੰ ਹੱਥ ਪਾਉਂਦਾ। ਉਹ ਜਦੋਂ ਕਰਕੇ ਕੁਝ ਦਿਖਾਉਣ ਲੱਗਿਆ ਤਾਂ ਤਾਰਾ ਸਿੰਘ ਨੇ ਦੋ ਹਜ਼ਾਰ ਉਹਦੀ ਤਨਖਾਹ ਬੰਨ੍ਹ ਦਿੱਤੀ। ਹੁਣ ਹਰੀ ਤਸੱਲੀ ਨਾਲ ਕੰਮ ਕਰਦਾ। ਉਹ ਸ਼ੋਅ ਨਹੀਂ ਕਰਦਾ ਸੀ, ਵਾਕਿਆ ਹੀ ਸਹੀ ਕੰਮ ਨਿਬੇੜਦਾ। ਉਹਦੇ ਹੱਥਾਂ ਵਿਚ ਦੀ ਲੰਘੇ ਕੰਮ ਦਾ ਗਾਹਕ ਵਲੋਂ ਕਦੇ ਉਲਾਂਭਾ ਨਹੀਂ ਆਇਆ ਸੀ। ਦੋ ਸਾਲ ਇਵੇਂ ਹੀ ਲੰਘ ਗਏ। ਤਾਰਾ ਸਿੰਘ ਹਰ ਛਮਾਹੀ ਉਹਦਾ ਪੰਜ ਸੌ ਰੁਪਿਆ ਵਧਾ ਦਿੰਦਾ ਸੀ। ਦਿਨ ਗੁਜ਼ਰਦੇ ਜਾ ਰਹੇ ਸਨ। ਮੁੰਡੇ ਕੰਮ ਸਿਖਦੇ ਅਤੇ ਦੁਕਾਨ ਛੱਡ ਜਾਂਦੇ। ਘਰੀਂ ਜਾਕੇ ਆਪਣਾ ਕੰਮ ਕਰਨ ਲਗਦੇ। ਕੋਈ ਆਕੜ-ਬਾਜ ਦੂਜੀ ਕਿਸੇ ਦੁਕਾਨ ਉੱਤੇ ਕੰਮ ਕਰਨ ਜਾ ਲਗਦਾ। ਤਾਰਾ ਸਿੰਘ ਤਾੜ-ਫਾੜ ਵੀ ਪੂਰੀ ਰਖਦਾ ਸੀ। ਪੈਸੇ ਦਿੰਦਾ ਸੀ ਤਾਂ ਕੰਮ ਵੀ ਪੂਰਾ ਲੈਂਦਾ। ਮੁੰਡੇ ਦੀ ਖੱਲ ਲਾਹੁਣ ਤੱਕ ਜਾਂਦਾ। ਪਰ ਹਰੀ ਦੇ ਕੰਮ ਉੱਤੇ ਉਹ ਖੁਸ਼ ਸੀ। ਉਹਨੂੰ ਤਾੜਨ ਦੀ ਲੋੜ ਨਹੀਂ ਸੀ। ਸਗੋਂ ਤਾਰਾ ਸਿੰਘ ਤਾਂ ਉਹਦੀ ਸਲਾਹ ਲੈਣ ਲੱਗ ਪਿਆ ਸੀ। ਉਹਦੇ ਸਹਾਰੇ ਦੁਕਾਨ ਛੱਡਕੇ ਕਿਧਰੇ ਬਾਹਰ ਰਿਸ਼ਤੇਦਾਰੀ ਵਿਚ ਵੀ ਜਾ ਆਉਂਦਾ। ਹਰੀ ਕਰਕੇ ਮਗਰੋਂ ਉਹਨੂੰ ਕੋਈ ਚਿੰਤਾ ਨਹੀਂ ਰਹਿੰਦੀ ਸੀ। ਵਾਪਸ ਆਉਂਦਾ ਤਾਂ ਕੋਈ ਸ਼ਿਕਾਇਤ ਨਾ ਹੁੰਦੀ। ਕਰਦੇ-ਕਰਾਉਂਦੇ ਪੰਜ ਸਾਲ ਲੰਘ ਗਏ। ਹਰੀ ਹੁਣ ਪੰਜ ਹਜ਼ਾਰ ਰੁਪਿਆ ਮਹੀਨਾ ਲੈਂਦਾ ਸੀ। ਕੰਮ ਦਸ ਹਜ਼ਾਰ ਤੋਂ ਵੱਧ ਦਾ ਕਰਦਾ ਹੋਵੇਗਾ। ਪਰ ਇਹ ਸੌਦਾ ਉਹਨੂੰ ਠੀਕ ਸੀ। ਉਹਦੀ ਬੱਝਵੀਂ ਆਮਦਨ ਸੀ। ਐਨੇ ਨਾਲ ਹੀ ਪਿੰਡ ਉਹਦਾ ਚੰਗਾ ਗੁਜ਼ਾਰਾ ਹੋਈ ਜਾਂਦਾ। ਚੰਦ ਦੀ ਦਿਹਾੜੀ ਉਹਨਾਂ ਦਿਨਾਂ ਵਿਚ ਡੇਢ ਸੌ ਰੁਪਿਆ ਸੀ। ਉਹਦੇ ਨਾਲੋਂ ਤਾਂ ਉਹ ਚੰਗਾ ਹੀ ਸੀ। ਉਹਨਾਂ ਦੀਆਂ ਬਹੂਆਂ ਕੋਲ ਹੁਣ ਦੋ—ਦੋ ਜੁਆਕ ਸਨ। ਇਕ-ਇਕ ਮੁੰਡਾ ਅਤੇ ਇਕ-ਇਕ ਕੁੜੀ। ਦੋ ਸਾਲਾਂ ਬਾਅਦ ਹੀ ਬਹੂਆਂ ਨੇ ਅੱਡ-ਅੱਡ ਚੁੱਲ੍ਹੇ ਧਰ ਲਏ ਸਨ। ਅੱਡ ਰੋਟੀ ਪਕਦੀ। ਜੈਕੁਰ ਜਿਧਰ ਜੀਅ ਕਰਦਾ, ਰੋਟੀ ਖਾ ਲੈਂਦੀ। ਉਹਨੂੰ ਕੋਈ ਰੋਕ-ਟੋਕ ਨਹੀਂ ਸੀ। ਉਹ ਤਾਂ ਘਰ ਦਾ ਬੰਨ੍ਹ ਸੀ। ਬਾਕੀ ਦੀ ਸਾਰੀ ਕਬੀਲਦਾਰੀ ਉਸੇ ਦੇ ਸਿਰ ਸੀ।

Scanned by CamScanner

29

ਤਾਰਾ ਸਿੰਘ ਦੇ ਕੋਈ ਔਲਾਦ ਨਹੀਂ ਸੀ। ਉਹਦੀ ਉਮਰ ਸੱਠ ਸਾਲ ਦੀ ਹੋ ਚੁੱਕੀ ਸੀ। ਉਹਦੇ ਗੋਡੇ ਦੁਖਣ ਲੱਗੇ ਸਨ। ਘਰਵਾਲੀ ਵੀ ਢਿੱਲੀ-ਮੱਠੀ ਰਹਿੰਦੀ। ਮਾਡਲ ਟਾਊਨ ਵਿਚ ਤਾਰਾ ਸਿੰਘ ਦੀ ਚਾਰ ਵੱਡੇ ਕਮਰਿਆਂ ਦੀ ਵਧੀਆ ਕੋਠੀ ਸੀ। ਪਰ ਜੁਆਕ ਜੱਲੇ ਦੀ ਅਣਹੋਂਦ ਕਰਕੇ ਭਾਂਅ-ਭਾਂਅ ਕਰਦੀ। ਦੁਕਾਨ ਉੱਤੇ ਤਾਂ ਮੁੰਡਿਆਂ ਵਿਚ ਤਾਰਾ ਸਿੰਘ ਦਾ ਦਿਨ ਵਾਹਵਾ ਨਿੱਕਲ ਜਾਂਦਾ, ਪਰ ਘਰ ਆਕੇ ਉਹਦਾ ਦਿਲ ਕਾਹਲਾ ਪੈਣ ਲਗਦਾ। ਉਹ ਕਾਹਦੀ ਖਾਤਰ ਕਮਾਈਆਂ ਕਰਦਾ ਫਿਰਦਾ ਹੈ। ਮਰਿਆਂ ਬਾਅਦ ਕੋਠੀ ਪਤਾ ਨਹੀਂ ਕੌਣ ਸੰਭਾਲ ਲਏਗਾ? ਦੁਕਾਨ ਦਾ ਕੀ ਪਤਾ ਕੀ ਬਣੇਗਾ?

ਹਰੀ ਕਦੇ ਕਦੇ ਆਪਣੀ ਬਹੂ ਨੂੰ ਅਤੇ ਦੋਵੇਂ ਜੁਆਕਾਂ ਨੂੰ ਆਲਾ ਸਿੰਘ ਵਾਲੇ ਲੈ ਕੇ ਆਉਂਦਾ। ਉਸ ਦਿਨ ਉਹ ਬੱਸ ਉੱਤੇ ਆਉਂਦੇ ਸਨ। ਬਾਜ਼ਾਰ ਵਿਚੋਂ ਬਹੂ ਨੇ ਕੋਈ ਕੱਪੜਾ ਲੈਣਾ ਹੁੰਦਾ। ਬੱਚਿਆਂ ਦੀਆਂ ਰੇਡੀ ਮੇਡ ਪੁਸ਼ਾਕਾਂ ਖਰੀਦਣੀਆਂ ਹੁੰਦੀਆਂ। ਬਹੂ ਆਪਣਾ ਸੁਰਖੀ-ਪਾਉਡਰ ਵੀ ਲੈਂਦੀ। ਉਸ ਦਿਨ ਉਹ ਬਾਜ਼ਾਰ ਗੇੜਾ ਲਾਕੇ ਮਾਡਲ ਟਾਊਨ ਤਾਰਾ ਸਿੰਘ ਦੀ ਕੋਠੀ ਵੀ ਜਾਂਦੇ। ਤਾਰਾ ਸਿੰਘ ਦੀ ਘਰਵਾਲੀ ਜਿਵੇਂ ਉਹਨਾਂ ਨੂੰ ਹੀ ਉਡੀਕ ਰਹੀ ਹੋਵੇ। ਉਹ ਹਰੀ ਦੀ ਬਹੂ ਨਾਲ ਸੌ ਸੌ ਲਾਡ ਕਰਦੀ। ਦੋਵੇਂ ਬੱਚਿਆਂ ਦੇ ਮੂੰਹ ਚੁੰਮਦੀ ਫਿਰਦੀ। ਉਹਨਾਂ ਨੂੰ ਚੰਗੀਆਂ-ਚੰਗੀਆਂ ਚੀਜਾਂ ਖਵਾਉਂਦੀ-ਪਿਆਉਂਦੀ। ਸੰਤ ਕੌਰ ਨੂੰ ਲਗਦਾ ਜਿਵੇਂ ਉਹ ਉਹਦੀ ਆਪਣੀ ਨੂੰਹ ਹੋਵੇ। ਹਰਮੇਲ ਕੌਰ ਨੂੰ ਉਹ ਸੱਸਾਂ ਨਾਲੋਂ ਵੱਧ ਪਿਆਰੀ ਲਗਦੀ। ਉਹਨੂੰ ਆਪਣੀ ਸਕੀ ਸੱਸ ਜੈਕੁਰ ਭੁੱਲੀ ਰਹਿੰਦੀ। ਸੰਤ ਕੁਰ ਆਖਦੀ ਜਿਵੇਂ ਝਿੜਕ ਕੇ ਆਖਦੀ ਹੋਵੇ, ''ਜਾਹ ਵੇ ਮੁੰਡਿਆ, ਤੂੰ ਦੁਕਾਨ 'ਤੇ ਜਾਹ, ਤੇਰਾ ਚਾਚਾ ਤੈਨੂੰ ਡੀਕਦਾ ਹੋਣੈ, ਅੱਜ ਬਹੂ ਨੂੰ ਪਿੰਡ ਨ੍ਹੀ ਲੈਕੇ ਜਾਣਾ, ਐਥੇ ਰਾਤ ਰਹੋ।''

''ਨਹੀਂ, ਬੇਬੇ ਜੀ, ਓਥੇ ਪਿੰਡ ਬੁੜ੍ਹੀ ਸਾਡਾ ਫਿਕਰ ਕਰੂਗੀ।'' ਹਰਮੇਲ ਵਿਚ ਦੀ ਬੋਲ ਪੈਂਦੀ, ''ਤੂੰ, ਚੁੱਪ ਕਰਕੇ ਬੈਠ ਨ੍ਹੀ। ਉਹ ਬੁੜ੍ਹੀ ਐ ਤੇਰੀ, ਮੈਂ ਨ੍ਹੀ ਤੇਰੀ ਕੁਸ ਲਗਦੀ?'' ਸੰਤ ਕੁਰ ਜ਼ਿੱਦ ਕਰਦੀ। ਅਤੇ ਉਹ ਉਸ ਰਾਤ ਤਾਰਾ ਸਿੰਘ ਦੀ ਕੋਠੀ ਹੀ ਰਹਿ ਪੈਂਦੇ। ਆਥਣੇ ਰੋਟੀ-ਟੁੱਕ ਦਾ ਸਾਰਾ ਕੁੱਝ ਹਰਮੇਲ ਕਰਦੀ। ਮੁੰਡਾ-ਕੁੜੀ ਦੋਵੇਂ ਉੱਚਾ-ਉੱਚਾ ਬੋਲਦੇ, ਚੀਕਾਂ ਮਾਰਦੇ, ਸੁੰਨ-ਸਰਾਂ ਕੋਠੀ ਨੂੰ ਜਿਵੇਂ ਜਿਉਂਦਾ ਕਰ ਦਿੰਦੇ ਹੋਣ। ਤਾਰਾ ਸਿੰਘ ਤੇ ਸੰਤ ਕੁਰ ਨੂੰ ਇਹ ਚੰਗਾ ਲਗਦਾ। ਸੋਚਾਂ ਵਿਚ ਹੀ ਉਹ ਦੂਰ ਕਿਧਰੇ

Scanned by CamScanner

ਚਲੇ ਜਾਂਦੇ, ''ਰੱਬਾ, ਸਾਡਾ ਵੀ ਕੋਈ ਮੁੰਡਾ ਹੁੰਦਾ, ਸਾਡੀ ਵੀ ਕੋਈ ਨੂੰਹ ਹੁੰਦੀ ਤੇ ਉਹਦੇ ਜੁਆਕ ਹੁੰਦੇ, ਸਾਡੇ ਪੋਤੇ-ਪੋਤੀਆਂ, ਜਿਹੜੇ ਕੋਠੀ ਨੂੰ ਸੰਭਾਲਦੇ-ਦੇਖਦੇ।'' ਇੰਜ ਕਈ ਵਾਰ ਹੋਇਆ ਸੀ। ਜਦੋਂ ਵੀ ਕਦੇ ਦੋ ਮਹੀਨਿਆਂ ਬਾਅਦ ਚਾਰ ਮਹੀਨਿਆਂ ਬਾਅਦ ਹਰੀ ਜੁਆਕ-ਜੱਲੇ ਨੂੰ ਲੈ ਕੇ ਸ਼ਹਿਰ ਆਇਆ ਸੀ, ਉਹ ਜ਼ਰੂਰ ਹੀ ਸੰਤ ਕੁਰ ਕੋਲ ਰਾਤ ਕੱਟਕੇ ਗਏ ਸਨ।

ਇਕ ਵਾਰ ਸੰਤ ਕੁਰ ਸਖਤ ਬੀਮਾਰ ਹੋ ਗਈ। ਉਹਨੂੰ ਗਰੇਵਾਲ ਡਾਕਟਰ ਦੇ ਦਾਖਲ ਕਰਵਾਉਣਾ ਪਿਆ। ਹਰੀ ਆਪਣੇ-ਆਪ ਹੀ ਹਰਮੇਲ ਨੂੰ ਕੋਠੀ ਲੈ ਆਇਆ। ਉਹ ਘਰ ਦਾ ਸਾਰਾ ਕੰਮ ਕਰਦੀ। ਰੋਟੀ-ਟੁੱਕ ਬਣਾਉਂਦੀ ਅਤੇ ਫੇਰ ਦੋਵੇਂ ਜੁਆਕਾਂ ਨੂੰ ਲੈ ਕੇ ਗਰੇਵਾਲ ਦੇ ਸੰਤ ਕੁਰ ਕੋਲ ਆ ਬੈਠਦੀ। ਬੈੱਡ ਉੱਤੇ ਪਈ ਹਾਏ-ਹਾਏ ਕਰਦੀ ਦੀਆਂ ਉਹਦੀਆਂ ਟੰਗਾਂ ਘੁਟਦੀ। ਸਿਰ ਦੱਬ ਦਿੰਦੀ। ਜੁਆਕ ਤੰਗ ਕਰਦੇ ਸਨ। ਇਕ ਦਿਨ ਹਰੀ ਦੋਵਾਂ ਨੂੰ ਪਿੰਡ ਮਾਂ ਕੋਲ ਛੱਡ ਆਇਆ, ਉਹ ਜੈਕੁਰ ਕੋਲ ਵੀ ਰਹਿ ਸਕਦੇ ਸਨ। ਤਕੜੇ ਸਨ, ਪਰ ਹਾਲੇ ਸਕੂਲ ਜਾਣ ਨਹੀਂ ਲੱਗੇ ਸਨ।

ਸੰਤ ਕੁਰ ਸੱਤ ਦਿਨ ਗਰੇਵਾਲ ਦੇ ਰਹੀ। ਕੁਝ ਦਿਨ ਉਹਨੂੰ ਗੁਲੂਕੋਸ ਲਗਦਾ ਰਿਹਾ ਸੀ। ਟੀਕੇ ਲਗਦੇ ਸਨ। ਉਹਨੂੰ ਫੇਰ ਪੀਣ ਵਾਲੀ ਦਵਾਈ ਦਿੱਤੀ ਜਾਂਦੀ ਅਤੇ ਗੋਲੀਆਂ ਹੁੰਦੀਆਂ। ਤਾਰਾ ਸਿੰਘ ਰਾਤ ਨੂੰ ਓਥੇ ਹੀ ਹੁੰਦਾ। ਰੋਟੀ-ਟੁੱਕ ਦਾ ਨਿਬੇੜਕੇ ਹਰਮੇਲ ਹਸਪਤਾਲ ਆ ਜਾਂਦੀ। ਸਾਰਾ ਦਿਨ ਹਸਪਤਾਲ ਰਹਿੰਦੀ। ਉਹ ਨਰਸਾਂ ਦੀ ਸਿਆਣੂ ਹੋ ਚੁੱਕੀ ਸੀ। ਮਾੜੀ ਜਿਹੀ ਕੋਈ ਤਕਲੀਫ਼ ਹੁੰਦੀ, ਉਹ ਝੱਟ ਨਰਸ ਨੂੰ ਸਦ ਲਿਆਉਂਦੀ। ਆਥਣੇ ਜਿਹੇ ਤਾਰਾ ਸਿੰਘ ਆ ਜਾਂਦਾ ਸੀ।

ਸੰਤ ਕੁਰ ਦੇ ਹਸਪਤਾਲ ਜਾਣ ਬਾਅਦ ਦੋ ਦਿਨ ਤਾਂ ਹਰੀ ਪਿੰਡ ਨੂੰ ਜਾਂਦਾ ਰਿਹਾ। ਉਹਦੇ ਕੋਲ ਮੋਟਰਸਾਈਕਲ ਸੀ। ਇਹ ਹੀਰੋਹਾਂਡਾ ਤਾਰਾ ਸਿੰਘ ਨੇ ਹੀ ਉਹਨੂੰ ਨਵਾਂ ਕਢਵਾ ਕੇ ਦਿੱਤਾ ਸੀ। ਫੇਰ ਰਾਤ ਨਹੀਂ ਪਿੰਡ ਕੱਟਦਾ ਸੀ। ਦਿਨ ਵਿਚ ਕਿਸੇ ਵੇਲੇ ਗੇੜਾ ਮਾਰ ਆਉਂਦਾ। ਮਾਂ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ, ਦੇ ਆਉਂਦਾ। ਉਹ ਨਿੱਤ ਹੀ ਪਿੰਡ ਦਾ ਗੇੜਾ ਮਾਰਨ ਲੱਗਿਆ, ਕਿਉਂਕਿ ਜੁਆਕ ਉਥੇ ਸਨ। ਜਦੋਂ ਜਾਂਦਾ ਆਉਣ ਵੇਲੇ ਜੁਆਕ ਮਲੋਮੱਲੀ ਉਹਦੇ ਮੋਟਰਸਾਈਕਲ ਨੂੰ ਚਿੰਬੜ ਜਾਂਦੇ ਸਨ। ਜ਼ਿੱਦ ਕਰਦੇ ਕਿ ਅਸੀਂ ਵੀ ਮੰਮੀ ਕੋਲ ਜਾਣਾ ਹੈ। ਉਹ ਉਹਨਾਂ ਨੂੰ ਤੋੜ ਕੇ ਸੁੱਟ ਆਉਂਦਾ। ਉਹ ਰੋਂਦੇ-ਚੀਕਾਂ ਮਾਰਦੇ ਰਹਿ ਜਾਂਦੇ। ਉਹ ਮਾਂ ਨੂੰ ਦਸਦਾ ''ਉਹ ਟਿਕਦੇ ਤਾਂ ਉਥੇ ਹੈ ਨੀ। ਹਸਪਤਾਲ ਆਲੇ ਬੁਰਾ ਮੰਨਦੇ ਐ। ਕੋਠੀ ਕੱਲੇ ਉਹ ਰਹਿ ਨੀ ਸਕਦੇ। ਉਹ ਐਥੇ ਈ ਠੀਕ ਨੇ, ਮਾਂ।''

ਸੰਤ ਕੌਰ ਨੂੰ ਪਤਾ ਨਹੀਂ ਕੀ ਬੀਮਾਰੀ ਸੀ, ਡਾਕਟਰ ਵੀ ਕੁੱਝ ਨਹੀਂ ਦਸਦਾ ਸੀ।

Scanned by CamScanner

ਉਹਦੇ ਸਿਰਹਾਣੇ ਕੰਧ ਨਾਲ ਲਟਕਦੇ ਗੱਤੇ ਉੱਤੇ ਅੰਗ੍ਰੇਜ਼ੀ ਵਿਚ ਪਤਾ ਨਹੀਂ ਕੀ ਲਿਖਿਆ ਹੁੰਦਾ। ਕਿਸੇ ਨੂੰ ਕੁਝ ਸਮਝ ਵਿਚ ਨਹੀਂ ਆਉਂਦਾ ਸੀ। ਦੋ ਘੰਟਿਆਂ ਬਾਅਦ, ਚਾਰ ਘੰਟਿਆਂ ਬਾਅਦ, ਉਹਦੇ ਸਿਰ ਵਿਚ ਸਖਤ ਦਰਦ ਉਠਦਾ। ਉਹ ਮੱਛੀ ਵਾਂਗ ਤੜਫਣ ਲਗਦੀ। ਫੇਰ ਇਹ ਦਰਦ ਉਹਦੇ ਸਾਰੇ ਸਰੀਰ ਵਿਚ ਉੱਤਰ ਆਉਂਦਾ। ਉਹ ਲੱਤਾਂ-ਬਾਹਾਂ ਪਟਕਣ ਲੱਗਦੀ ਅਤੇ ਫੇਰ ਸਾਰੇ ਪਿੰਡੇ ਨੂੰ ਮੁੜ੍ਹਕਾ ਆਕੇ ਸਭ ਸ਼ਾਂਤ ਹੋ ਜਾਂਦਾ। ਸਿਰਫ ਪਿੰਜਣੀਆਂ ਦੁਖਦੀਆਂ, ਪਿੰਜਣੀਆਂ ਦੇ ਰੁੱਗ ਜਿਹੇ ਨਿਕੱਲਦੇ। ਹਸਪਤਾਲ ਆ ਕੇ ਉਹ ਕੁਝ ਦਿਨਾਂ ਬਾਅਦ ਹੀ ਠੀਕ ਹੋਣ ਲੱਗੀ ਸੀ। ਸੱਤਾਂ ਦਿਨਾਂ ਬਾਅਦ ਬਹੁਤ ਫਰਕ ਪੈ ਗਿਆ। ਡਾਕਟਰ ਨੇ ਉਹਨੂੰ ਹਮੇਸ਼ਾ ਖਾਣ ਵਾਲੀਆਂ ਦਵਾਈਆਂ ਲਿਖ ਦਿੱਤੀਆਂ ਸਨ ਅਤੇ ਛੁੱਟੀ ਦੇ ਦਿੱਤੀ।

ਕੋਠੀ ਵਾਪਸ ਆ ਕੇ ਹਰਮੇਲ ਦੋ ਦਿਨ ਹੋਰ ਰਹੀ। ਫੇਰ ਪਿੰਡ ਨੂੰ ਚਲੀ ਗਈ। ਆਖ ਰਹੀ ਸੀ, ''ਬੇਬੇ ਜੀ, ਜੁਆਕ ਓਦਰੇ ਪਏ ਹੋਣਗੇ। ਪਤਾ ਲਮਾਂ ਜਾ ਕੇ। ਫੇਰ ਆਜੂੰਗੀ। ਹੁਣ ਤਾਂ ਤੁਸੀਂ ਠੀਕ ਓ।''

ਸੰਤ ਕੌਰ ਦੁਆਈਆਂ ਖਾਂਦੀ ਰਹਿੰਦੀ। ਉਹਦੇ ਸਿਰ ਨੂੰ ਟਿਕਾਅ ਰਹਿੰਦਾ। ਸਰੀਰ ਬਹੁਤ ਘਟ ਗਿਆ। ਉਹਦਾ ਵਜਨ ਥੋੜਾ ਰਹਿ ਗਿਆ ਸੀ। ਥੱਕੀ-ਥੱਕੀ ਰਹਿੰਦੀ। ਹੁਣ ਉਹਤੋਂ ਪਹਿਲਾਂ ਵਾਂਗ ਰਸੋਈ ਦਾ ਕੰਮ ਨਹੀਂ ਹੁੰਦਾ ਸੀ। ਚਾਹੇ ਦੋ ਜਣਿਆਂ ਦੀ ਰੋਟੀ ਸੀ, ਇਹ ਵੀ ਮੁਹਾਲ ਸੀ। ਕੋਠੀ ਦੀ ਸਫਾਈ ਲਈ ਪਹਿਲਾਂ ਹੀ ਕੰਮ ਵਾਲੀ ਲੱਗੀ ਹੋਈ ਸੀ। ਹੁਣ ਘਰ ਦੇ ਕੱਪੜੇ ਵੀ ਓਹੀ ਧੋ ਕੇ ਜਾਂਦੀ। ਸੰਤ ਕੌਰ ਹਰ ਵੇਲੇ ਏਧਰ-ਓਧਰ ਹਾਏ-ਹਾਏ ਕਰਦੀ ਫਿਰਦੀ। ਤਾਰਾ ਸਿੰਘ ਉਹਦੇ ਹੀ ਓਹੜ-ਪੋਹੜ 'ਤੇ ਰਹਿੰਦਾ। ਉਹਦਾ ਆਪਣਾ ਸਰੀਰ ਹੁਣ ਕਾਇਮ ਨਹੀਂ ਸੀ। ਗੋਡਿਆਂ ਦਾ ਦਰਦ ਕੁਝ ਜ਼ਿਆਦਾ ਵਧ ਗਿਆ ਸੀ। ਸਾਈਕਲ ਲਿਆਕੇ ਰਖਿਆ ਹੋਇਆ ਸੀ, ਉਹ ਨਿੱਤ ਸਵੇਰੇ-ਸਵੇਰੇ ਪੰਦਰਾਂ-ਵੀਹ ਮਿੰਟ ਇਹ ਸਾਈਕਲ ਚਲਾਉਂਦਾ। ਹੱਡੀਆਂ ਦੇ ਡਾਕਟਰ ਨੇ ਦੱਸਿਆ ਸੀ, ਸਾਈਕਲ ਚਲਾਉਣ ਨਾਲ ਗੋਡੇ ਕੁਝ ਨਾ ਕੁਝ ਠੀਕ ਰਹਿਣਗੇ। ਪਰ ਤਾਂ ਹੀ ਨਾ, ਜੇ ਉਹਤੋਂ ਸਾਈਕਲ ਚਲਦਾ ਹੋਵੇ। ਬੜੀ ਮੁਸ਼ਕਿਲ ਨਾਲ ਉਹ ਪੰਦਰਾਂ ਮਿੰਟ ਪੂਰੇ ਕਰਦਾ, ਗੋਡਿਆਂ ਦੀ ਪੀੜ ਵਧ ਗਈ ਲਗਦੀ ਅਤੇ ਨਾੜਾਂ ਕੜੱਕ-ਕੜੱਕ ਕਰਦੀਆਂ। ਔਖਾ-ਸੁਖਾਲਾ, ਉਹ ਸਕੂਟਰ ਚਲਾਕੇ ਦੁਕਾਨ 'ਤੇ ਪਹੁੰਚ ਜਾਂਦਾ ਅਤੇ ਕੁਰਸੀ ਉੱਤੇ ਟੇਢਾ ਜਿਹਾ ਹੋ ਕੇ ਬੈਠਾ ਰਹਿੰਦਾ। ਬੈਠਾ-ਬੈਠਾ ਹੀ ਮਿਸਤਰੀਆਂ ਨੂੰ ਕੁਝ ਦੱਸੀਂ-ਪੁੱਛੀਂ ਜਾਂਦਾ। ਪਹਿਲਾਂ ਵਾਂਗ ਤੁਰ-ਫਿਰ ਕੇ ਉਹਤੋਂ ਕੰਮ ਨਹੀਂ ਦੇਖਿਆ ਜਾਂਦਾ ਸੀ। ਹੁਣ ਤਾਂ ਹਰੀ ਹੀ ਨਿਗਰਾਨੀ ਕਰਦਾ। ਉਹਨੂੰ ਲਗਦਾ ਰਹਿੰਦਾ ਕਿ ਜੇ ਹਰੀ ਨਾ ਹੋਵੇ ਤਾਂ ਇਸ ਦੁਕਾਨ ਦਾ ਕਾਰੋਬਾਰ ਚੱਲਣਾ ਮੁਸ਼ਕਿਲ ਹੈ।

Scanned by CamScanner

ਕੁਝ ਦਿਨਾਂ ਬਾਅਦ ਹਰਮੇਲ ਜੁਆਕ ਲੈਕੇ ਆਲਾ ਸਿੰਘ ਵਾਲੇ ਆਈ। ਸੰਤ ਕੌਰ ਬਹੁਤਾ ਹੀ ਕਹਿ ਰਹੀ ਸੀ। ਏਸੇ ਕਰਕੇ ਹਰੀ ਉਹਨੂੰ ਤੇ ਦੋਵੇਂ ਜੁਆਕਾਂ ਨੂੰ ਮੋਟਰਸਾਈਕਲ ਮਗਰ ਲੱਦਕੇ ਲੈ ਆਇਆ ਸੀ। ਮੁੰਡਾ-ਕੁੜੀ ਦੋਵੇਂ ਸਾਰੇ ਰਾਹ ਚਾਂਭੜਾਂ ਪਾਉਂਦੇ ਆਏ। ਕੋਠੀ ਆ ਕੇ ਉਹ ਕਮਰਿਆਂ ਵਿਚ ਵੜ-ਵੜ ਚੀਕਾਂ ਮਾਰਦੇ, ਕਮਰਾ ਨਾਲ ਬੋਲਦਾ ਤਾਂ ਉਹ ਖੁਸ਼ ਹੁੰਦੇ। ਤਾੜੀਆਂ ਵਜਾਉਂਦੇ। ਹਰਮੇਲ ਉਹਨਾਂ ਤੋਂ ਮਿੰਨ੍ਹਾ-ਮਿੰਨਾ ਦੁਖੀ ਸੀ। ਉਹ ਬਿੰਦੇ-ਬਿੰਦੇ ਆਖਦੀ, ''ਨਿਚੱਲੇ ਹੋ ਕੇ ਨੀ ਬਹਿੰਦੇ?'' ਓਧਰ ਸੰਤ ਕੌਰ ਦੀ ਹਾਏ-ਹਾਏ। ਸੰਤ ਕੌਰ ਨੂੰ ਜੁਆਕਾਂ ਦੀਆਂ ਕਿਲਕਾਰੀਆਂ ਚੰਗੀਆਂ ਲਗਦੀਆਂ। ਉਹ ਆਖਦੀ, ''ਨੀ ਕਰੀਂ ਜਾਣ ਦੇਹ ਜੋ ਕਰਦੇ ਨੇ। ਘਰ ਭਰਿਆ-ਭਰਿਆ ਲਗਦੈ।''

ਉਹ ਬੈਠੀਆਂ ਚਾਹ ਪੀ ਰਹੀਆਂ ਸਨ। ਸੰਤ ਕੌਰ ਨੇ ਹਰਮੇਲ ਦਾ ਮੋਢਾ ਫੜਿਆ ਅਤੇ ਕਹਿਣ ਲੱਗੀ, ''ਧੀਏ, ਤੂੰ ਇਕ ਗੱਲ ਮੇਰੀ ਮੰਨੇ ਗੀ?''

''ਹਾਂ, ਬੇਬੇ ਜੀ, ਦੱਸੋ।''

''ਤੂੰ ਜੁਆਕਾਂ ਨੂੰ ਲੈ ਕੇ ਐਥੇ ਈ ਆਜਾ। ਇਹਨਾਂ ਨੂੰ ਐਥੇ ਕਿਸੇ ਸਕੂਲ 'ਚ ਲਾ ਦਿੰਨੀਆਂ। ਮੈਨੂੰ ਥੋਡਾ ਆਸਰਾ ਹੋ ਜੂ। ਨਾਲੇ ਮੁੰਡੇ ਨੂੰ ਨਿੱਤ ਪਿੰਡੋਂ ਆਉਣਾ-ਜਾਣਾ ਔਖਾ ਐ।''

ਹਰਮੇਲ ਸੋਚਾਂ ਵਿਚ ਪੈ ਗਈ। ਖਾਲੀ ਗਿਲਾਸ ਚੁੱਕ ਕੇ ਰਸੋਈ ਵਿਚ ਚਲੀ ਗਈ। ਉਹ ਕੋਈ ਫੈਸਲਾ ਨਹੀਂ ਕਰ ਸਕੀ ਸੀ।

''ਕਿਉਂ, ਦਿੱਤਾ ਨ੍ਹੀ ਜਵਾਬ ਧੀਏ, ਮੇਰੀ ਗੱਲ ਦਾ?'' ਸੰਤ ਕੌਰ ਦੀਆਂ ਹਸਰਤ ਭਰੀਆਂ ਨਜ਼ਰਾਂ ਹਰਮੇਲ ਉੱਤੇ ਟਿਕ ਗਈਆਂ।

''ਉਹਦੇ ਨਾਲ ਗੱਲ ਕਰ ਲੋ, ਬੇਬੇ ਜੀ, ਆਵਦੇ ਪੁੱਤ ਨਾਲ। ਮੈਨੂੰ ਤਾਂ ਕੋਈ ਤਰਾਜ ਨ੍ਹੀ।'' ਹਰਮੇਲ ਦੀ ਇਕ ਤਰ੍ਹਾਂ ਨਾਲ ਸਹਿਮਤੀ ਸੀ।

ਤਾਰਾ ਸਿੰਘ ਨੂੰ ਮਗਰ ਬਿਠਾਕੇ ਹਰੀ ਦੁਪਹਿਰ ਦੀ ਰੋਟੀ ਖਾਣ ਕੋਠੀ ਆਇਆ ਤਾਂ ਉਹਨਾਂ ਕੋਲ ਵੀ ਗੱਲ ਖੁੱਲ੍ਹ ਗਈ। ਤਾਰਾ ਸਿੰਘ ਤੇ ਸੰਤ ਕੌਰ ਨੇ ਪਹਿਲਾਂ ਹੀ ਘਰ ਵਿਚ ਵਿਚਾਰ ਬਣਾ ਰਖਿਆ ਹੋਵੇਗਾ। ਹਰੀ ਬੋਲਿਆ, ''ਹੁਣ ਵੀ ਤਾਂ ਬੇਬੇ ਥੋਡੇ ਕੋਲ ਈ ਆਂ। ਜਿੰਨੇ ਦਿਨ ਇਹਨੂੰ ਰੱਖਣਾ ਐ, ਰੱਖ ਲੋ।''

''ਜਿੰਨੇ ਦਿਨ ਨ੍ਹੀ ਪੁੱਤ ਵੇ, ਬੱਸ ਸਦਾ ਵਾਸਤੇ ਈ ਆਜੋ ਡੱਡੇ ਮੇਰੇ ਕੋਲ। ਮੇਰੇ ਦਿਨ ਸੌਖੇ ਨਿੱਕਲ ਜਾਣਗੇ।'' ਸੰਤ ਕੌਰ ਬਹੁਤ ਅਧੀਨ ਸੀ, ''ਮੇਰਾ ਪਤਾ ਕੋਈ ਨੀ।''

ਜੈਕੁਰ ਨੂੰ ਹਰੀ ਇਹ ਕਹਿਕੇ ਪਿੰਡੋਂ ਆਇਆ ਸੀ ਕਿ ਹੁਣ ਉਹ ਕਈ ਦਿਨ

Scanned by CamScanner

ਸ਼ਹਿਰੋਂ ਨਹੀਂ ਮੁੜਦੇ। ਉਥੇ ਤਾਰਾ ਸਿੰਘ ਦੀ ਘਰਵਾਲੀ ਬਹੁਤ ਢਿੱਲੀ ਹੈ। ਸਾਥੋਂ ਬਿਨਾਂ ਉਹਨਾਂ ਦਾ ਹੋਰ ਕੋਈ ਨਹੀਂ। ਪਰ ਮਹੀਨਾ ਸਵਾ ਗੁਜਰ ਗਿਆ, ਉਹ ਵਾਪਸ ਪਿੰਡ ਨਹੀਂ ਗਏ। ਜਿਵੇਂ ਆਲਾ ਸਿੰਘ ਵਾਲੇ ਦੇ ਹੀ ਹੋ ਕੇ ਰਹਿ ਗਏ ਹੋਣ। ਇਕ ਦਿਨ ਫੇਰ ਇੱਕਲਾ ਹੀ ਹਰੀ ਸਰਦਾਰਗੜ੍ਹ ਗਿਆ ਅਤੇ ਮਾਂ ਨੂੰ ਦੱਸਣ ਲੱਗਿਆ ਕਿ ਜੁਆਕ ਉਥੇ ਸਕੂਲ ਵਿਚ ਪੜ੍ਹਨ ਲਾ ਦਿੱਤੇ ਹਨ। ਵਧੀਆ ਸਕੂਲ ਹੈ। ਇਥੇ ਸਰਕਾਰੀ ਸਕੂਲ ਵਿਚ ਠੀਕ ਨਹੀਂ ਸੀ। ਮਾਸਟਰ ਸਾਰਾ ਦਿਨ ਚਾਹਾਂ ਹੀ ਪੀਂਦੇ ਰਹਿੰਦੇ ਹਨ। ਮਾਸਟਰਾਣੀਆਂ ਦੇ ਹੱਥਾਂ ਵਿਚੋਂ ਸੁਆਟਰ ਨਹੀਂ ਪਰ੍ਹੇ ਹੁੰਦੇ।

''ਚੰਗਾ ਭਾਈ, ਕਿਤੇ ਰਹੋ, ਓਥੇ ਵੀ ਤਾਂ ਮੇਰੇ ਈ ਓਂ। ਕਦੇ ਕਦੇ ਗੇੜਾ ਮਾਰ ਲਿਆ ਕਰੋ। ਫੇਰ ਵੀ ਜੰਮਣ ਭੋਂ ਐ ਤੇਰੀ।'' ਜੈਕੁਰ ਨੇ ਅੱਖਾਂ ਭਰ ਲਈਆਂ ਸਨ।

''ਨਹੀਂ ਮਾਂ, ਮੈਂ ਇਹ ਚੰਗੇ ਨੂੰ ਈ ਕੀਤੈ। ਓਥੇ ਜੁਆਕ ਪੜ੍ਹ ਜਾਣਗੇ। ਮੇਰੀ ਵੀ ਜੂਨ ਸੁਧਰਜੂ। ਇਥੇ ਜੱਟਾਂ 'ਚ ਰਹਿਣ ਦਾ ਤਾਂ ਹੱਜ ਨੀ ਸੀ ਕੋਈ। ਮੈਨੂੰ ਮੇਰੀ ਜਾਤ ਚੇਤੇ ਰਹਿੰਦੀ ਸੀ।''

ਮਰਨਾ ਤਾਂ ਪਹਿਲਾਂ ਸੰਤ ਕੌਰ ਨੇ ਸੀ, ਪਰ ਤਾਰਾ ਸਿੰਘ ਮਰ ਗਿਆ। ਉਹਨੇ ਵਸੀਅਤ ਕਰਵਾ ਦਿੱਤੀ ਸੀ, ਜਿਹੜੀ ਉਹਨਾਂ ਦੀ ਗਾਡਰੇਜ ਦੀ ਅਲਮਾਰੀ ਵਿਚੋਂ ਨਿੱਕਲੀ। ਇਸ ਵਸੀਅਤ ਦਾ ਸੰਤ ਕੌਰ ਨੂੰ ਪਹਿਲਾਂ ਪਤਾ ਸੀ। ਦੋਵਾਂ ਨੇ ਆਪਣੀ ਸਹਿਮਤੀ ਨਾਲ ਹੀ ਇਹ ਕੰਮ ਕੀਤਾ ਸੀ। ਵਸੀਅਤ ਇਹ ਸੀ ਕਿ ਤਾਰਾ ਸਿੰਘ ਦੀ ਮੌਤ ਤੋਂ ਬਾਅਦ ਮਾਡਲ ਟਾਊਨ ਵਾਲੀ ਉਹਦੀ ਕੋਠੀ ਅਤੇ ਮੰਦਰ ਰੋਡ ਉੱਤੇ 'ਗੁਰੂ ਨਾਨਕ ਵੁੱਡ ਵਰਕਸ' ਵਾਲੀ ਦੁਕਾਨ ਦਾ ਮਾਲਕ ਹਰੀ ਸਿੰਘ ਪੁੱਤਰ ਕੁੰਢਾ ਸਿੰਘ ਜ਼ਾਤ ਤਰਖਾਣ ਵਸਨੀਕ ਸਰਦਾਰਗੜ੍ਹ ਤਹਿਸੀਲ ਆਲਾ ਸਿੰਘ ਵਾਲਾ ਜ਼ਿਲਾ ਸੰਗਰੂਰ ਹੋਵੇਗਾ।

30

ਚੰਦ ਵੱਡੇ ਮਿਸਤਰੀਆਂ ਨਾਲ ਕੰਮ ਕਰਨ ਕਰਕੇ ਹੁਣ ਕੋਠੀਆਂ ਦੇ ਠੇਕੇ ਲੈਣ ਲੱਗ ਪਿਆ ਸੀ। ਉਹ ਦੋ ਮਿਸਤਰੀ ਰਲ ਜਾਂਦੇ ਅਤੇ ਵਿਉਂਤ ਨਾਲ ਕੰਮ ਚਲਾਉਂਦੇ। ਉਹਨੇ ਸਾਈਕਲ ਦਾ ਖਹਿੜਾ ਕਦੋਂ ਦਾ ਛੱਡਿਆ ਹੋਇਆ ਸੀ। ਹੁਣ ਉਹਦੇ ਕੋਲ ਵੀ ਮੋਟਰ-ਸਾਈਕਲ ਸੀ ਹੀਰੋ ਹਾਂਡਾ। ਨਿੱਤ ਸਦੇਹਾਂ ਪਿੰਡੋਂ ਆਉਂਦਾ। ਪਹਿਲਾਂ ਲੇਬਰ-ਚੌਕ ਵਿਚ ਜਾਂਦਾ। ਮਾਡਲ ਟਾਊਨ ਵਿਚ ਉਹ ਹੁਣ ਇਕ ਨਵੀਂ ਕੋਠੀ ਬਣਾ ਰਹੇ ਸਨ। ਇਹ

Scanned by CamScanner

ਕੋਠੀ ਇਕ ਪਟਵਾਰੀ ਦੀ ਸੀ। ਚੰਦ ਲੇਬਰ-ਚੌਕ ਵਿਚੋਂ ਆਪਣੇ ਮਤਲਬ ਦੇ ਮਜ਼ਦੂਰ ਫੜਦਾ ਅਤੇ ਉਹ ਪੌਣੇ ਅੱਠ ਵਜੇ ਮਾਡਲ ਟਾਊਨ ਪਹੁੰਚ ਜਾਂਦੇ। ਦੂਜਾ ਮਿਸਤਰੀ ਪਰਮਿੰਦਰ ਸਿੰਘ ਆਲਾ ਸਿੰਘ ਵਾਲੇ ਦਾ ਹੀ ਸੀ, ਜੋ ਸਵਾ-ਅੱਠ ਵਜੇ ਕੋਠੀ ਵਾਲੇ ਥਾਂ ਪਹੁੰਚਦਾ। ਉਹਦੀ ਘਰਵਾਲੀ ਬੀਮਾਰ ਸੀ। ਤਿੰਨ-ਚਾਰ ਬੱਚੇ ਸਨ। ਦੁਖੀ ਸੀ ਵਿਚਾਰਾ ਪਰਮਿੰਦਰ। ਬੱਚਿਆਂ ਨੂੰ ਸਕੂਲ ਤੋਰ ਕੇ ਅਤੇ ਘਰਵਾਲੀ ਨੂੰ ਦੁਆਈ ਬੂਟੀ ਦੇਕੇ ਫੇਰ ਘਰੋਂ ਤੁਰਦਾ। ਉਹ ਤਾਂ ਤੜਕੇ ਰੋਟੀਆਂ ਵੀ ਆਪ ਪਕਾਉਂਦਾ। ਉਹਨੇ ਆਪ ਨਾਸ਼ਤਾ ਕਰਨਾ ਹੁੰਦਾ ਅਤੇ ਬੱਚਿਆਂ ਨੇ ਵੀ। ਏਸੇ ਕਰਕੇ ਲੇਬਰ ਚੌਕ ਵਿਚੋਂ ਮਜ਼ਦੂਰ ਲਿਆਉਣ ਦੀ ਜ਼ਿਮੇਵਾਰੀ ਚੰਦ ਦੀ ਹੁੰਦੀ।

ਪਰਮਿੰਦਰ ਸਿੰਘ ਚੰਦ ਤੋਂ ਵੱਡਾ ਸੀ ਅਤੇ ਸਿਆਣਾ ਵੀ। ਘਰੋਂ ਚਾਹੇ ਦੁਖੀ ਸੀ ਪਰ ਕਾਰੀਗਰ ਪੱਕਾ ਸੀ। ਉਹਦੇ ਕੋਲ ਕਿੰਨੇ ਹੀ ਨਵੇਂ ਮੁੰਡੇ ਕੰਮ ਸਿਖ-ਸਿਖ ਗਏ ਸਨ। ਜ਼ੁਬਾਨ ਦਾ ਮਿੱਠਾ ਅਤੇ ਸੁਭਾਅ ਦਾ ਕੂਨਾ ਅਤੇ ਸ਼ਰੀਫ ਸੀ। ਚੰਦ ਉੱਤੇ ਉਹਨੂੰ ਇਤਬਾਰੀ ਸੀ। ਚੰਦ ਵੀ ਦਿਲ ਦਾ ਮਾੜਾ ਨਹੀਂ ਸੀ। ਮਜ਼ਦੂਰਾਂ ਦੀਆਂ ਦਿਹਾੜੀਆਂ ਦਾ ਸਾਰਾ ਹਿਸਾਬ-ਕਿਤਾਬ ਰਖਦਾ। ਉਹਨਾਂ ਨੂੰ ਹਫਤੇ-ਦਸ ਦਿਨਾਂ ਬਾਅਦ ਪੈਸੇ ਵੀ ਉਹੀ ਦਿੰਦਾ। ਪਟਵਾਰੀ ਤਿੱਖਾ ਸੀ। ਕੰਮ ਵਿਚ ਨਿਘੋਚਾਂ ਕਢਦਾ ਰਹਿੰਦਾ। ਪਰਮਿੰਦਰ ਦਲੀਲਾਂ ਦਿੰਦਾ ਰਹਿ ਜਾਂਦਾ। ਚੰਦ ਪਹਿਲਾਂ ਹੀ ਗੱਲ ਬੋਚ ਲੈਂਦਾ ਅਤੇ ਗੱਲੀਂ ਗੱਲੀਂ ਪਟਵਾਰੀ ਦੀ ਤਸੱਲੀ ਕਰਾ ਦਿੰਦਾ। ਮਜ਼ਦੂਰਾਂ ਦੀਆਂ ਦਿਹਾੜੀਆਂ ਦਾ ਵਾਸਤਾ ਪਾਕੇ ਅਤੇ ਆਪਣੇ ਘਰਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਬਹਾਨੇ ਚੰਦ ਹੀ ਪਟਵਾਰੀ ਤੋਂ ਪੇਸ਼ਗੀ ਪੈਸੇ ਲੈਂਦਾ ਸੀ। ਪਰਮਿੰਦਰ ਵਿਚ ਇਹ ਹਿੰਮਤ ਨਹੀਂ ਸੀ ਕਿ ਕਰੜਾ ਹੋ ਕੇ ਮਾਲਕ ਤੋਂ ਪੈਸੇ ਮੰਗੇ। ਪਰ ਉਹ ਅੰਦਰ ਖਾਤੇ ਚੰਦ ਨੂੰ ਨਸੀਹਤਾਂ ਕਰਦਾ ਕਿ ਮਾਲਕ ਤੋਂ ਨਾਲ ਦੀ ਨਾਲ ਪੈਸਾ ਕੱਢਦੇ ਰਹਿਣਾ ਚਾਹੀਦਾ ਹੈ। ਨਹੀਂ ਤਾਂ ਪਿੱਛੋਂ ਜਾਕੇ ਕਈ ਮਾਲਕ ਲਾਰੇ ਲਾਉਣ ਲਗਦੇ ਹਨ। ਨਾਲ ਦੀ ਨਾਲ ਪੈਸੇ ਦਿੰਦਾ ਮਾਲਕ ਵੀ ਸੁਖਾਲਾ ਰਹਿੰਦਾ ਹੈ। ਉਹਦਾ ਬਜਟ ਬਣਿਆ ਰਹਿੰਦਾ ਹੈ।

ਸੇਵਾ ਸਿੰਘ ਕਾਲੋਨੀ ਵਿਚ ਚੰਦ ਨੇ ਪੰਜ ਵਿਸਵੇ ਦਾ ਇਕ ਖਾਲੀ ਪਲਾਟ ਖਰੀਦ ਲਿਆ। ਇਥੇ ਪਲਾਟਾਂ ਦਾ ਭਾਅ ਖਾਸਾ ਸਸਤਾ ਸੀ। ਕਾਲੋਨੀ ਅੱਗੇ ਹੀ ਅੱਗੇ ਵਧੀ ਜਾ ਰਹੀ ਸੀ। ਸੜਕ ਜਾਂਦੀ ਸੀ। ਸੜਕ ਦੇ ਦੋਵੇਂ ਪਾਸੇ ਮਕਾਨ ਉਸੱਰਦੇ ਜਾ ਰਹੇ ਸਨ। ਸ਼ਹਿਰ ਤੋਂ ਖਾਸਾ ਦੂਰ ਮਕਾਨ ਚਲੇ ਗਏ ਸਨ। ਪਰ ਸੜਕ ਸੀ ਤਾਂ ਕਾਹਦਾ ਦੂਰ ਸੀ। ਨਾਲ ਲਗਦਾ ਪਿੰਡ ਆਦਮਪੁਰ ਹੁਣ ਲਗਭਗ ਆਲਾ ਸਿੰਘ ਵਾਲੇ ਦੇ ਵਿਚ ਹੀ ਆ ਵੜਿਆ ਸੀ। ਮਿਉਂਸਪਲ ਕੌਂਸਲ ਨੇ ਆਦਮਪੁਰ ਨੂੰ ਆਪਣੀ ਹਦੂਦ ਅੰਦਰ ਲੈ ਲਿਆ ਸੀ। ਇਕ ਤਰ੍ਹਾਂ ਨਾਲ ਇਹ ਪਿੰਡ ਖਾ ਲਿਆ ਸੀ ਸ਼ਹਿਰ ਨੇ।

Scanned by CamScanner

ਚੰਦ ਕੋਲ ਕੁਝ ਪੈਸੇ ਪਹਿਲਾਂ ਜਮ੍ਹਾਂ ਸਨ। ਪਲਾਟ ਲੈਣ ਵੇਲੇ ਹਰੀ ਨੇ ਉਹਦੀ ਕੁਝ ਮੱਦਦ ਕਰ ਦਿੱਤੀ। ਦਿੱਤੇ ਤਾਂ ਉਧਾਰੇ, ਪਰ ਬਿਨਾਂ ਵਿਆਜ ਤੋਂ। ਐਨਾ ਹੀ ਬਹੁਤ ਸੀ। ਫੇਰ ਵੀ ਭਾਈ ਸੀ। ਆਪਣੀ ਆਪਣੀ ਕਮਾਈ ਸੀ। ਆਪਣੀ ਆਪਣੀ ਕਬੀਲਦਾਰੀ ਸੀ। ਜੈਕੁਰ ਜਿਉਂਦੀ ਸੀ, ਇਸ ਕਰਕੇ ਪਰਿਵਾਰ ਦੀ ਕੜੀ ਬਣੀ ਹੋਈ ਸੀ। ਪਰਮਿੰਦਰ ਦੀ ਇਕ ਆੜ੍ਹਤੀਏ ਨਾਲ ਖਾਸੀ ਬਣਦੀ ਸੀ। ਆੜ੍ਹਤੀਏ ਤੋਂ ਤਿੰਨ ਰੁਪਏ ਸੈਂਕੜਾ ਦੇ ਹਿਸਾਬ ਕੁਝ ਪੈਸਾ ਚੰਦ ਨੇ ਚੁੱਕ ਲਿਆ ਸੀ। ਪਲਾਟ ਦੀ ਰਜਿਸਟਰੀ ਹੋ ਗਈ। ਹੁਣ ਮਕਾਨ ਪਾਉਣ ਦਾ ਸਵਾਲ ਸੀ। ਚੰਦ ਤੇ ਹਰੀ ਨੇ ਮਾਂ ਨਾਲ ਰਾਏ-ਮਸ਼ਵਰਾ ਕੀਤਾ ਅਤੇ ਪਿੰਡ ਵਾਲਾ ਮਕਾਨ ਸ਼ਿਵ ਚੰਦ ਘੁਮਿਆਰ ਨੂੰ ਵੇਚ ਦਿੱਤਾ। ਚੰਦ ਨੂੰ ਹਿੱਸੇ ਦੇ ਜਿੰਨੇ ਰੁਪਏ ਆਏ, ਉਹਨਾਂ ਨਾਲ ਉਹਦੇ ਪਲਾਟ ਵਿਚ ਦੋ ਕਮਰੇ ਬਣ ਗਏ, ਰਸੋਈ ਅਤੇ ਗੁਸਲਖਾਨਾ ਵੀ। ਚਾਰ ਦੀਵਾਰੀ ਕਰ ਦਿੱਤੀ ਗਈ। ਆਪਣਾ ਸਾਮਾਨ ਚੁੱਕਕੇ ਚੰਦ ਆਲਾ ਸਿੰਘ ਵਾਲੇ ਆ ਵਸਿਆ। ਜੈਕੁਰ ਚੰਦ ਦੇ ਪਰਿਵਾਰ ਨਾਲ ਸੀ।

ਸ਼ਿਵ ਚੰਦ ਘੁਮਿਆਰ ਯੂ.ਪੀ. ਦਾ ਸੀ। ਉਹਦੇ ਦੋਵੇਂ ਮੁੰਡੇ ਉਹਦੇ ਨਾਲ ਆਏ ਸਨ। ਦੋਵੇਂ ਵਿਆਹੇ ਹੋਏ। ਪਰਮਾਨੰਦ ਵੱਡਾ ਸੀ ਅਤੇ ਮੋਹਨ ਲਾਲ ਛੋਟਾ। ਸ਼ਿਵ ਚੰਦ ਦੀ ਘਰਵਾਲੀ ਹਾਲੇ ਖਾਸੀ ਤਕੜੀ ਸੀ। ਬਰਾਬਰ ਦਾ ਕੰਮ ਕਰਦੀ। ਕਈ ਵਰ੍ਹੇ ਪਹਿਲਾਂ ਸ਼ਿਵ ਚੰਦ ਸਰਦਾਰਗੜ੍ਹ ਆ ਕੇ ਜੱਟਾਂ ਦੇ ਇਕ ਵਾੜੇ ਵਿਚ ਟਿਕ ਗਿਆ ਸੀ। ਉਹ ਵਾੜਾ ਖਾਸਾ ਲੰਮਾ-ਚੌੜਾ ਸੀ ਅਤੇ ਪਿੰਡ ਦੀ ਫਿਰਨੀ ਉੱਤੇ ਸੀ। ਵਾੜੇ ਵਿਚ ਸ਼ਿਵ ਚੰਦ ਨੇ ਕੱਚੀਆਂ ਇੱਟਾਂ ਦੇ ਦੋ ਕੋਠੇ ਆਪ ਛੱਤੇ ਹੋਏ ਸਨ। ਗਧੇ ਛੱਪਰ ਥੱਲੇ ਖੜ੍ਹਦੇ। ਵਾੜੇ ਵਿਚ ਹੀ ਆਵੀ ਸੀ ਅਤੇ ਚੱਕ ਉੱਤੇ ਬਣੀ ਹੋਈ ਨਿਕੀ ਕੋਠੜੀ। ਉਥੇ ਹੀ ਉਹ ਭਾਂਡਿਆਂ ਵਾਂਲੀ ਚਿਕਣੀ ਮਿੱਟੀ ਗੁੰਨ੍ਹਦੇ। ਆਵੀ ਭਖੀ ਦੀ ਭਖੀ ਰਹਿੰਦੀ। ਬੱਸ ਇਕ ਬਰਸਾਤ ਦੇ ਦਿਨਾਂ ਵਿਚ ਉਹਨਾਂ ਦਾ ਕੰਮ ਬੰਦ ਰਹਿੰਦਾ, ਨਹੀਂ ਸਾਰਾ ਸਾਲ ਭਾਂਡਿਆਂ ਦੇ ਅੰਬਾਰ ਲਗਦੇ ਤੁਰੇ ਜਾਂਦੇ—ਤੌੜੇ-ਤੌੜੀਆਂ, ਬੱਲਣੀਆਂ, ਤਪਲੇ, ਕੁੱਜੇ, ਬੱਠਲੀਆਂ, ਬੱਠਲ ਅਤੇ ਹੋਰ ਕਿੰਨਾ ਕੁਝ। ਹਾੜੀ-ਸੌਣੀ ਉਹਨਾਂ ਨੂੰ ਬਹੁਤ ਕਮਾਈ ਹੁੰਦੀ। ਜੱਟ ਨਕਦ ਪੈਸੇ ਨਹੀਂ ਦੇ ਸਕਦੇ ਸਨ, ਹਾੜੀ ਸੌਣੀ ਦਾਣੇ ਦਿੰਦੇ, ਤੂੜੀ ਦਿੰਦੇ ਅਤੇ ਕੱਖ ਪੱਠਾ ਵੀ, ਸ਼ਿਵ ਚੰਦ ਨੇ ਮ੍ਹੈਂਸ ਰੱਖੀ ਹੋਈ ਸੀ। ਸਾਰਾ ਟੱਬਰ ਦੁੱਧ ਪੀਂਦਾ। ਪੇਂਡੂ ਸਨ, ਉਹ ਖੱਟੀ ਲੱਸੀ ਪੀਣ ਦੇ ਸ਼ੌਕੀਨ ਵੀ ਸਨ। ਥੋੜੇ ਸਾਲਾਂ ਵਿਚ ਹੀ ਉਹਨਾਂ ਨੇ ਸਰਦਾਰਗੜ੍ਹ ਵਿਚ ਇਸ ਤਰ੍ਹਾਂ ਆਪਣੀ ਥਾਂ ਬਣਾ ਲਈ ਸੀ, ਜਿਵੇਂ ਉਹ ਮੁੱਢੋਂ ਹੀ ਇਥੋਂ ਦੇ ਵਸਨੀਕ ਹੋਣ। ਪਹਿਲਾਂ ਪਹਿਲਾਂ ਸ਼ਿਵ ਚੰਦ ਦੀ ਘਰਵਾਲੀ ਅਤੇ ਦੋਵੇਂ ਬਹੂਆਂ ਘੱਗਰੀਆਂ ਪਾਉਂਦੀਆਂ ਹੁੰਦੀਆਂ। ਫੇਰ ਪਿੰਡ ਦੇ ਰਿਵਾਜ ਨੂੰ ਦੇਖਕੇ ਸਲਵਾਰਾਂ ਪਾਉਣ ਲੱਗੀਆਂ। ਉਹਨਾਂ ਦੀਆਂ ਕੁੜਤੀਆਂ ਦੇ ਡੀਜ਼ਾਇਨ ਬਦਲ ਗਏ। ਜੁੱਤੀਆਂ ਦੀ ਸ਼ਕਲ ਬਦਲ ਗਈ। ਸਿਰ ਦੇ ਵਾਲਾਂ ਦਾ

Scanned by CamScanner

ਸਟਾਈਲ ਬਦਲ ਗਿਆ। ਹੱਥਾਂ ਦੀਆਂ ਚੂੜੀਆਂ ਜੱਟੀਆਂ ਵਰਗੀਆਂ ਹੋ ਗਈਆਂ। ਉਹਨਾਂ ਦੇ ਮੱਥਿਆਂ ਉੱਤੇ ਸੇਲ੍ਹੀਆਂ ਕਿਨਾਰੇ ਖੁਣੇ ਚੰਦ ਸਰਦਾਰਗੜ੍ਹ ਵਿਚ ਬੁਰੇ ਲਗਦੇ। ਠੋਡੀਆਂ ਤੱਕ ਕੱਢੇ ਘੁੰਡ ਨਹੀਂ ਰਹੇ ਸਨ।

ਯੂ.ਪੀ. ਦੇ ਇਹਨਾਂ ਹਿੰਦੂ ਘੁਮਿਆਰਾਂ ਦੀ ਸਰਦਾਰਗੜ ਵਿਚ ਸਖ਼ਤ ਲੋੜ ਸੀ। ਮਿੱਟੀ ਦੇ ਭਾਂਡੇ ਪਿੰਡ ਵਿਚ ਸਭ ਨੂੰ ਚਾਹੀਦੇ ਹੁੰਦੇ। ਸੰਤਾਲੀ ਤੋਂ ਪਹਿਲਾਂ ਤਾਂ ਮੁਸਲਮਾਨ ਘੁਮਿਆਰ ਸਨ, ਜੋ ਹੱਲਿਆਂ ਵੇਲੇ ਫਸਾਦੀਆਂ ਨੇ ਮਾਰ-ਮੁਕਾ ਦਿੱਤੇ ਸਨ। ਹੁਣ ਇਹਨਾਂ ਹਿੰਦੂ ਘੁਮਿਆਰਾਂ ਦਾ ਪਿੰਡ ਨੇ ਦੋਵੇਂ ਹੱਥੀਂ ਸੁਆਗਤ ਕੀਤਾ ਸੀ। ਅਗਵਾੜ ਦੇ ਇਕ ਅੰਤ ਜੱਟ ਨੇ ਆਪਣਾ ਵਾੜਾ ਮੁਫਤ ਵਿਚ ਹੀ ਉਹਨਾਂ ਨੂੰ ਦੇ ਦਿੱਤਾ ਸੀ। ਘੁਮਿਆਰਾਂ ਨੇ ਦਿਨ-ਰਾਤ ਕਮਾਈ ਕੀਤੀ। ਦੋਵੇਂ ਮੁੰਡੇ, ਬਹੂਆਂ, ਸ਼ਿਵ ਚੰਦ ਆਪ ਤੇ ਉਹਦੀ ਘਰਵਾਲੀ ਕੰਮ ਵਿਚ ਜੁਟੇ ਰਹਿੰਦੇ। ਖਾਣ-ਪੀਣ-ਪਹਿਨਣ ਵਿਚ ਸੰਕੋਚ ਵਰਤਦੇ, ਕਮਾਉਂਦੇ ਵੱਧ। ਫੇਰ ਉਹਨਾਂ ਕੋਲ ਪੈਸਾ ਜਮ੍ਹਾਂ ਹੋਣ ਲੱਗਿਆ। ਕੁੰਢਾ ਸਿੰਘ ਮਿਸਤਰੀ ਵਾਲਾ ਮਕਾਨ ਉਹਨਾਂ ਨੇ ਮੁੱਲ ਲੈ ਲਿਆ ਤੇ ਫੇਰ ਸਾਰਾ ਟੱਬਰ ਇਸ ਮਕਾਨ ਵਿਚ ਆਕੇ ਰਹਿਣ ਲੱਗਿਆ। ਵਾੜੇ ਵਿਚ ਰਹਿ ਗਏ ਸਿਰਫ ਗਧੇ। ਵਾੜੇ ਦੇ ਕੱਚੇ ਕੋਠਿਆਂ ਵਿਚ ਹੁਣ ਗਧਿਆਂ ਦਾ ਟਿਕਾਣਾ ਸੀ। ਗਧੇ ਸੁੱਕਾ ਘਾਹ ਖਾਂਦੇ ਅਤੇ ਮਸਤੀ ਵਿਚ ਆਕੇ ਹੀਂਗਣ ਲਗਦੇ। ਮ੍ਹੈਸ ਉਹ ਅੰਦਰਲੇ ਘਰ ਲੈ ਆਏ ਸਨ।

ਸੇਵਾ ਸਿੰਘ ਕਾਲੋਨੀ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਸੀ। ਚੰਦ ਨੇ ਆਪਣੇ ਦੋਵੇਂ ਜੁਆਕ ਇਸ ਸਕੂਲ ਵਿਚ ਪੜ੍ਹਨ ਲਾ ਦਿੱਤੇ। ਉਹ ਪਿੰਡ ਵੀ ਪੜ੍ਹਦੇ ਸਨ। ਸਰਟੀਫੀਕੇਟ ਲਿਆਕੇ ਏਥੇ ਲਾ ਦਿੱਤੇ।

ਹੁਣ ਉਹ ਦੋ-ਦੋ, ਤਿੰਨ-ਤਿੰਨ ਕੋਠੀਆਂ ਦੇ ਠੇਕੇ ਲੈਂਦਾ। ਪਰਮਿੰਦਰ ਸਿੰਘ ਨੂੰ ਨਾਲ ਰੱਖਦਾ। ਸਾਰੇ ਥਾਵਾਂ ਉੱਤੇ ਉਹਦੇ ਆਪਣੇ ਮਿਸਤਰੀ ਕੰਮ ਕਰਦੇ। ਉਹ ਦਿਨ ਵਿਚ ਦੋ ਵਾਰ ਕੰਮਾਂ ਉੱਤੇ ਗੇੜਾ ਮਾਰਦਾ ਸੀ। ਮੋਟਰ ਸਾਈਕਲ ਉੱਤੇ ਔਂਹ ਗਿਆ, ਔਂਹ ਗਿਆ। ਹੁਣ ਇਥੇ ਹੈ, ਅਗਲੇ ਪਲ ਪਤਾ ਨਹੀਂ ਕਿੱਥੇ। ਉਹਦਾ ਪਤਾ ਨਹੀਂ ਸੀ, ਕਦੋਂ ਕਿੱਥੇ ਆ ਜਾਵੇ ਅਤੇ ਮਜ਼ਦੂਰਾਂ ਦੀ ਝਾੜ-ਝੰਬ ਕਰਨ ਲੱਗੇ। ਉਹ ਸੁਸਤੀ ਨਾਲ ਕੰਮ ਕਰਦੇ ਮਜ਼ਦੂਰ ਨੂੰ ਓਸੇ ਵੇਲੇ ਹਟਾ ਦਿੰਦਾ ਸੀ। ਘੰਟਿਆਂ ਦੇ ਹਿਸਾਬ ਬਣਦੇ ਪੈਸੇ ਦਿੰਦਾ ਅਤੇ ਤੁਰਦਾ ਕਰਦਾ।

ਚੰਦ ਨੇ ਦੂਜੇ ਸਾਲ ਹੀ ਕਿਵੇਂ ਨਾ ਕਿਵੇਂ ਕਰਕੇ ਆੜ੍ਹਤੀਏ ਦੇ ਪੈਸੇ ਸਣੇ ਵਿਆਜ ਮੋੜ ਦਿੱਤੇ। ਹਰੀ ਦੇ ਪੈਸੇ ਤਿੰਨ-ਚਾਰ ਸਾਲਾਂ ਬਾਅਦ ਦਿੱਤੇ। ਉਹਦੇ ਨਾਲ ਘਰ ਦੀ ਗੱਲ ਸੀ। ਕੋਈ ਕਾਹਲ ਨਹੀਂ ਸੀ।

Scanned by CamScanner

ਸ਼ਹਿਰ ਆਕੇ ਜਿਵੇਂ ਚੰਦ ਦੇ ਟੱਬਰ ਦੀ ਕਾਇਆ ਹੀ ਪਲਟ ਗਈ ਹੋਵੇ। ਜੁਆਕ ਪਹਿਨ-ਪੱਚਰ ਕੇ ਸਕੂਲ ਜਾਂਦੇ ਸਨ। ਦਿਨਾਂ ਵਿਚ ਹੀ ਉਹਨਾਂ ਦੇ ਚਿਹਰੇ ਨਿੱਖਰ ਆਏ। ਚੰਦ ਦੀ ਘਰ ਵਾਲੀ ਜੰਗੀਰੋ ਬਣ-ਬਣ ਬੈਠਦੀ। ਜੈਕੁਰ ਦੀ ਜਿਵੇਂ ਉਮਰ ਵਧ ਗਈ ਹੋਵੇ। ਇਥੇ ਤਾਂ ਮਾੜਾ ਜਿਹਾ ਵੀ ਕੋਈ ਬੀਮਾਰ ਹੁੰਦਾ, ਝੱਟ ਡਾਕਟਰ ਦੇ ਚਲੇ ਜਾਂਦੇ। ਪਿੰਡ ਤਾਂ ਔਖਾ ਬੜਾ ਸੀ। ਆਰਾਮ ਹੀ ਨਹੀਂ ਆਉਂਦਾ ਸੀ। ਹਾਰ ਕੇ ਫੇਰ ਆਲਾ ਸਿੰਘ ਵਾਲੇ ਆਉਣਾ ਪੈਂਦਾ। ਪਿੰਡ ਵਿਚ ਤਾਂ ਦੋ ਪ੍ਰਾਈਵੇਟ ਜਿਹੇ ਡਾਕਟਰ ਮੁੰਡੇ ਸਨ, ਜਿਹਨਾਂ ਕੋਲ ਬਹੁਤ ਘੱਟ ਦੁਆਈਆਂ ਸਨ। ਬੀਮਾਰੀ ਦਾ ਅੰਦਾਜਾ ਜਿਹਾ ਲਾਕੇ ਦਵਾਈ ਦੇ ਦਿੰਦੇ। ਇਕੋ-ਜਿਹੀਆਂ ਦਵਾਈਆਂ ਸਨ। ਬੋਤਲਾਂ ਵਿਚ ਲਾਲ-ਕਾਲੇ ਪਾਣੀ ਜਿਹੇ ਭਰ ਰੱਖੇ ਸਨ। ਇਥੇ ਹੁਣ ਵਧੀਆ ਸੀ। ਸੇਵਾ ਸਿੰਘ ਕਾਲੋਨੀ ਵਿਚ ਹੀ ਦੋ ਡਾਕਟਰ ਸਨ। ਵੱਡੀਆਂ-ਵੱਡੀਆਂ ਦੁਕਾਨਾਂ, ਪੈਸੇ ਚਾਹੇ ਬਹੁਤ ਜ਼ਿਆਦਾ ਲੈ ਲੈਂਦੇ, ਪਰ ਇਕੋ ਵਾਰ ਦਿੱਤੀ ਦਵਾਈ ਨਾਲ ਆਰਾਮ ਆ ਜਾਂਦਾ।

ਉਹਨਾਂ ਦੇ ਆਲੇ-ਦੁਆਲੇ ਹੋਰ ਬਹੁਤ ਮਕਾਨ ਸਨ। ਜਿਵੇਂ ਬੁੜ੍ਹੀਆਂ ਦਾ ਸੁਭਾਅ ਹੁੰਦਾ ਹੈ, ਜੈਕੁਰ ਨੇ ਕੁਝ ਮਹੀਨਿਆਂ ਵਿਚ ਹੀ ਸਭ ਦਾ ਅਤਾ-ਪਤਾ ਲੈ ਲਿਆ ਅਤੇ ਉਹਨਾਂ ਦੇ ਘਰੀਂ ਜਾਣ ਲੱਗੀ। ਉਹ ਤਾਂ ਸਭ ਨੇੜੇ-ਤੇੜੇ ਦੇ ਪਿੰਡਾਂ ਦੇ ਲੋਕ ਹੀ ਸਨ। ਕੋਈ ਦੂਜੇ ਨਹੀਂ ਸਨ। ਕਿੰਨਾ ਪਿਆਰ ਕਰਦੇ। ਮੋਹ-ਮੁਹੱਬਤ ਆਪਣਿਆਂ ਵਰਗੀ। ਦੂਜੇ ਘਰਾਂ ਦੀਆਂ ਬੁੜ੍ਹੀਆਂ ਵੀ ਉਹਨਾਂ ਦੇ ਘਰ ਆਉਂਦੀਆਂ ਜਾਂਦੀਆਂ। ਬਸ ਜਿਵੇਂ ਉਥੇ ਹੀ ਉਹਨਾਂ ਦਾ ਸਰਦਾਰਗੜ੍ਹ ਵਸ ਗਿਆ ਹੋਵੇ। ਸਾਰੇ ਟੱਬਰ ਦਾ ਜੀਅ ਲੱਗਣ ਲੱਗਿਆ। ਇਥੇ ਉਹ ਤਖਾਣ ਜਿਹੇ ਨਹੀਂ ਲਗਦੇ ਸਨ। ਸਭ ਦੇ ਚੰਗੇ ਮਕਾਨ ਸਨ। ਲੋਕਾਂ ਦੇ ਘਰਾਂ ਵਿਚ ਉਹਨਾਂ ਦੀ ਜਾਤ ਦੇ ਨਿਸ਼ਾਨ ਨਹੀਂ ਸਨ। ਸਭ ਇਕੋ ਜਿਹੇ ਸਨ, ਖਾਂਦੇ-ਪੀਂਦੇ, ਕੰਮਾਂ ਉੱਤੇ ਜਾਂਦੇ ਅਤੇ ਮੌਜਾਂ ਕਰਦੇ। ਮਾੜਾ-ਧੀੜਾ ਕੋਈ ਪਿੰਡ ਛੱਡਕੇ ਸ਼ਹਿਰ ਕਿਵੇਂ ਆ ਸਕਦਾ ਸੀ!

ਕਦੇ ਕਦੇ ਸਾਰਾ ਟੱਬਰ ਮਾਡਲ ਟਾਊਨ ਹਰੀ ਦੀ ਕੋਠੀ ਜਾਂਦਾ। ਜੰਗੀਰੋ ਅਤੇ ਜੁਆਕਾਂ ਨੂੰ ਚੰਦ ਲੈ ਜਾਂਦਾ, ਹਰੀ ਬੇਬੇ ਨੂੰ ਆਪ ਆਕੇ ਲੈ ਜਾਂਦਾ ਸੀ। ਕੋਠੀ ਵਿਚ ਜੁਆਕ ਇਕੱਠੇ ਹੋਕੇ ਸ਼ੋਰ ਮਚਾਉਂਦੇ, ਗਾਉਂਦੇ ਅਤੇ ਇਕ ਦੂਜੇ ਨੂੰ ਛੇੜਦੇ। ਕਦੇ ਚੁੱਪ-ਚਾਪ ਬੈਠਕੇ ਹਰੀ ਦੇ ਜੁਆਕਾਂ ਦੇ ਖਿਡੌਣਿਆਂ ਨਾਲ ਖੇਡਦੇ। ਸੰਤ ਕੌਰ ਅਤੇ ਜੈਕੁਰ ਅੱਡ ਬਹਿਕੇ ਗੱਲ੍ਹਾਂ ਕਰਦੀਆਂ। ਹਰਮੇਲ ਅਤੇ ਜੰਗੀਰੋ ਅੱਡ ਬੈਠੀਆਂ ਹੁੰਦੀਆਂ। ਐਤਵਾਰ ਦਾ ਦਿਨ ਹੁੰਦਾ। ਕੰਮ ਤੋਂ ਉਹ ਛੁੱਟੀ ਕਰ ਲੈਂਦੇ ਸਨ। ਦੋਵੇ ਭਰਾ ਬੋਤਲ ਖੋਲ੍ਹਕੇ ਬੈਠ ਜਾਂਦੇ।

''ਕਿਉਂ ਬਾਈ ਚੰਦ, ਐਥੇ ਸਾਲਾ ਐ ਤਾਂ ਨ੍ਹੀ ਲਗਦਾ, ਬਈ ਆਪਾਂ ਤਖਾਣ ਆਂ।'' ਹਰੀ ਹੱਸਦਾ।

''ਐਥੇ ਤਾਂ ਸਾਰੇ ਲੋਕ ਇਕੋ-ਜੇ ਈ ਨੇ। ਕੋਈ ਕਿਸੇ ਦੀ ਜਾਤ ਨੀ ਪਰਖਦਾ। ਓਥੇ

Scanned by CamScanner

ਪਿੰਡ, ਮੇਰਾ ਸਾਲਾ ਔਹ ਗੱਜਣ ਆਪਣਾ ਗੁਆਂਢੀ, ਮੁੱਛਾਂ 'ਚ ਨਲੀ ਫਸੀ ਰਹਿੰਦੀ ਐ। ਆਖਿਆ ਕਰੇ, ਸੁਣਾ ਬਈ ਮਿਸਤਰੀਆ? ਮੈਂ ਵੀ ਜਵਾਬ ਦਿੰਦਾ—ਹਾਂ ਸਰਦਾਰ ਜੀ! ਸਰਦਾਰ ਜੀ ਉਹ ਕਿਥੋਂ ਸੀ, ਸਾਰੀ ਜਮੀਨ ਬੈਅ ਕਰੀਂ ਬੈਠੈ। ਰੋਟੀ ਗੁਰਦੁਆਰੇ ਖਾਂਦੈ। ਤੀਮੀ ਜੁਆਕ ਲੈ ਕੇ ਪੇਕੀਂ ਜਾ ਬੈਠੀ। ਸਾਲਾ ਟੁੱਕੜ ਬਾਜ-ਸੁਣਾ ਬਈ ਮਿਸਤਰੀਆ?'' ਚੰਦ ਉਹਦੀ ਨਕਲ ਲਾਹੁੰਦਾ। ਸਾਰਾ ਟੱਬਰ ਇੱਕਠਾ ਰੋਟੀ ਖਾਂਦਾ। ਜੰਗੀਰੋ ਤੇ ਹਰਮੇਲ ਗੱਲਾਂ ਵੀ ਮਾਰੀਂ ਜਾਂਦੀਆਂ, ਰੋਟੀ ਟੁੱਕ ਦਾ ਵੀ ਕਰੀਂ ਜਾਂਦੀਆਂ। ਉਹ ਆਪਣੇ ਆਪਣੇ ਖਸਮਾਂ ਦੀਆਂ ਗੱਲਾਂ ਕਰਦੀਆਂ। ਕਦੇ ਹੱਸਦੀਆਂ, ਕਦੇ ਚੁੱਪ ਜਿਹੀ ਵੱਟ ਲੈਂਦੀਆਂ। ਰੋਟੀ ਖਾਂਦੇ ਦੋਵੇਂ ਭਾਈ ਇਕ-ਦੂਜੇ ਦੇ ਕਾਰੋਬਾਰ ਦੀਆਂ ਗੱਲਾਂ ਕਰਦੇ। ਇਕ-ਦੂਜੇ ਨੂੰ ਸੁਣਦੇ ਅਤੇ ਹੌਸਲਾ ਦਿੰਦੇ। ਬਾਪੂ ਕੁੰਢਾ ਸਿੰਘ ਦੇ ਮਾੜੇ ਦਿਨਾਂ ਨੂੰ ਯਾਦ ਕਰਕੇ ਰੋਣ ਜਿਹਾ ਹਾਸਾ ਹਸਦੇ।

'' ਕੋਈ ਜੂਨ ਸੀ ਜਾਰ ਬਾਪੂ-ਬੇਬੇ ਦੀ। ਕਿਮੇਂ ਜੱਟਾਂ ਦੇ ਹੱਥਾਂ ਕੰਨੀ ਝਾਕਦੇ ਰਹਿੰਦੇ।'' ਚੰਦ ਆਖਦਾ।

''ਜੇ ਬਾਪੂ ਜਿਉਂਦਾ ਹੁੰਦਾ ਅੱਜ, ਤਾਂ ਦੇਖਦਾ ਆਪਾਂ ਨੂੰ, ਕਿੰਨਾ ਖੁਸ਼ ਹੁੰਦਾ।''

''ਉਹਨੇ ਜਾਰ ਸਾਰੀ ਉਪਰ ਨ੍ਹੇਰਾ ਈ ਢੋਇਆ। ਪਰ ਭਾਈ, ਉਹ ਲੋਕ ਦਰਵੇਸ਼ ਸੀ, ਰੱਬ ਦੀ ਦਿੱਤੀ ਖਾਣ ਆਲੇ। ਓਸੇ ਦਾਦੇ-ਪੜਦਾਦੇ ਆਲੇ ਮਕਾਨ 'ਚ ਦਿਨ ਕੱਟੀ ਗਿਆ।''

''ਬਾਪੂ ਨ੍ਹੀ ਦੇਖਦਾ, ਹੁਣ ਬੇਬੇ ਦੇਖਦੀਐ, ਦੇਖ, ਕਿਮੇਂ ਮੜਾਕ-ਮੜਾਕ ਗੱਲ੍ਹਾਂ ਮਾਰੀ ਜਾਂਦੀ ਐ। ਚਾਂਭਲੀ ਬੈਠੀ ਐ।'' ਹਰੀ ਬੁੜ੍ਹੀਆਂ ਵਲ ਝਾਕ ਕੇ ਹੱਸ ਰਿਹਾ ਸੀ।

31

ਚਾਨਣ ਕੇ ਹਾਕਮ ਦਾ ਮੁੰਡਾ ਦਲਬੀਰ ਰਾਤ ਨੂੰ ਨੀਂਦ ਦੀਆਂ ਵੱਧ ਗੋਲੀਆਂ ਖਾ ਕੇ ਤੜਕੇ ਨੂੰ ਸੁੱਤਾ ਪਿਆ ਹੀ ਰਹਿ ਗਿਆ। ਉਹਨੇ ਆਲਾ ਸਿੰਘ ਵਾਲੇ ਕਾਲਜ ਵਿਚੋਂ ਬੀ.ਏ. ਕੀਤੀ ਸੀ। ਉਹ ਤਾਂ ਕੋਈ ਅਫਸਰ ਬਣਨਾ ਚਾਹੁੰਦਾ ਸੀ, ਪਰ ਉਹਨੂੰ ਕੋਈ ਛੋਟੀ ਮੋਟੀ ਨੌਕਰੀ ਵੀ ਨਹੀਂ ਮਿਲੀ। ਜੱਟ ਦਾ ਪੁੱਤ ਹੋਣ ਕਰਕੇ ਉਹ ਪੈਸਿਆਂ ਵਾਲਾ ਕੋਈ ਨਿੱਕਾ-ਮੋਟਾ ਕੰਮ ਕਰਨਾ ਨਹੀਂ ਚਾਹੁੰਦਾ ਸੀ। ਏਧਰ-ਓਧਰ ਅਰਜ਼ੀਆਂ ਜਿਹੀਆਂ ਭੇਜਦਾ ਰਿਹਾ ਸੀ। ਵਾਢੀ ਦੇ ਪੈਸੇ ਝੋਕ ਕੇ ਨੌਕਰੀ ਲੈਣ ਦਾ ਜੁਗਾੜ ਵੀ ਕੋਈ ਉਹਦਾ ਪਿਓ ਨਹੀਂ ਕਰ ਸਕਿਆ ਸੀ। ਦਲਬੀਰ ਹਾਰ ਕੇ ਖੇਤ ਦੇ ਕੰਮ ਵਿਚ ਹੀ ਪੈ ਗਿਆ। ਉਹਨਾਂ ਕੋਲ ਤੇਰਾਂ ਕਿੱਲੇ ਜ਼ਮੀਨ ਸੀ। ਦਸ ਕਿੱਲੇ ਦੇ ਨੰਬਰ ਦੇ ਕੇ ਬੈਂਕ ਤੋਂ ਟਰੈਕਟਰ ਦਾ ਕਰਜ਼ਾ ਲੈ ਲਿਆ। ਟਰੈਕਟਰ ਘਰ ਆ ਗਿਆ। ਟਰੈਕਟਰ ਦਲਬੀਰ ਆਪ ਚਲਾਉਂਦਾ। ਆਪਣਾ

Scanned by CamScanner

ਖੇਤ ਵਾਹੁੰਦਾ ਅਤੇ ਕਿਰਾਏ ਉੱਤੇ ਲੋਕਾਂ ਦੀ ਪੈਲੀ ਵੀ ਵਾਹੁਣ ਜਾਂਦਾ। ਇਕ ਸੀਰੀ ਸੀ ਪਹਿਲਾਂ ਵਾਂਗ, ਦੋ ਨੌਕਰ ਸਨ। ਇਕ ਨੌਕਰ ਖੇਤ ਵਿਚ ਕੰਮ ਕਰਾਉਂਦਾ। ਦੂਜਾ ਡੰਗਰ ਪਸ਼ੂ ਸੰਭਾਲਦਾ। ਘਰ ਵਿਚ ਮ੍ਹੈਸ ਸੀ। ਪਰ ਟਰੈਕਟਰ ਤੇਲ ਫੂਕਦਾ ਸੀ। ਪਾਣੀ ਵਾਂਗ ਤੇਲ ਦੀ ਲੋੜ ਪਈ ਰਹਿੰਦੀ। ਟਰੈਕਟਰ ਦੀਆਂ ਕਿਸ਼ਤਾਂ ਆਉਣ ਲੱਗੀਆਂ। ਪਹਿਲਾਂ ਪਹਿਲਾਂ ਤਾਂ ਉਹ ਕਿਸ਼ਤਾਂ ਲਗਾਤਾਰ ਭਰਦਾ ਰਿਹਾ, ਪਰ ਫੇਰ ਖੁੰਝਣ ਲੱਗਿਆ। ਦੋਵੇਂ ਨੌਕਰਾਂ ਦੇ ਪੈਸੇ ਮਰਨ ਲੱਗੇ। ਸੀਰੀ ਦੋ ਸਾਲ ਤਾਂ ਠੀਕ ਰਿਹਾ, ਤੀਜੇ ਸਾਲ ਦਾਣਿਆਂ ਦੇ ਹਿੱਸੇ ਪਿੱਛੇ ਉਹਦੇ ਨਾਲ ਰੌਲਾ ਪੈ ਗਿਆ। ਸੀਰੀ ਵਿਚਾਲਿਓਂ ਸੀਰ ਛੱਡ ਕੇ ਭੱਜ ਗਿਆ। ਵੱਡਾ ਮਸਲਾ ਪੇਸ਼ਗੀ ਦਿੱਤੇ ਪੈਸੇ ਮੁੜਵਾਉਣ ਦਾ ਛਿੜ ਗਿਆ। ਗੱਲ ਥਾਣੇ ਤੱਕ ਪਹੁੰਚ ਗਈ। ਪੁਲਿਸ ਭਲੀਮਾਣਸ ਨਹੀਂ ਸੀ, ਦਲਬੀਰ ਨੂੰ ਹੋਰ ਲੁੱਟਕੇ ਖਾ ਗਈ। ਰਾਮਦਾਸੀਏ ਕੋਲ ਕੀਹ ਸੀ। ਦਲਬੀਰ ਪਿੰਡ ਵਿਚ ਬਦਨਾਮ ਹੋ ਗਿਆ। ਕੋਈ ਸੀਰੀ ਨੂੰ ਮਾੜਾ ਕਹਿੰਦਾ ਸੀ, ਕੋਈ ਹਾਕਮ ਦੇ ਮੁੰਡੇ ਨੂੰ। ਮੁੜ ਕੇ ਨਾ ਕੋਈ ਨੌਕਰ ਮਿਲਿਆ ਦਲਬੀਰ ਨੂੰ ਅਤੇ ਨਾ ਸੀਰੀ। ਪਿੰਡ ਵਿਚ ਉਹਦੀ ਪੜਤ ਮਾਰੀ ਗਈ ਸੀ। ਪਿਓ-ਪੁੱਤ ਹੁਣ ਦੋਵੇਂ ਹੀ ਵਾਹੀ ਦਾ ਕੰਮ ਕਰਦੇ, ਜੋ ਸੰਵਾਰ ਕੇ ਹੁੰਦਾ ਨਹੀਂ ਸੀ। ਪਾੜ੍ਹੇ ਮੁੰਡੇ ਵਿਚ ਐਨੀ ਜਾਨ ਕਿੱਥੇ ਸੀ ਕਿ ਉਹ ਕਹੀ ਦਾ ਕੰਮ ਕਰ ਸਕਦਾ। ਹਾਕਮ ਤੋਂ ਵੀ ਹੁੰਦਾ ਨਹੀਂ ਸੀ। ਉਹ ਤਾਂ ਪਹਿਲੇ ਦਿਨੋਂ ਵਿਹਲਾ ਜਿਹਾ ਰਹਿ ਕੇ ਰਾਜ਼ੀ ਸੀ। ਬੱਸ ਤੁਰਨ-ਫਿਰਨ 'ਤੇ ਰਹਿੰਦਾ। ਗੱਲਾਂ ਜਿੰਨੀਆਂ ਮਰਜ਼ੀ ਮਰਵਾ ਲਵੋ। ਪਰ ਉਹਦਾ ਚੱਲੀ ਜਾਂਦਾ ਸੀ। ਸੀਰੀ ਤੇ ਨੌਕਰ ਹੀ ਸਾਰਾ ਸੰਭਾਲਦੇ। ਦਲਬੀਰ ਪੜ੍ਹੀ ਜਾਂਦਾ ਸੀ। ਹੁਣ ਬਹੁਤੇ ਬੰਦਿਆਂ ਦਾ ਕੰਮ ਹੁੰਦਾ ਤਾਂ ਦਲਬੀਰ ਚਾਰ-ਪੰਜ ਭਈਏ ਸ਼ਹਿਰੋਂ ਟਰੈਕਟਰ ਦੇ ਮਡਗਾਰਡਾਂ ਉੱਤੇ ਬਿਠਾ ਲਿਆਉਂਦਾ।

ਜਦੋਂ ਦਾ ਦਲਬੀਰ ਖੇਤੀ ਦੇ ਕੰਮ ਵਿਚ ਪਿਆ ਸੀ, ਤਿੰਨ ਵਾਰ ਮੋਟਰ ਸਾਈਕਲ ਬਦਲ ਚੁੱਕਿਆ ਸੀ। ਸਾਲ ਬਾਅਦ ਹੀ ਪੁਰਾਣਾ ਮੋਟਰ ਸਾਈਕਲ ਫੰਡਰ ਮੱਝ ਸਮਝ ਕੇ ਸਕੂਟਰ ਮੰਡੀ ਉੱਤੇ ਸਸਤਾ ਹੀ ਸੁੱਟ ਆਉਂਦਾ, ਅਗਲੇ ਹਫਤੇ ਉਹਦੇ ਥੱਲੇ ਨਵਾਂ ਹੀਰੋਹਾਂਡਾ ਹੁੰਦਾ। ਆਪਣੀ ਸਮਝ ਅਨੁਸਾਰ ਸਰਦਾਰੀ ਵਿਚ ਪੈਰ ਧਰਦਾ। ਉਹਦੀਆਂ ਫਜ਼ੂਲ ਖਰਚੀਆਂ ਨੇ ਦੁਰਗਾ ਮੱਲ ਆੜ੍ਹਤੀਏ ਦੀ ਬਹੀ ਵਿਚ ਦੋ ਲੱਖ ਵਿਆਜ਼ ਕਰ ਰੱਖਿਆ ਸੀ, ਜਦੋਂ ਕਿ ਤਿੰਨ ਕਿੱਲੇ ਉਹਨਾਂ ਦੇ ਦੁਰਗਾ ਮੱਲ ਕੋਲ ਗਹਿਣੇ ਵੀ ਸਨ। ਇਹ ਵੱਖਰੀ ਗੱਲ ਸੀ ਕਿ ਦਲਬੀਰ ਹੀ ਉਹਨਾਂ ਤਿੰਨ ਕਿੱਲਿਆਂ ਨੂੰ ਵਾਹੁੰਦਾ ਬੀਜਦਾ ਅਤੇ ਫਸਲ ਦਾ ਹਿੱਸਾ ਆੜ੍ਹਤੀਏ ਨੂੰ ਚੁੱਪ ਕਰਕੇ ਦੇ ਆਉਂਦਾ। ਦਲਬੀਰ ਬੱਤੀ ਵਰ੍ਹਿਆ ਤੋਂ ਉੱਤੇ ਸੀ, ਪਰ ਹਾਲੇ ਤੱਕ ਉਹਨੂੰ ਸਾਕ ਨਹੀਂ ਹੋਇਆ ਸੀ। ਉਹ ਬਹੂ ਦੇ ਦਾਜ ਵਿਚ ਬਹੁਤ ਕੁਝ ਭਾਲਦਾ ਸੀ। ਆਖਦਾ, ਬਾਰਾਤ ਵਿਚ ਡੇਢ ਸੌ ਬੰਦਾ ਜਾਵੇਗਾ। ਵਿਆਹ ਵੀ ਆਲਾ ਸਿੰਘ ਵਾਲੇ ਦੇ ਗਰੀਨ ਮੈਰਿਜ ਪੈਲੇਸ ਵਿਚ ਕਰਨਾ ਹੈ। ਕਿਸੇ ਪਿੰਡ ਵਿਚ ਬਾਰਾਤ

Scanned by CamScanner

ਨਹੀਂ ਜਾਵੇਗੀ। ਮੀਟ-ਸ਼ਰਾਬ ਨਾਲ ਰੋਟੀ ਹੋਵੇ। ਕੁੜੀ ਵੀ ਗਰੈਜੂਏਟ ਹੋਵੇ। ਮਾੜੇ ਜੱਟ ਦਾ ਸਾਕ ਉਹ ਲੈਂਦਾ ਨਹੀਂ ਸੀ। ਅਗਲੇ ਖੋਜਾਂ ਕੱਢ ਲੈਂਦੇ ਕਿ ਟਰੈਕਟਰ ਦੀਆਂ ਅੱਧੀਆਂ ਦੋਂ ਵੱਧ ਕਿਸ਼ਤਾਂ ਹਾਲੇ ਬਾਕੀ ਰਹਿੰਦੀਆਂ ਹਨ। ਦਸ ਕਿੱਲੇ ਬੈਂਕ ਨੂੰ ਪਲੈੱਜ ਕੀਤੀ ਹੋਈ ਹੈ ਅਤੇ ਤਿੰਨ ਕਿੱਲੇ ਬਾਣੀਏ ਕੋਲ ਗਹਿਣੇ ਹੈ। ਆੜ੍ਹਤੀਏ ਦਾ ਉਂਜ ਵੀ ਕਈ ਲੱਖ ਦੇਣਾ ਹੈ। ਕੁੜੀ ਭੁੱਖੀ ਮਾਰਨੀ ਹੈ, ਇਹਦੀਆਂ ਚੌਦਾਂ ਨੂੰ ਚੱਟਾਂਗੇ ਬਹਿ ਕੇ। ਹਾਕਮ ਸਾਰੇ ਤੁਰਦਾ ਫਿਰਦਾ ਸੀ। ਸ਼ਹਿਰ ਦੇ ਚੰਗੇ ਚੰਗੇ ਘਰਾਂ ਵਿਚ ਉਹਦਾ ਆਉਣ ਜਾਣ ਸੀ। ਪਿੰਡ ਵਿਚ ਉਹਨੂੰ ਦਾਨਾ ਬੰਦਾ ਮੰਨਿਆ ਜਾਂਦਾ। ਉਹਦੀ ਸਰਪੰਚ ਵਰਗੀ ਠੁੱਕ ਸੀ। ਥਾਣੇ-ਕਚਹਿਰੀ ਉਹਨੂੰ ਲੋਕ ਨਾਲ ਲੈ ਜਾਂਦੇ। ਉਹਨੂੰ ਗੱਲ ਕਰਨ ਦਾ ਥਹੁ ਸੀ। ਅਗਲੇ ਨੂੰ ਸਾਰੀ ਗੱਲ ਜਚਾ ਦਿੰਦਾ ਅਤੇ ਪਿੰਡ ਦੇ ਬੰਦੇ ਦਾ ਫਾਇਦਾ ਕਰਾਉਂਦਾ। ਦਲਬੀਰ ਕੱਲ ਦੇ ਛੋਕਰੇ ਨੇ ਉਸਦੀ ਆਣ-ਇੱਜਤ ਮਿੱਟੀ 'ਚ ਮਿਲਾ ਕੇ ਰੱਖ ਦਿੱਤੀ ਸੀ। ਉਹ ਫੁੱਟੀ ਕੌਡੀ ਦਾ ਵੀ ਨਹੀਂ ਰਹਿ ਗਿਆ ਸੀ। ਉਹ ਸ਼ਿੱਦਤ ਨਾਲ ਸੋਚਦਾ ਅਤੇ ਆਪਣੇ ਆਪ ਉੱਤੇ ਲਾਹਣਤਾਂ ਪਾਉਂਦਾ ਕਿ ਕੀ ਲੈਣਾ ਸੀ ਉਹਨੇ ਇਹਨੂੰ ਪੜ੍ਹਾ ਕੇ। ਵਾਹੀ ਦਾ ਕੰਮ ਵਧੀਆ ਚੱਲੀ ਜਾਂਦਾ ਸੀ। ਕੀ ਲੈਣਾ ਸੀ ਟਰੈਕਟਰ ਤੋਂ। ਉਹ ਦਲਬੀਰ ਨੂੰ ਅਣਪੜ੍ਹ ਰਖਦਾ ਅਤੇ ਸੀਰੀ ਦੇ ਵਸ ਪਾ ਦਿੰਦਾ। ਆਪੇ ਘਾਸਾ ਪੈਂ ਜਾਂਦਾ ਇਹਨੂੰ ਖੇਤੀ ਦਾ। ਹੁਣ ਭੈਣਚੋਦ ਇਹ ਟਰੈਕਟਰ ਈ ਸਾਰੀ ਜ਼ਮੀਨ ਖਾ ਗਿਆ। ਇਕ ਦਿਨ ਦਲਬੀਰ ਸ਼ਹਿਰੋਂ ਹਨੇਰੇ ਹੋਏ ਘਰ ਵੜਿਆ। ਪਤਾ ਨਹੀਂ ਕਿੱਥੇ ਆਪਣੇ ਯਾਰਾਂ ਦੋਸਤਾਂ ਦੀ ਢਾਣੀ ਵਿਚ ਬੈਠਾ ਰਿਹਾ ਹੋਵੇਗਾ। ਸ਼ਰਾਬ ਪੀਤੀ ਹੋਵੇਗੀ ਅਤੇ ਕਿਸੇ ਚੰਗੇ ਹੋਟਲ ਵਿਚ ਰੋਟੀ ਖਾਧੀ ਹੋਵੇਗੀ। ਉਸ ਵੇਲੇ ਤਕ ਹਾਕਮ ਅਤੇ ਉਹਦੀ ਘਰਵਾਲੀ ਰੋਟੀ ਖਾ ਕੇ ਸੌਂ ਚੁੱਕੇ ਸਨ। ਮੋਟਰਸਾਈਕਲ ਦੀ ਆਵਾਜ਼ ਸੁਣ ਕੇ ਹਾਕਮ ਮੰਜੇ ਉੱਤੇ ਬੈਠਾ ਹੋ ਗਿਆ। ਉਹ ਸੁੱਤਾ ਕਿੱਥੇ ਸੀ। ਅੱਧ-ਸੁੱਤਾ ਜਿਹਾ ਮੁੰਡੇ ਨੂੰ ਉਡੀਕ ਰਿਹਾ ਸੀ। ਮੋਟਰਸਾਈਕਲ ਟਰੈਕਟਰ ਕੋਲ ਖੜਾ ਕਰਕੇ ਉਹ ਪਾਣੀ ਪੀਣ ਲਈ ਰਸੋਈ ਅੰਦਰ ਗਿਆ ਤਾਂ ਹਾਕਮ ਭੜਕ ਪਿਆ। ਮੰਜੇ ਤੋਂ ਥੱਲੇ ਉੱਤਰ ਕੇ ਉੱਚਾ ਉੱਚਾ ਬੋਲਣ ਲੱਗਿਆ, ''ਓਏ ਤੂੰ ਜੰਮਣਾ ਕਾਹਨੂੰ ਸੀ? ਜੇ ਜੰਮਦਾਂ ਈ ਮਰ ਜਾਂਦਾ ਤਾਂ ਅਸੀਂ ਸਬਰ ਕਰ ਲੈਂਦੇ। ਇਹ ਵੇਲਾ ਐ ਕੋਈ ਘਰ ਆਉਣ ਦਾ? ਖੂਹ 'ਚ ਪੈ ਗਈਆਂ ਤੇਰੀਆਂ ਪੜ੍ਹਾਈਆਂ?''

''ਓਏ, ਕੀ ਹੋ ਗਿਆ ਤੈਨੂੰ?'' ਦਲਬੀਰ ਅੱਗਿਓਂ ਰੋਅਬ ਨਾਲ ਗੁੱਰਾਇਆ।

''ਤੈਨੂੰ ਸ਼ਰਮ ਤਾਂ ਨ੍ਹੀ ਭੋਰਾ। ਢੇਕਾ ਟਰੈਕਟਰਾਂ ਦਾ, ਜ਼ਮੀਨ ਸਾਰੀ ਫੂਕ 'ਤੀ।''

''ਕੀ ਹੋ ਗਿਆ ਜ਼ਮੀਨ ਨੂੰ? ਆਪਣੇ ਕੋਲ ਈ ਐ।''

''ਫੇਰ ਤਾਂ ਲਿਬੜੇ ਆਲਿਆਂ ਦੇ ਵਿਆਹਿਆ ਹੋਏਂਗਾ। ਓਏ, ਤੈਨੂੰ ਰਿਸ਼ਤਾ ਕਿਉਂ ਨ੍ਹੀ ਹੁੰਦਾ ਓਏ। ਡੱਕ ਡੱਕ ਵਜਦਾ ਫਿਰਦੈਂ।''

Scanned by CamScanner

''ਰਿਸ਼ਤਾ ਨਹੀਂ ਹੁੰਦਾ, ਕੋਈ ਬੰਗਾਲਣ ਲੈ ਆਮਾਂਗੇ।''

''ਸਾਬਾਸ਼ੇ। ਬੱਸ ਆਹੀ ਗੱਲ ਬਾਕੀ ਰਹਿ ਗੀ।''

ਦਲਬੀਰ ਦੀ ਮਾਂ ਨੇ ਹਾਕਮ ਦੀ ਬਾਂਹ ਫੜਕੇ ਉਹਨੂੰ ਮੰਜੇ ਕੋਲ ਲਿਆਂਦਾ। ਕਹਿੰਦੀ, ''ਹੁਣ ਜੱਗ ਨੂੰ ਤਮਾਸ਼ਾ ਨਾ ਦਿਖਾਓ। ਦੇਖ, ਕੋਠਿਆਂ 'ਤੇ ਖੜ੍ਹੇ ਹੋ ਕੇ ਸੁਣੀਂ ਜਾਂਦੇ ਨੇ ਗੁਆਂਢੀ। ਤੜਕੇ ਉੱਠ ਕੇ ਆਖ ਲੀਂ, ਜਿਹੜਾ ਆਖਣੈ।''

ਮਾਂ ਨੇ ਦਲਬੀਰ ਨੂੰ ਰੋਟੀ ਪੁੱਛੀ। ਉਹ ਕਹਿੰਦਾ, ''ਖਾ ਕੇ ਆਇਆਂ ਮੈਂ ਤਾਂ।'' ਉਹ ਬੈਠਕ ਵਿਚ ਪੱਖਾ ਛੱਡ ਕੇ ਸੋਫੇ ਉੱਤੇ ਹੀ ਪੈ ਗਿਆ। ਹਾਕਮ ਤੇ ਉਹਦੀ ਘਰਵਾਲੀ ਵਿਹੜੇ ਵਿਚ ਸਨ। ਬਰਸਾਤ ਤੋਂ ਪਹਿਲਾਂ ਦੀ ਰੁੱਤ ਸੀ। ਦਲਬੀਰ ਘੰਟੇ ਕੁ ਬਾਅਦ ਫੇਰ ਉੱਠਿਆ ਸੀ ਅਤੇ ਰਸੋਈ ਵਿਚ ਆ ਗਿਆ ਸੀ। ਮਾਂ ਨੇ ਅੱਖ ਪੁੱਟੀ, ਸੋਚਿਆ-ਤੇਹ ਲੱਗੀ ਹੋਊਗੀ ਉਹਨੂੰ। ਪਾਣੀ ਪੀਣ ਗਿਆ ਹੈ। ਤੜਕੇ ਉੱਠਕੇ ਉਹ ਦਲਬੀਰ ਨੂੰ ਚਾਹ ਦਾ ਗਿਲਾਸ ਦੇਣ ਗਈ। ਉਹਨੇ ਹਾਂ-ਹੂੰ ਨਹੀਂ ਕੀਤੀ। ਮਾਂ ਨੇ ਉਹਦਾ ਮੋਢਾ ਫੜ ਕੇ ਝੰਜੋੜਿਆ। ਪਰ ਉਹ ਤਾਂ ਪੱਥਰ ਬਣਿਆ ਪਿਆ ਸੀ। ਉਹਨੇ ਹਾਕਮ ਨੂੰ ਹਾਕ ਮਾਰੀ। ਹਾਕਮ ਖਿਝਿਆ ਜਿਹਾ ਬੈਠਕ ਵਿਚ ਆ ਗਿਆ। ਆਖ ਰਿਹਾ ਸੀ, ''ਹਾਂ, ਦੱਸ ਕੀਹ ਐ?''

''ਮੈਨੂੰ ਤਾਂ ਕੁਸ ਹੋਰ ਈ ਲਗਦੈ। ਇਹਨੂੰ ਬਿਠਾ ਕੇ ਤਾਂ ਦੇਖ।'' ਦਲਬੀਰ ਦੀ ਮਾਂ ਕੰਬ ਰਹੀ ਸੀ। ਉਹਦੀ ਬਾਂਹ ਫੜ ਕੇ ਹਾਕਮ ਨੇ ਦਲਬੀਰ ਨੂੰ ਬੈਠਾ ਕਰਨਾ ਚਾਹਿਆ। ਪਰ ਉਹ ਤਾਂ ਲੱਕੜ ਬਣਿਆ ਪਿਆ ਸੀ। ਹਾਕਮ ਦਾ ਸਾਰਾ ਗੁੱਸਾ ਪਾਣੀ ਪਾਣੀ ਹੋ ਗਿਆ। ਦੋਵਾਂ ਨੇ ਉੱਚੀ ਉੱਚੀ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਗੁਆਂਢੀ ਇਕੱਠੇ ਹੋ ਗਏ। ਦਲਬੀਰ ਦੀ ਲਾਸ਼ ਨੂੰ ਥੱਲੇ ਫਰਸ਼ ਉੱਤੇ ਉਤਾਰ ਲਿਆ ਗਿਆ। ਹਾਕਮ ਆਲਾ ਸਿੰਘ ਵਾਲੇ ਸਭ ਸਰਦਾਰ ਗੜ੍ਹੀਆਂ ਦੇ ਦੁਖ ਸੁਖ ਵਿਚ ਸ਼ਾਮਲ ਹੁੰਦਾ ਸੀ। ਸਰਦਾਰਗੜ੍ਹ ਵਾਲੇ ਘਰ ਆਪਣੇ ਪਿੰਡ ਆਉਂਦੇ ਜਾਂਦੇ ਰਹਿੰਦੇ। ਜਦੋਂ ਉਹਨਾ ਦੇ ਕਿਸੇ ਮੁੰਡੇ ਕੁੜੀ ਦਾ ਵਿਆਹ ਹੁੰਦਾ ਤਾਂ ਉਹ ਪਿੰਡ ਆ ਕੇ ਸੱਦਾ-ਪੱਤਰ ਦੇ ਕੇ ਜਾਂਦੇ। ਹਾਕਮ ਸਿੰਘ ਦਾ ਨਾਂ ਇਹਨਾਂ ਸੱਦਾ-ਪੱਤਰਾਂ ਵਿਚ ਜ਼ਰੂਰ ਸ਼ਾਮਲ ਹੁੰਦਾ। ਕਿਸੇ ਦੇ ਮਰਗ ਹੁੰਦੀ, ਫੇਰ ਤਾਂ ਲੋਕ ਆਪਣੇ ਆਪ ਭੋਗ ਉੱਤੇ ਜਾਂਦੇ। ਪਹਿਲਾਂ ਵੀ ਕਿਸੇ ਦਿਨ ਅਫਸੋਸ ਕਰਕੇ ਆਉਂਦੇ। ਹਾਕਮ ਕਦੇ ਨਹੀਂ ਖੁੰਝਦਾ ਸੀ। ਹੁਣ ਜਦੋਂ ਉਹਦੇ ਆਪਣੇ ਮੁੰਡੇ ਦਾ ਇਹ ਭਾਣਾ ਹੋ ਗਿਆ ਤਾਂ ਸ਼ਹਿਰੋਂ ਸਭ ਸਰਦਾਰਗੜ੍ਹੀਏ ਉਹਦੇ ਘਰ ਗੋਡਾ ਨਿਵਾ ਕੇ ਗਏ। ਭੋਗ ਵਾਲੇ ਦਿਨ ਸਭ ਆਏ। ਉਹ ਕਾਰਾਂ, ਮੋਟਰਸਾਈਕਲ ਤੇ ਸਕੂਟਰਾਂ 'ਤੇ ਆਏ ਸਨ। ਘੁੱਕਰ ਰਾਮਦਾਸੀਏ ਦਾ ਮੁੰਡਾ ਕਿਰਪਾਲ ਆਪਣੀ ਕਾਰ ਲੈ ਕੇ ਆਇਆ। ਉਹਦੇ ਨਾਲ ਉਹਦੀ ਕਾਰ ਵਿਚ ਹੋਰ ਬੰਦੇ ਵੀ ਸਨ। ਦਲਬੀਰ ਉਹਦਾ ਜਮਾਤੀ ਸੀ। ਕੁੰਢਾ ਸਿੰਘ ਮਿਸਤਰੀ ਦੇ ਦੋਵੇਂ ਮੁੰਡੇ ਚੰਦ ਅਤੇ ਹਰੀ ਆਪਣੇ ਆਪਣੇ ਮੋਟਰਸਾਈਕਲ 'ਤੇ ਆਏ ਸਨ। ਚੰਦ ਆਪਣੀ ਮਾਂ ਜੈਕੁਰ

Scanned by CamScanner

ਨੂੰ ਵੀ ਨਾਲ ਬਿਠਾ ਲਿਆਇਆ ਸੀ। ਤਰਸੇਮ ਮਾਸਟਰ ਅਤੇ ਉਹਦਾ ਮੁੰਡਾ ਸੁਰੇਸ਼ ਵੀ ਕਾਰ 'ਤੇ ਆਏ। ਸੀਤੋ ਵੀ ਨਾਲ ਸੀ। ਦੁਰਗਾ ਮੱਲ ਆੜ੍ਹਤੀਆ ਅਤੇ ਦੇਬਾ ਬਾਣੀਆ ਜੀਪ ਵਿਚ ਆਏ ਸਨ। ਇਹ ਦੇਬੇ ਦੀ ਜੀਪ ਸੀ ਜਿਸਨੂੰ ਉਹਦਾ ਡਰਾਈਵਰ ਚਲਾ ਰਿਹਾ ਸੀ। ਦੇਬੇ ਦੀ ਬਾਂਹ ਵਿਚ ਸੋਨੇ ਦਾ ਕੜ੍ਹਾ ਸੀ, ਖੱਬੇ ਹੱਥ ਦੀ ਉਂਗਲ ਵਿਚ ਮੋਟੀ ਸਾਰੀ ਛਾਪ। ਉਹਦਾ ਸਰੀਰ ਪੂਰਾ ਭਰਿਆ ਹੋਇਆ ਸੀ। ਕੁੜਤੇ-ਪਜਾਮੇ ਵਿਚ ਲਗਦਾ ਜਿਵੇਂ ਕੋਈ ਪਹਿਲਵਾਨ ਹੋਵੇ। ਐਡੀਆਂ ਐਡੀਆਂ ਮੋਟੀਆਂ ਅੱਖਾਂ ਜਿਵੇਂ ਟਰੱਕ ਦਾ ਡਰਾਈਵਰ ਜਿਹਾ। ਆਸਾ ਸੂੰ ਦਰਜੀ ਦਾ ਪੋਤਾ ਨੀਲਮ ਆਪਣੇ ਬਾਪ ਕਰਤਾਰ ਸਿੰਘ ਨੂੰ ਨਾਲ ਲੈ ਕੇ ਕਾਰ ਵਿਚ ਆਇਆ ਸੀ। ਦਲਬੀਰ ਦੇ ਭੋਗ ਉੱਤੇ ਲੋਕਾਂ ਦਾ ਪੂਰਾ ਇਕੱਠ ਸੀ। ਹਾਕਮ ਦੇ ਸਭ ਰਿਸ਼ਤੇਦਾਰ ਅਤੇ ਹੋਰਾਂ ਪਿੰਡਾਂ ਦੇ ਲੋਕ ਵੀ ਸਨ। ਸਰਦਾਰਗੜ੍ਹ ਦੇ ਲੋਕ ਹੈਰਾਨ ਸਨ ਕਿ ਇਹ ਐਨੇ ਬੰਦੇ ਅਤੇ ਬੁੜ੍ਹੀਆਂ ਕਿੱਧਰੋਂ ਆਈ ਜਾ ਰਹੇ ਸਨ। ਪੱਤੀ ਦੇ ਲੋਕ ਤਾਂ ਇਹਨਾਂ ਨੂੰ ਜਾਣਦੇ ਹੀ ਨਹੀਂ ਸਨ। ਪਹਿਲਾਂ ਕਦੇ ਦੇਖਿਆ ਹੀ ਨਹੀਂ ਸੀ। ਉਹ ਗੁਰੂ ਗਰੰਥ ਸਾਹਿਬ ਨੂੰ ਆਕੇ ਮੱਥਾ ਟੇਕਦੇ ਅਤੇ ਦਲਬੀਰ ਦੀ ਫੋਟੋ ਵਲ ਝਾਕ ਦੇ ਚਿਹਰਾ ਉਦਾਸ ਕਰ ਲੈਂਦੇ। ਪਿੰਡ ਦੇ ਲੋਕ ਇਹਨਾਂ ਅਣਜਾਣ ਚਿਹਰਿਆਂ ਵਲ ਗਹੁ ਨਾਲ ਦੇਖਦੇ ਸਨ।

''ਕੌਣ ਹੋਇਆ ਇਹ ਬੰਦਾ?''

''ਕੋਈ ਪਤਾ ਨ੍ਹੀ ਲਗਦਾ।''

''ਓਏ ਭਾਈ, ਹਾਕਮ ਸੂੰ ਆਪ ਜਦੋਂ ਸਭ ਦੇ ਜਾਂਦੈ, ਇਹਨਾਂ ਨੇ ਆਉਣਾ ਹੀ ਹੋਇਆ। ਹੋਣੈ ਕੋਈ ਹਾਕਮ ਦਾ ਸਿਆਣੂ ਗਿਆਣੂ।''

ਭੋਗ ਤੋਂ ਬਾਅਦ ਸ਼ਰਧਾਂਜਲੀ ਸਮਾਗਮ ਵੀ ਹੋਇਆ। ਇਲਾਕੇ ਦੇ ਨਿੱਕੇ-ਮੋਟੇ ਸਿਆਸੀ ਲੀਡਰਾਂ ਨੇ ਸ਼ਰਧਾਂਜਲੀ ਭੇਟ ਕੀਤੀ। ਭਾਸ਼ਣ ਵਿਚ ਉਹਨਾਂ ਦੀ ਆਪਣੀ ਪਾਰਟੀ ਦੀ ਰਾਜਨੀਤੀ ਦਾ ਰੰਗ ਬਹੁਤਾ ਹੁੰਦਾ। ਪਿੰਡ ਦਾ ਸਰਪੰਚ ਵੀ ਬੋਲਿਆ ਸੀ ਜਿਸ ਨੇ ਹਾਕਮ ਦੀ ਭਲਮਾਣਸੀ ਦੀਆਂ ਗੱਲਾਂ ਕੀਤੀਆਂ। ਰੱਬ ਉੱਤੇ ਗਿਲਾ ਕੀਤਾ ਜੀਹਨੇ ਇਹੋ ਜਿਹੇ ਇਮਾਨਦਾਰ ਬੰਦੇ ਨੂੰ ਵੀ ਨਹੀਂ ਬਖਸ਼ਿਆ। ਇਕ ਕਿਸਾਨ ਆਗੂ ਨੇ ਪਿੰਡਾਂ ਦੇ ਅਰਥਚਾਰੇ ਬਾਰੇ ਖੋਲ੍ਹਕੇ ਦੱਸਿਆ। ਉਹਦਾ ਸ਼ਿਕਵਾ ਸੀ ਕਿ ਜੱਟਾਂ ਦਾ ਜੀਵਨ ਕਿੰਨਾ ਨਿਘਰ ਗਿਆ, ਨਿਰਾਸ਼ ਕਿਸਾਨੀ ਮੌਤ ਦੇ ਮੂੰਹ ਜਾ ਰਹੀ ਹੈ ਅਤੇ ਦੇਸ਼ ਦੀ ਕਿਸੇ ਪਾਰਟੀ ਦਾ ਏਧਰ ਧਿਆਨ ਨਹੀਂ। ਵੋਟਾਂ ਦਾ ਰਾਜ ਹੈ। ਨੌਜਵਾਨ ਦਲਬੀਰ ਦੀ ਮੌਤ ਭਰਿਸ਼ਟ ਹੋਏ ਸਿਸਟਮ ਦਾ ਨਤੀਜਾ ਹੈ। ਮਾਸਟਰ ਤਰਸੇਮ ਨਾਲ ਅਤੇ ਘੁੱਕਰ ਰਾਮਦਾਸੀਏ ਦੇ ਮੁੰਡੇ ਕਿਰਪਾਲ ਨੇ ਵੀ ਕੁਝ ਸ਼ਬਦ ਆਖੇ। ਕਿਰਪਾਲ ਬੋਲ ਰਿਹਾ ਸੀ ਤਾਂ ਪਿੰਡ ਦੇ ਲੋਕ ਅੱਖਾਂ ਵਿਚ ਹੀ ਮੁਸਕਰਾ ਰਹੇ ਸਨ। ਭੋਗ ਤੋਂ ਬਾਅਦ ਸਭ ਚਲੇ ਗਏ ਤਾਂ ਦੁੱਲੇ ਕੀ ਪੱਤੀ ਵਿਚ ਹਥਾਈ ਦੀ ਚੌਕੜੀ ਉੱਤੇ ਗੱਲਾਂ ਹੋਣ ਲੱਗੀਆਂ।

Scanned by CamScanner

''ਕਿਉਂ ਬਈ, ਇਹ ਆਪਣੇ ਪਿੰਡ ਆਲੇ ਭੋਗ 'ਤੇ ਆਏ ਸੀ ਜਾਂ ਆਵਦੀਆਂ ਕਾਰਾਂ ਦਿਖਾਉਣ ਆਏ ਸੀ।?''

''ਕਾਰਾਂ ਈ ਦਿਖਾਉਣ ਆਏ ਸੀ, ਹੋਰ ਕੀ।''

''ਓਏ ਭਾਈ, ਅਗਲੇ ਨੇ ਕਮਾਈਆਂ ਕੀਤੀਆਂ ਨੇ, ਕੋਈ ਚੋਰੀ ਦੀ ਕਾਰ ਤਾਂ ਨ੍ਹੀ ਲੈ ਕੇ ਆਇਆ।''

''ਇਹ ਜਾਰ ਨਿੱਕੀ-ਸੁੱਕੀ ਜਾਤ ਈ ਜੱਟਾਂ ਤੋਂ ਅੱਗੇ ਲੰਘੀ ਫਿਰਦੀ ਐ। ਇਹਨਾਂ ਦੇ ਮਕਾਨ ਦੇਖੀਂ ਆਲਾ ਸਿਓਂ ਆਲੇ ਜਾ ਕੇ, ਮਾਰ ਫੜ ਕੇ ਮਹਿਲ ਉਸਾਰੇ ਪਏ ਐ। ਵਧੀਆ ਖਾਂਦੇ ਪੀਂਦੇ ਐ। ਆਪਾਂ ਓਹੀ ਨੰਗ ਭੁੱਖ ਨਾਲ ਘੁਲਦੇ ਆਂ, ਕਰਜਾਈ ਹੋਏ ਬੈਠੇ ਆਂ। ਬੈਕਾਂ ਦੇ ਕਰਜਾਈ ਆਪਾਂ, ਆੜ੍ਹਤੀਆਂ ਦੇ ਕਰਜਾਈ ਆਪਾਂ। ਆਪਣੀ ਤਾਂ ਕੁੱਸ ਨੀ ਜੂਨ ਭਾਈ।''

''ਓਏ ਭਾਈ, ਮੋਦਨ ਸਿਆਂ, ਗੱਲ ਸਮਝਣ ਆਲੀ ਐ। ਆਪਾਂ ਜਿਹੜੇ ਜੱਟ ਆਂ, ਆਪਾਂ ਨੂੰ ਹੈਂਕੜ ਐ ਬਈ ਅਸੀਂ ਜ਼ਮੀਨਾਂ ਆਲੇ ਆਂ। ਘਰਾਂ ਦੇ ਖਰਚੇ ਵਧਾ ਲੇ। ਓਧਰ ਖੇਤੀ ਦੇ ਖਰਚੇ ਅੱਡ ਵਧਗੇ। ਫੇਰ ਮਸ਼ੀਨਾਂ ਆ ਗੀਆਂ। ਆਹ ਭਈਏ ਆ 'ਗੇ। ਜੱਟ ਪੱਲੇ ਹੈਂਕੜ ਈ ਹੈਂਕੜ ਰਹਿ ਗੀ।''

''ਪਰ ਇਹ ਨਿੱਕੀ-ਸੁੱਕੀ ਜਾਤ?''

''ਇਹਨਾਂ ਨੇ ਆਵਦਾ ਕੰਮ ਨ੍ਹੀ ਛੱਡਿਆ। ਪਿੰਡ ਛੱਡਗੇ। ਓਥੇ ਜਾ ਕੇ ਚੜ੍ਹਾਈ ਹੋਗੀ ਇਹਨਾਂ ਦੀ। ਦਿਨ ਰਾਤ ਕਰੀਂ ਜਾਂਦੇ ਐ, ਟਿਕਦੇ ਨ੍ਹੀ ਏਹੇ। ਕਮਾਈਆਂ ਦਾ ਮੁੱਲ ਪੈਂਦਾ ਈ ਐ ਫੇਰ ਦੇਖ ਲੈ।''

''ਆਪਣੀਆਂ ਸੇਪੀਆਂ ਕਰਦੇ ਹੁੰਦੇ ਏਹੇ। ਹੁਣ ਆਪਣੇ ਉੱਤੋਂ ਦੀ ਹੋਏ ਫਿਰਦੇ ਐ।''

''ਓਏ ਉਹ ਪ੍ਰੈਸਿਨੀ ਬਾਮ੍ਹਣੀ, ਆਪਣੇ ਘਰਾਂ ਤੋਂ ਰੋਟੀਆਂ ਲਿਜਾਂਦੀ ਹੁੰਦੀ। ਉਹਦਾ ਪੋਤਾ ਸੁਰੇਸ਼ ਕਹਿੰਦੇ ਓਥੇ ਜਾ ਕੇ ਪੈਸਿਆਂ 'ਚ ਖੇਡਦੈ। ਤੀਹ ਮ੍ਹੈਸਾਂ ਨੇ, ਪਤਾ ਨ੍ਹੀ ਚਾਲੀ ਮ੍ਹੈਸਾਂ ਨੇ ਉਹਦੇ ਕੋਲ।''

''ਉਹਦਾ ਪਿਓ ਤਰਸੇਮ ਮਾਸਟਰ ਐ ਨਾ, ਉਹਦੀ ਕਚਹਿਰੀਆਂ 'ਚ ਬੜੀ ਚਲਦੀ ਐ। ਕੁੱਲ ਅਫਸਰ ਜਾਣਦੈ ਉਹਨੂੰ। ਮੈਨੂੰ ਇਕ ਅਹੁਟਾ ਜ੍ਹਾ ਪੈ ਗਿਆ ਸੀ। ਤਰਸੇਮ ਨੇ ਖਹਿੜਾ ਛੁਡਾਇਆ।''

''ਐਂ ਤਾਂ ਪਿੰਡ ਦਾ ਮੋਹ ਰਖਦੇ ਨੇ।''

''ਦੇਖ ਲੈ, ਕਿੰਨੇ ਬੰਦੇ ਆਏ ਹਾਕਮ ਦੇ ਮੁੰਡੇ ਦੇ ਭੋਗ 'ਤੇ।''

****

Scanned by CamScanner

ਉਹ ਸੱਤ ਸਨ। ਪਾਰੋ ਨੇ ਛੇਤੀ-ਛੇਤੀ ਗੱਲ ਮੁਕਾਉਣੀ ਚਾਹੀ। ਸਾਰਿਆਂ ਦੀ ਉਮਰਾਂ ਦੱਸ ਕੇ ਉਹਨਾਂ ਦਾ ਇਕੱਲੀ ਇਕੱਲੀ ਦਾ ਮੁੱਲ ਦੱਸਿਆ। ਪਰ੍ਹੇ ਲਿਜਾ ਕੇ ਇਹ ਵਿਸ਼ਵਾਸ ਵੀ ਦਿੱਤਾ ਕਿ ਇਹ ਵਸੂਗੀ। ਜੇ ਕੋਈਂ ਗੱਲ ਹੋ ਜਾਵੇ ਤਾਂ ਮੈਂ ਜਿੰਮੇਵਾਰ ਆਂ। ਇਹ ਮਾੜੀਆਂ ਕੁੜੀਆਂ ਨਹੀਂ। ਇਹਨਾਂ ਨੂੰ ਤਾਂ ਬੱਸ ਰੋਟੀ ਕੱਪੜਾ ਚਾਹੀਦੈ।

ਮ੍ਰਿੰਦਰ ਨੂੰ ਸਾਰੀਆਂ ਹੀ ਸੋਹਣੀਆਂ ਲੱਗੀਆਂ। ਸਭ ਦਾ ਰੰਗ ਸਾਂਵਲਾ ਅਤੇ ਅੱਖਾਂ ਮੋਟੀਆਂ-ਮੋਟੀਆਂ। ਸਿਰਾਂ ਦੇ ਵਾਲ ਲੰਬੇ-ਲੰਬੇ। ਪਾਰੋ ਨੇ ਸਭ ਤੋਂ ਵੱਡੀ ਦੀ ਉਮਰ ਚੌਂਤੀ-ਪੈਂਤੀ ਸਾਲ ਦੱਸੀ। ਉਹਦਾ ਮੁੱਲ ਪੰਦਰਾ ਹਜ਼ਾਰ ਸੀ। ਦੋ ਕੁੜੀਆਂ ਅਠਾਈ-ਅਠਾਈ, ਤੀਹ-ਤੀਹ ਸਾਲਾਂ ਦੀਆਂ ਸਨ। ਪਾਰੋ ਨੇ ਦੱਸਿਆ ਕਿ ਇਹਨਾਂ ਦਾ ਸੌਦਾ ਹੋ ਚੁੱਕਿਆ ਹੈ। ਵੀਹ-ਵੀਹ ਹਜ਼ਾਰ ਵਿਚ। ਉਹ ਪੰਜ-ਪੰਜ ਹਜ਼ਾਰ ਰੁਪਿਆ ਬਿਆਨਾ ਫੜਾ ਗਏ ਹਨ। ਬਾਕੀ ਰਕਮ ਦੇ ਕੇ ਇਹ ਪਰਸੋਂ ਨੂੰ ਚਲੀਆਂ ਜਾਣਗੀਆਂ। ਉਹ ਕਹਿੰਦੀ, ‘‘ਹੁਣੇ ਗਏ ਨੇ। ਇਕੋ ਪਿੰਡ ਦੇ ਸੀ।’’ ਦੋ ਕੁੜੀਆਂ ਚੌਵੀ-ਚੌਵੀ, ਪੱਚੀ-ਪੱਚੀ ਸਾਲਾਂ ਦੀਆਂ ਸਨ। ਉਹ ਪੱਚੀ-ਪੱਚੀ ਹਜ਼ਾਰ ਵਿਚ ਜਾਣਗੀਆਂ। ਅਠਾਈ-ਤੀਹ ਸਾਲ ਵਾਲੀਆਂ ਦੋਵੇਂ ਕੁੜੀਆਂ ਪਾਰੋ ਨੇ ਤੁਰਤ ਹੀ ਰਸੋਈ ਵਿਚ ਭੇਜ ਦਿੱਤੀਆਂ ਅਤੇ ਆਪਣੀ ਭਾਸ਼ਾ ਵਿਚ ਉਹਨਾਂ ਨੂੰ ਸਮਝਾਇਆ ਕਿ ਚਾਹ ਬਣਾ ਲੈਣ ਸਾਰਿਆਂ ਵਾਸਤੇ .....

ਇਸੇ ਨਾਵਲ ਵਿਚੋਂ

Scanned by CamScanner